# ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਦੀ ਆਖਰੀ ਕਥਾ ਦਾ ਸਮਾਜਸ਼ਾਸਤਰੀ ਅਧਿਐਨ

(Baljinder Nasrali dae novel, veehvi sadi di akhri katha da samaaj-shastri adhyan)

**Mamta Rani**

**M.A. Student**

**Reg. No. 11510892**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ**

**ਦੇ**

**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**

**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**

**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**

**2017**

## ਘੋਸ਼ਣਾ-ਪੱਤਰ

ਮੈਂ ਮਮਤਾ ਰਾਣੀ ਇਹ ਬਿਆਨ ਕਰਦੀ ਹਾਂ ਕਿ **'ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਦੀ ਆਖਰੀ ਕਥਾ ਦਾ ਸਮਾਜ-ਸ਼ਾਸਤਰੀ ਅਧਿਐਨ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾਂ ਚੁੱਕਾ ਹੋਵੇ।

**ਖੋਜਾਰਥਣ**

ਮਮਤਾ ਰਾਣੀ

ਰਜਿ. ਨੰਬਰ-11510892

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਮਮਤਾ ਰਾਣੀ ਨੇ **'ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਦੀ ਆਖਰੀ ਕਥਾ ਦਾ ਸਮਾਜ -ਸ਼ਾਸਤਰੀ ਅਧਿਐਨ'** ਵਿਸ਼ੇ ਉੱਤੇ ਐਮ. ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਹਰਪ੍ਰੀਤ ਸਿੰਘ,**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ

**ਅਧਿਆਈ ਪਹਿਲਾ :-** 1-25

1.1 ਭੂਮਿਕਾ

1.2 ਖੋਜ ਕਾਰਜ ਦਾ ਉਦੇਸ਼

1.3 ਖੋਜ ਕਾਰਜ ਦੀ ਸਾਰਥਿਕਤਾ

1.4 ਪੂਰਵ ਖੋਜ ਕਾਰਜ

1.5 ਖੋਜ ਕਾਰਜ ਦਾ ਖੇਤਰ

1.6 ਖੋਜ ਕਾਰਜ ਦੀਆਂ ਸੰਭਾਵਨਾ

**ਅਧਿਆਈ-ਦੂਜਾ** 26-37

ਪੂੰਜੀਵਾਦ ਅਤੇ ਉਪਭੋਗਤਾਵਾਦ ਦੇ ਸੰਦਰਭ ਵਿੱਚ ਵਿੱਦਿਆ ਦਾ ਵਪਾਰੀਕਰਨ

**ਅਧਿਆਈ-ਤੀਜਾ** 38-51

ਨਾਵਲ ਵਿੱਚ ਪੇਸ਼ ਕਿਸਾਨੀ ਸੰਕਟ ਦਾ ਦੁਖਾਂਤ

**ਅਧਿਆਈ-ਚੌਥਾ** 52-64

ਰਾਜਸੀ ਤੇ ਪੁਲਿਸ ਪ੍ਰਬੰਧਾਂ ਦੇ ਸੰਦਰਭ ਵਿੱਚ ਪੰਜਾਬ ਸੰਕਟ ਦਾ ਵਿਸ਼ਲੇਸ਼ਣ

**ਅਧਿਆਈ-ਪੰਜਵਾਂ** 65-77

ਰਿਸ਼ਤਿਆਂ ਵਿੱਚ ਵੱਧ ਰਿਹਾ ਤਨਾਅ ਤੇ ਉਪਜ ਰਹੇ ਗੈਰ ਮਨੁੱਖੀ ਰਿਸ਼ਤੇ

**ਸਾਰ ਅਤੇ ਸਥਾਪਨਾਵਾਂ** 78-83

**ਸਹਾਇਕ ਪੁਸਤਕ ਸੂਚੀ** 84-85

## ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਸਦੀ ਦੀ ਆਖਰੀ ਕਥਾ ਦਾ ਸਮਾਜ-ਸ਼ਾਸਤਰੀ ਅਧਿਐਨ

ਬਲਜਿੰਦਰ ਨਸਰਾਲੀ ਦਾ ਨਾਵਲ 'ਵੀਹਵੀਂ ਸਦੀ ਦੀ ਆਖਰੀ ਕਥਾ ' ਪੰਜਾਬ ਦੇ ਇਤਿਹਾਸ ਵਿੱਚ ਵਾਪਰੀ ਉਨ੍ਹਾਂ ਸਮੱਸਿਆਵਾਂ ਜਾਂ ਸੰਕਟਾਂ ਨੂੰ ਆਪਣੀ ਰਚਨਾ ਆਧਾਰ ਬਣਾਉਂਦਾ ਹੈ, ਜਿਸਨੇ ਕਿ 9 ਵੇਂ ਦਹਾਕੇ ਦੇ ਪੰਜਾਬ ਵਿੱਚ ਪੇਸ਼ ਹੋਏ ਹਰ ਪੱਖ ਨੂੰ ਸ਼ਾਮਲ ਕੀਤਾ ਸੀ। ਇਸ ਵਿੱਚ ਦਿਖਾਇਆ ਗਿਆ ਕਿ ਉਸ ਸਮੇਂ ਦੀਆਂ ਜੜ੍ਹਾਂ ਹਰੀ ਕ੍ਰਾਂਤੀ ਨਾਲ ਹੋ ਰਹੇ ਲਾਭ ਤੇ ਕਿਸਾਨਾਂ ਉੱਪਰ ਸੱਤਾ, ਅਤੇ ਮੱਧ ਤੇ ਹੇਠਾ ਵਰਗ ਵਿੱਚ ਕਿਸਾਨਾਂ ਵਿੱਚ ਵੱਧ ਰਹੀ ਨਿਰਾਸ਼ਾ ਨੂੰ ਪੇਸ਼ ਕੀਤਾ ਹੈ। ਇਹ ਮਸਲਾ ਇੰਨ੍ਹਾ ਸਧਾਰਨ ਵੀ ਨਹੀਂ ਜਾਪਦਾ ਸੀ ਤੇ ਲੀਡਰਾਂ ਨੇ ਇੰਨ੍ਹਾਂ ਸਰਲ ਰਹਿਣ ਵੀ ਨਹੀਂ ਦਿੱਤਾਂ ਸੀ, ਤੇ ਜਿਸ ਕਾਰਨ ਇਸ ਨੂੰ ਪੇਸ਼ ਕਰਨਾ ਵੀ ਖੁਦ ਇੱਕ ਸਮੱਸਿਆਂ ਬਣ ਗਈ ਸੀ। ਉਸ ਸਮੇਂ ਪੰਜਾਬ ਵਿਚਲੇ ਕਈ ਪੰਜਾਬੀਆਂ ਦੇ ਦਰਦ ਨੂੰ ਆਪਣੀ ਕਵਿਤਾ ਦੁਆਰਾ ਆਵਾਜ਼ ਦੇ ਰਹੇ ਸਨ, ਅਤੇ ਦੂਸਰੇ ਪਾਸੇ ਨਾਵਲਕਾਰ ਆਪਣੀਆਂ ਰਚਨਾਵਾਂ ਦੁਆਰਾ ਪੇਸ਼ ਕਰਨ ਦਾ ਯਤਨ ਕਰ ਰਹੇ ਸਨ। ਉਸ ਸਮੇਂ ਰਾਜਸੀ ਪਾਰਟੀਆਂ ਨੇ ਆਪਣੀਆਂ ਕਠੋਰ ਧਾਰਨਾਵਾਂ ਬਣਾ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਗਿਆ ਸੀ, ਪ੍ਰੰਤੂ ਇਹ ਨਾਵਲ ਦੀਆਂ ਵਲਗਣਾ ਦੀ ਉਲੰਘਣਾ ਕਰ ਰਿਹਾ ਸੀ, ਕਿਉਂਕਿ ਉਸ ਸਮੇਂ ਹਰ ਵਿਅਕਤੀ, ਵਸਤੂ ਤੇ ਹਰ ਚੀਜ਼ ਉੱਪਰ ਕਬਜ਼ਾ ਸੀ ਤਾਂ ਜਿਸ ਕਾਰਨ ਕਿ ਨਾਵਲ ਵੀ ਨਹੀਂ ਬਚਿਆ, ਜਿਸ ਕਾਰਨ ਕਿ ਸਾਹਿਕਾਰ ਦੀ ਚੇਤਨਾ ਉੱਪਰ ਸੰਕਟ ਭਾਰੂ ਸੀ, ਤੇ ਉਹ ਕੁੱਝ ਵੀ ਲਿਖ ਨਹੀਂ ਪਾ ਰਹੇ ਸਨ। ਇਸ ਲਈ ਓਸ ਸਮੇਂ ਪੰਜਾਬੀ ਨਾਵਲ ਕੇਵਲ ਰਾਜਸੀ ਘਟਨਾਵਾਂ ਦੀ ਪੱਤਰਕਾਰੀ ਅਤੇ ਸਮੇਂ-ਸਮੇਂ ਤੇ ਬਦਲ ਰਹੀਆਂ ਤੇ ਸਮੁੱਚੀਆਂ ਵਿਚਾਰਧਰਾਵਾਂ ਕੇਵਲ ਬਹਿਸਾਂ ਦਾ ਹੀ ਹਿੱਸਾ ਬਣ ਕਿ ਰਹਿ ਗਈਆ। ਇਸ ਨਾਵਲ ਵਿੱਚ ਨਾਵਲਕਾਰ ਦੀ ਭਵਿੱਖ ਦ੍ਰਿਸ਼ਟੀ ਦਾ ਅੰਦਾਜ਼ਾ ਲਗਾਇਆਂ ਜਾਂ ਸਕਦਾ ਹੈ।

ਇਸ ਨਾਵਲ ਦਾ ਮੁੱਖ ਵਿਸ਼ਾ ਸੰਕਟ ਦੇ ਆਲ੍ਹੇ-ਦੁਆਲੇ ਪੰਜਾਬ ਦੀ ਸਥਿਤੀ ਨੂੰ ਪੇਸ਼ ਕਰਦਾ ਹੈ ਤੇ ਇਸਦੀ ਪੇਸ਼ਕਾਰੀ ਯੁਕਤਬੰਦੀ ਵੱਲ ਇਸ਼ਾਰਾ ਕਰਦੀ ਹੈ। ਇਹ ਨਾਵਲ ਜਿਸਮਾਂ ਦੇ ਕਹਿਰ ਵਿੱਚ ਕੈਦ ਨੌਜਵਾਨ ਵਰਗ ਨੂੰ ਪੇਸ਼ ਕਰਦਾ ਹੈ, ਤੇ ਜਿਸ ਨੂੰ ਨਾਵਲਕਾਰ ਅਪਨਾਉਣ ਯੋਗ ਨਹੀਂ ਸਮਝਦਾ। ਪੰਜਾਬ ਦੇ ਸੰਕਟ ਦੀ ਜੋ ਗੱਲ ਸਾਡੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਅਲੱਗ-ਅਲੱਗ ਪ੍ਰਕਾਰ ਦੇ ਸੰਕਟ ਆਰਥਕ, ਸਮਾਜਕ, ਰਾਜਨੀਤਕ, ਮਨੋਕਾਮੁਕ, ਹਿੰਸਾ, ਜਿਸਮਾਂ ਦੇ ਜਾਲ ਵਿੱਚ ਫਸੇ, ਉਪਭੋਗਤਾਵਾਦ ਤੇ ਹਥਿਆਰ ਆਦਿ ਦਾ ਸਿੱਟਾ ਹਨ। ਚਿੰਨ੍ਹਤ ਤੇ ਚੇਤਨਾ ਕਾਰਨ ਜਿਸ ਤਰ੍ਹਾਂ ਦਾ ਸਮਾਜ ਬਣਦਾ ਹੈ, ਅਸੀਂ ਉਸੇ ਹੀ ਪ੍ਰਕਾਰ ਦੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਹੇ ਹਾਂ। ਨਾਵਲ ਵਿੱਚ ਕਾਮੁਕ ਵਿਵਹਾਰ ਨੂੰ ਮੁੱਖ ਸਾਧਨ ਵਜੋਂ ਪ੍ਰਯੋਗ ਕੀਤਾ ਗਿਆ ਹੈ। ਨਾਵਲ ਵਿੱਚ ਕੁੱਝ ਇਸ ਤਰਾਂ ਦੀਆਂ ਘਟਨਾਵਾਂ ਵੀ ਮਿਲਦੀਆਂ ਹਨ, ਜੋ ਨਾਵਲ ਦੀ ਰਚਨਾ ਵਿੱਚ ਸਵਾਲ, ਗੁੰਝਲਾਂ, ਤੇ ਸ਼ੰਕੇ ਪੈਦਾ ਕਰਦੀਆਂ ਹਨ। ਇਸਤੋਂ ਇਲਾਵਾ ਨਾਵਲ ਵਿੱਚ ਨੌਜਵਾਨ ਪੀੜ੍ਹੀ ਵਿੱਚ ਕਾਮੁਕਤਾ ਦੀ ਗੱਲ ਕੀਤੀ ਗਈ ਹੈ।

ਸਾਹਿਤ ਸਮਾਜ ਦਾ ਸ਼ੀਸਾ ਹੁੰਦਾ ਹੈ । ਸਾਹਿਤ ਵਿੱਚ ਸਾਡੇ ਜੀਵਨ ਦੀਆਂ ਸਾਰੀਆਂ ਸੱਮਸਿਆਵਾਂ ਜਿਵੇਂ ਕਿ ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਆਦਿ ਦੀ ਪੇਸ਼ਕਾਰੀ ਸਾਹਿਤ ਵਿੱਚ ਕੀਤੀ ਗਈ ਹੁੰਦੀ ਹੈ। ਸਾਹਿਤ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ। 'ਸਾ' ਅਤੇ 'ਹਿੱਤ'। 'ਸਾ' ਤੋਂ ਭਾਵ ਕਿ 'ਨਾਲ' ਅਤੇ ਹਿੱਤ ਦਾ ਅਰਥ 'ਪਿਆਰ' ਹੈ। ਇਸ ਤਰ੍ਹਾਂ ਸਾਹਿਤ ਤੋਂ ਭਾਵ ਕਿ ਪਿਆਰ ਤੋਂ ਉਪਜੀ ਹੋਈ ਰਚਨਾ। ਸਾਹਿਤ ਦੀ ਲਿਖਤ ਆਮ ਭਾਸ਼ਾ ਤੋਂ ਅਲਗ ਹੁੰਦੀ ਹੈ। ਸਾਹਿਤ ਵਿੱਚ ਸੁਹਜ ਅਤੇ ਰਚਨਾਤਮਕਤਾ ਤੇ ਕਲਪਨਾ ਸ਼ਾਮਿਲ ਹੁੰਦੀ ਹੈ । ਸਾਹਿਤਕਾਰ ਸਮਾਜ ਵਿੱਚਲੀਆਂ ਘਟਨਾਵਾਂ ਨੂੰ ਬੜ੍ਹੇ ਹੀ ਨਿਵੇਕਲੇ ਢੰਗ ਨਾਲ ਸਾਡੇ ਸਾਹਮਣੇ ਪੇਸ਼ ਕਰਦਾ ਹੈ।

ਸਾਹਿਤਕਾਰ ਜ਼ਿੰਦਗੀ ਦੇ ਯਥਾਰਥ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਦੇ ਪੇਸ਼ ਕਰਦਾ ਹੈ। ਜਿਸ ਨਾਲ ਪਾਠਕ ਨੂੰ ਸੇਧ ਤੇ ਸੁਹਜ ਆਉਂਦੀ ਹੈ, ਤੇ ਪਾਠਕ ਯਥਾਰਥ ਤੋਂ ਜਾਣੂ ਹੁੰਦੇ ਹਨ, ਤੇ ਉਨ੍ਹਾਂ ਨੂੰ ਅਪਣਾਉਦੇ ਹਨ, ਅਤੇ ਆਉਣ ਵਾਲੀਆਂ ਸਮੱਸਿਆਵਾਂ ਤੋਂ ਜਾਗਰੂਕ ਹੁੰਦੇ ਹਨ। ਸਾਹਿਤ ਸਾਨੂੰ ਜਿਉਣ ਦੀ ਜੀਵਨ ਜਾਂਚ ਸਿਖਉਂਦਾ ਹੈ। ਸਾਹਿਤ ਸਾਡੀ ਸੋਚ ਨੂੰ ਉੱਚਾ ਚੁੱਕਦਾ ਹੈ, ਜਿਸ ਨਾਲ ਕਿ ਅਸੀਂ ਹਰ ਚੀਜ਼ ਨੂੰ ਆਲੋਚਨਾਤਮਕ ਢੰਗ ਨਾਲ ਸੋਚਣ ਅਤੇ ਸਮਝਣ ਦੇ ਕਾਬਿਲ ਹੋ ਜਾਂਦੇ ਹਾਂ। ਸਾਹਿਤ ਇੱਕ ਲੰਬੇ ਸਮੇਂ ਦੀ ਦੇਣ ਹੈ, ਅਤੇ ਸਮਾਜ ਦੀਆਂ ਘਟਨਾਵਾਂ ਤੇ ਪ੍ਰਸਥਿਤੀਆਂ ਕਾਰਨ ਇਸ ਵਿੱਚ ਪਰਿਵਰਤਨ ਆਉਂਦੇ ਰਹਿੰਦੇ ਹਨ। ਸਾਹਿਤ ਦੀ ਬੋਲੀ ਦਿਲ ਖਿਚਵੀਂ ਹੁੰਦੀ ਹੈ। ਸਾਹਿਤਕਾਰ ਨੂੰ ਆਪਣੇ ਆਸ-ਪਾਸ ਦੇ ਚੌਗਿਰਦੇ, ਰਹਿਣੀ-ਬਹਿਣੀ ਤੇ ਸਮੇਂ-ਸਮੇਂ ਤੇ ਹਲੂਣੇ ਤੇ ਬਹੁਤ ਸਾਰੀਆਂ ਪ੍ਰੇਰਨਾਵਾਂ ਮਿਲਦੀਆਂ ਰਹਿੰਦੀਆਂ ਹਨ। ਇਸ ਤੋਂ ਹੀ ਪ੍ਰੇਰਿਤ ਹੋ ਕਿ ਸਾਹਿਤਕਾਰ ਆਪਣੇ ਭਾਵਾਂ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਦਾ ਹੈ।

**ਲੌਂਜਾਂਈਨਸ ਅਨੁਸਾਰ :-**

> "ਸਾਹਿਤ ਦਾ ਮੰਤਵ ਵਲਵਲੇ ਦੇ ਵੇਗਾਂ, ਭਾਵਾਂ ਦੀ ਸੂਖਮਤਾ ਤੇ ਸੁਹਜ ਸਿਖਰਾਂ ਦੁਆਰਾ ਪਾਠਕਾਂ ਜਾਂ ਸ੍ਰੋਤਿਆਂ ਦੀ ਅੰਤਰ ਆਤਮਾ ਹਲੂਣ ਕੇ ਉਨ੍ਹਾਂ ਨੂੰ ਧਰਤੀ ਤੋਂ ਉੱਚਾ ਉਠਾ ਕੇ, ਭਾਵਾਂ ਦੇ ਮੰਡਲਾਂ ਵਿਚ ਆਨੰਦ ਤੇ ਆਵੇਸ਼ ਦੀ ਹਾਲਤ ਵਿਚ ਲਿਜਾਂਣਾ ਹੈ।"[1]

**ਮੈਥਿਊ ਆਰਨਲਡ ਅਨੁਸਾਰ :-**

> "ਸਾਹਿਤ ਸੰਸਾਰ ਦੇ ਗਿਆਨ ਤੇ ਵਿਚਾਰਾਂ ਦਾ ਉਤਮ ਸਰੂਪ ਹੈ।"

**ਗੋਰਕੀ ਅਨੁਸਾਰ :-**

> "ਸਾਹਿਤ 'ਦੁਨੀਆਂ ਦਾ ਦਿਲ' ਹੈ।"

**ਪ੍ਰੋ. ਵਿਨਚੈਸਟਰ ਅਨੁਸਾਰ :-**

> "ਸਾਹਿਤ ਉਨ੍ਹਾਂ ਪੁਸਤਕਾਂ ਦਾ ਸੰਗ੍ਰਹਿ ਹੈ। ਜਿਨ੍ਹਾਂ ਦੀ ਰੌਚਕਤਾ ਸਦੀਵੀ ਹੈ, ਤੇ ਪ੍ਰੇਰਨਾ ਸਰਵਜਨਕ ਹੈ।"[2]

**ਵੈਬਸਟਰ ਡਿਕਸ਼ਨਰੀ ਅਨੁਸਾਰ :-**

> "ਸਾਹਿਤ, ਉਨ੍ਹਾਂ ਰਚਨਾਵਾਂ ਨੂੰ ਕਿਹਾ ਜਾਂਦਾ ਹੈ, ਜੋ ਭਾਵਾਂ ਦੇ ਪ੍ਰਕਾਸ਼ ਅਤੇ ਉਚੇਰੀ ਸ਼ੈਲੀ ਦੇ ਕਾਰਨ ਜਾਣੀਆਂ ਹਨ। ਇਨ੍ਹਾਂ ਵਿਚ ਕਾਵਿ, ਨਾਟਕ ਅਤੇ ਗਲਪ ਆਦਿਕ ਰੂਪ ਸ਼ਾਮਲ ਹੁੰਦੇ ਹਨ।"

**ਪ੍ਰਿੰ: ਤੇਜਾਂ ਸਿੰਘ ਦਾ ਵਿਚਾਰ ਹੈ ਕਿ :-**

" ਸਾਹਿਤ ਉਹ ਲਿਖਤ ਹੈ ਜਿਸ ਵਿਚ ਲਿਖਾਰੀ ਦਾ ਮਨ ਕਿਸੇ ਲਹਿਰ ਵਿਚ ਖੇਡੇ,
ਕਿਸੇ ਸੋਹਣੇ ਤਰੰਗ ਵਿਚ ਆ ਕੇ ਉਛਲੇ, ਤੇ ਉਛਾਲੇ।"

ਸਾਹਿਤ ਦਾ ਇਕ ਮਹੱਤਵਪੂਰਨ ਮੰਤਵ ਸਮਾਜ ਵਿੱਚ ਲੁਕੇ ਹੋਏ ਸੱਚ ਦਾ ਪ੍ਰਗਟਾਅ ਕਰਨਾ ਹੈ। ਸਾਹਿਤਕਾਰ ਇੱਕ ਤੀਖਣ ਸੂਝ ਵਾਲਾ ਅਜਿਹਾ ਵਿਸ਼ਿਸਟ ਤੇ ਪ੍ਰਤੀਭਾਸ਼ਾਲੀ ਵਿਅਕਤੀ ਹੁੰਦਾ ਹੈ। ਜਿਸ ਦੀ ਨਜ਼ਰ ਜ਼ਿੰਦਗੀ ਦੇ ਕਈ ਮਖੌਟਿਆਂ ਤੇ ਪਰਦਿਆਂ ਨੂੰ ਪਾੜ ਕੇ ਜ਼ਿੰਦਗੀ ਦੀ ਅਸਲ ਨੀਂਹ ਤੱਕ ਪਹੁੰਚ ਜਾਂਦੀ ਹੈ। ਵਕਤ ਦੀਆਂ ਸਰਕਾਰਾਂ ਜੋ ਸੱਚ ਨੂੰ ਦਬਾਉਂਦੀਆਂ ਹਨ ਤੇ ਸਮਾਜ ਭਾਈਚਾਰਕ ਤੇ ਪ੍ਰੀਵਾਹਿਤ ਹਿੱਤਾ ਲਈ ਜਿਸ ਸੱਚ ਉੱਤੇ ਪਰਦਾ ਪਾਈ ਰੱਖਦੀਆਂ ਹਨ, ਤਾਂ ਸਾਹਿਤਕਾਰ ਬੜੀ ਨਿਡਰਤਾ ਨਾਲ ਅਜਿਹੇ ਸੱਚ ਦਾ ਪ੍ਰਕਾਸ਼ ਕਰਦਾ ਹੈ। ਸਾਹਿਤ ਦਾ ਕਰਤੱਵ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿੱਚ:-

"ਸੱਚ ਕੀ ਬਾਣੀ ਨਾਨਕ ਆਖੇ,
ਸਚ ਸੁਣਾਇਸੀ ਸਚ ਕੀ ਬੇਲਾ।"[3]

**ਫਿਲਿਪ ਸਿੰਡਨੀ ਅਨੁਸਾਰ:-**

"ਕਾਵਿ ਦਾ ਪ੍ਰਯੋਜਨ ਆਨੰਦ ਦਾਇਕ ਸਿਖਿਆ ਪ੍ਰਦਾਨ ਕਰਨਾ ਹੈ।"

ਸਾਹਿਤ ਦਾ ਇੱਕ ਮਹੱਤਵਪੂਰਨ ਪ੍ਰਯੋਜਨ ਉਸਦਾ ਪ੍ਰੇਰਨਾਤਮਕ ਹੋਣਾ ਮੰਨਿਆ ਗਿਆ ਹੈ। ਸਾਹਿਤ ਪੜ੍ਹਨ ਨਾਲ ਪਾਠਕ ਦੀ ਸ਼ਖਸੀਅਤ ਦਾ ਨਵ ਨਿਰਮਾਣ ਹੋ ਜਾਏ, ਓਸਦੀ ਮੱਤ, ਮਨ, ਮਨ ਤੇ ਬੁੱਧੀ ਦੀ ਘਾੜਤ ਘੜੀ ਜਾਂਏ।

**ਪ੍ਰੋ: ਪੂਰਨ ਸਿੰਘ ਕਵਿਤਾਂ ਦੇ ਪ੍ਰੋਯਜਨ ਸੰਬੰਧੀ ਲਿਖਦੇ ਹਨ :-**

"ਰੂਹ ਦੀ ਪਾਲਣਾ ਕਰਦੀ ਹੈ, ਸੁੱਤੀਆਂ ਕਲਾਂ ਜਗਾਉਂਦੀ ਹੈ, ਦਿਲ ਦੇ ਦੀਵੇ ਬਾਲਦੀ ਹੈ
ਤੇ ਸਹਾਰਾ ਦਿੰਦੀ ਹੈ।"

ਸਾਹਿਤ ਦਾ ਇੱਕ ਪ੍ਰੋਯਜਨ ਕੈਥਾਰਸਿਸ ਦਾ ਨਿਕਾਸ ਕਰਨਾ ਹੈ। ਕੈਥਾਰਸਿਸ ਤੋਂ ਭਾਵ ਹੈ, ਕਿ ਇੱਕ ਪ੍ਰਕਾਰ ਦੀ ਆਤਮ ਸ਼ੁੱਧੀ ਕਰਨਾ। ਉਹ ਸਾਹਿਤ ਜਿਸ ਨੂੰ ਪੜ੍ਹ ਕੇ ਪਾਠਕ ਝੰਜੋਇਆਂ ਜਾਂਵੇ, ਤੇ ਇਸ ਤਰ੍ਹਾਂ ਸਾਹਿਤ ਦਾ ਪ੍ਰੋਯਜਨ ਭਿਅੰਕਰ ਤੇ ਡਰਾਉਣੇ ਭਾਵਾਂ ਤੇ ਦ੍ਰਿਸ਼ਾਂ ਦਾ ਪ੍ਰਦਰਸ਼ਣ ਕਰਕੇ ਪਾਠਕਾਂ ਤੇ ਦਰਸ਼ਕਾਂ ਨੂੰ ਉਨ੍ਹਾਂ ਸਥਿਤੀਆਂ ਤੇ ਅਵਸਥਾਵਾਂ ਤੋਂ ਮੁਕਤ ਕਰਾਉਂਦਾ ਹੈ, ਤੇ ਸਾਹਿਤ ਤਰਸ ਤੇ

ਡਰ ਨੂੰ ਚਿਤਰ ਕੇ ਆਪਣੇ ਪਾਠਕਾਂ ਨੂੰ ਅਤੀ ਦੁਖਦਾਇਕ ਅਵਸਥਾ ਵਿੱਚ ਲੰਘਾ ਕੇ ਉਹ ਪਾਠਕਾਂ ਦੇ ਨਿੱਜੀ ਦੁੱਖ ਨੂੰ ਘਟਾ ਵੀ ਰਿਹਾ ਹੁੰਦਾ ਹੈ ਤੇ ਵਧਾ ਵੀ ਰਿਹਾ ਹੈ । ਇਸਦੀ ਸਮਾਜਕ ਉਪਯੋਗਤਾ ਵੀ ਹੈ । ਸਾਹਿਤ ਦੇ ਮਾਧਿਅਮ ਰਾਹੀ ਵਿਅਕਤੀ ਦੇ ਕਿੰਨੇ ਹੀ ਦੁੱਖ ਉਸਦੇ ਮੰਨ ਤੋਂ ਲੰਘ ਜਾਣ ਤੋਂ ਬਾਅਦ ਮਾ ਨਸਿਕ ਸੰਤੁਲਨ ਪ੍ਰਾਪਤ ਕਰ ਲੈਂਦਾ ਹੈ । ਕੈਥਾਰਸਿਸ ਨੂੰ ਅੰਗ੍ਰੇਜ਼ੀ ਵਿੱਚ 'retruce' ਕਿਹਾ ਜਾਂਦਾ ਹੈ ਅਤੇ ਪੰਜਾਬੀ ਵਿੱਚ ਇਸਦਾ ਸਮਾਨ ਆਰਥਕ ਸ਼ਬਦ 'ਵਾਧੂ ਵਲਵਲਿਆਂ ਦਾ ਨਿਕਾਸ'। ਲੌਂਜਾਂਈਨਸ ਅਨੁਸਾਰ ਕਾਵਿ-ਕਲਾ ਪਦਾਰਥਾਂ ਦਾ ਪ੍ਰਤੀਬਿੰਬ ਪੇਸ਼ ਨਹੀਂ ਕਰਦੀ, ਬਲਕਿ ਬਿੰਬ ਪੇਸ਼ ਕਰਦੀ ਹੈ।

**ਰੌਸ਼ਨ ਲਾਲ ਅਹੂਜਾਂ ਦੇ ਅਨੁਸਾਰ :-**

> "ਵਿਦਵਾਨਾਂ ਤੇ ਸਾਊ ਇਸਤਰੀਆਂ, ਪੁਰਸ਼ਾਂ ਲਈ ਸਾਹਿਤ ਦਾ ਸੇਵਨ ਇੱਕ ਪ੍ਰਕਾਰ ਦੀ ਮਾਨਸਿਕ ਖ਼ੁਰਾਕ ਹੈ। ਜਿਸ ਤੋਂ ਬਿਨ੍ਹਾਂ ਉਨ੍ਹਾਂ ਲਈ ਸਾਹਿਤ ਕੇਵਲ ਮਨ ਦਾ ਪ੍ਰਚਾਵਾ ਹੀ ਨਹੀਂ, ਆਤਮਾ ਦੀ ਵੀ ਲੋੜ ਹੈ। ਕੇਵਲ ਵਕਤ ਕੱਟੀ ਦਾ ਸਾਧਨ ਹੀ ਨਹੀਂ, ਦੈਨਿਕ ਜੀਵਨ ਦੀ ਅਵਸ਼ਕ ਮੰਗ ਵੀ ਹੈ।"[4]

ਸਾਹਿਤ ਤੇ ਸਮਾਜ ਦਾ ਆਪਸ ਵਿੱਚ ਬਹੁਤ ਗੂੜ੍ਹਾ ਸੰਬੰਧ ਹੈ। ਮਨੁੱਖ ਸਮਾਜ ਵਿੱਚ ਰਹਿੰਦਾ ਹੈ ਅਤੇ ਉਹ ਸਮਾਜ ਤੋਂ ਹੀ ਰਹਿਣਾ-ਬਹਿਣਾ, ਬੋਲਣਾ ਸਿੱਖਦਾ ਹੈ। ਜਿਸ ਕਾਰਨ ਕਿ ਸਾਹਿਤਕਾਰ ਵੀ ਸਮਾਜ ਨਾਲ ਹੀ ਜੁੜਿਆ ਹੁੰਦਾ ਹੈ , ਇੱਕ ਸਾਹਿਤਕਾਰ ਦੇ ਨਿਰਮਾਣ ਵਿੱਚ ਸਮਾਜ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ । ਸਾਹਿਤਕਾਰ ਸਮਾਜ ਵਿੱਚੋਂ ਹੀ ਵਿਸ਼ੇ ਸਮੱਗਰੀ, ਘਟਨਾਵਾਂ ਸਮਾਜ ਤੋਂ ਹੀ ਪ੍ਰਾਪਤ ਕਰਦਾ ਹੈ। ਸਾਹਿਤਕਾਰ ਸਮਾਜ ਦੀਆਂ ਬੁਰਾਈਆਂ ਨੂੰ ਦੂਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਮਾਜ ਵਿੱਚ ਇੱਕ ਦੂਜੇ ਦੀ ਨਿਰਭਰਤਾ ਨੇ ਮਨੁੱਖ ਨੂੰ ਆਪਸੀ ਸੰਬੰਧਾਂ ਤੇ ਰਿਸ਼ਤਿਆਂ ਵਿੱਚ ਬੰਨ੍ਹ ਦਿੱਤਾ । ਅੱਜ ਦੇ ਸਮੇਂ ਵਿੱਚ ਮਨੁੱਖ ਦੀ ਹੋਂਦ ਕਲਪਨਾ ਬਿੰਨ੍ਹਾਂ ਸੰਭਵ ਨਹੀਂ ਹੈ। ਅੱਜ ਦੇ ਦੌਰ ਵਿੱਚ ਮਨੁੱਖ ਦੀ ਹਰ ਲੋੜ ਸਮਾਜ ਪੂਰੀ ਵੀ ਕਰਦਾ ਹੈ , ਤੇ ਸਮੇਂ ਅਨੁਸਾਰ ਉਸ ਵਿੱਚ ਪਰਿਵਰਤਨ ਵੀ ਕਰਦਾ ਹੈ । ਜਿਸ ਕਾਰਨ ਕਿ ਮਨੁੱਖ ਨੇ ਆਪਣੀ ਗੱਲ ਇੱਕ ਦੂਸਰੇ ਤੱਕ ਪਹੁੰਚਣ ਲਈ ਭਾਸ਼ਾਂ ਨੂੰ ਮਾਧਿਅਮ ਬਣਾਇਆਂ। ਸਾਹਿਤ ਅਤੇ ਸਮਾਜ ਦਾ ਸੰਬੰਧ ਅਨਿੱਖੜਵਾਂ ਹੈ। ਸਾਹਿਤ ਸਮਾਜ ਦਾ ਸ਼ੀਸਾਂ ਹੈ । ਸਮਾਜ ਵਿੱਚ ਜੋ ਵਾਪਰਦਾ ਹੈ , ਸਾਹਿਤਕਾਰ ਉਸ ਨੂੰ ਕਲਪਨਾ ਵਿੱਚ ਜੋੜ ਕੇ ਸਾਡੇ-ਸਾਹਮਣੇ ਪੇਸ਼ ਕਰਦਾ ਹੈ। ਸਾਹਿਤਕਾਰ ਨੂੰ ਸਾਹਿਤ ਲਿਖਣ ਲਈ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ ਤੇ ਇਹ ਭਾਸ਼ਾ ਤਦ ਹੀ ਬਣਦੀ ਹੈ ਜੇ ਸਮਾਜ ਹੈ, ਸਮਾਜ ਤੋਂ ਬਿੰਨ੍ਹਾਂ ਭਾਸ਼ਾਂ ਹੋਂਦ ਵਿੱਚ ਨਹੀਂ ਆ ਸਕਦੀ। ਜਿਸ ਕਾਰਨ ਕਿ ਸਾਹਿਤ ਸਮਾਜ ਦਾ ਅਭਾਰੀ ਹੈ। ਸਹਿਤਕਾਰ ਸਾਹਿਤ ਰਚਨਾ ਲਈ ਕੱਚੀ ਸਮਗੱਰੀ ਸਮਾਜ ਵਿੱਚੋਂ ਹੀ ਪ੍ਰਾਪਤ ਕਰਦਾ ਹੈ। ਸਾਹਿਤਕਾਰ ਮਨੁੱਖ ਦੇ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਹੀ ਵਿਸ਼ੇ ਚੁਣਦਾ ਹੈ ਤੇ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਜਿਸ ਤਰ੍ਹਾਂ ਦੇ ਮਨੁੱਖੀ ਰਿਸ਼ਤੇ ਹੋਣਗੇ, ਉਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਸਾਹਿਤਕਾਰ ਸਮਾਜ ਵਿੱਚ ਬਿਖਰੇ ਵਿਚਾਰਾਂ ਨੂੰ ਇੱਕਠੇ ਕਰਕੇ ਸਾਡੇ ਸਾਹਮਣੇ ਪੇਸ਼ ਕਰਦਾ ਹੈ । ਜਿਵੇਂ ਕਿ ਅਸੀਂ ਦੇਖ ਸਕਦੇ ਹਾਂ ਕਿ ਭਾਰਤ ਵਿੱਚ ਪ੍ਰਸਿੱਧ ਗ੍ਰੰਥ ਰਮਾਇਣ ਤੇ ਮਹਾਭਾਰਤ ਭਾਰਤੀ ਜੀਵਨ ਨੂੰ ਪ੍ਰਚਾਰਦੇ ਹਨ। ਸਗੋਂ ਦ੍ਰਿੜ੍ਹ ਕਰਾਉਦੇ ਹਨ। ਸ਼ੇਖ ਫਰੀਦ ਜੀ ਕਹਿੰਦੇ ਹਨ:-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ।।

ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ।।5

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਨੇ ਵਹਿਮਾ ਭਰਮਾ ਵਿੱਚ ਫਸੇ, ਤੇ ਔਰਤ ਜਾਂਤੀ ਨਾਲ ਜੋ ਵਿਵਹਾਰ ਹੋ ਰਿਹਾ ਹੈ ਸਮਾਜ ਵਿੱਚ ਆਈ ਇਸਦੀ ਤਸਵੀਰ ਪੇਸ਼ ਕੀਤੀ ਹੈ:-

ਕਲਿ ਕਾਤੀ ਰਾਜੇ ਕਸਾਈ ਧਰਮ ਪੰਖਿ ਕਰਿ ਉਡਰਿਆ।।

ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।।

ਹਉ ਭਾਲਿ ਵਿਕੁੰਨੀ ਹੋਈ।।ਆਧੇਰੈ ਰਾਹ ਨਹੀਂ ਕੋਈ।।

ਸਾਹਿਤਕਾਰ ਦੀ ਹਮਦਰਦੀ ਉਸ ਸਿਤਾਰ ਵਰਗੀ ਹੁੰਦੀ ਹੈ ਜਿਹੜੀ ਹਵਾ ਦੇ ਚੱਲਣ ਤੇ ਤੁਣਕਦੀ ਹੈ:-

ਕਾਂਟਾ ਲਗ ਕਿਸੀ ਕੇ, ਤੜਪਤੇ ਹੈ ਹਮ, ਐ ਮੀਰ।

ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ।।

ਸਮਾਜ ਵਿੱਚ ਹਮੇਸ਼ਾ ਗਤੀਸ਼ੀਲਤਾ ਹੈ , ਜਿਸ ਕਾਰਨ ਕਿ ਸਾਹਿਤ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ । ਸਾਹਿਤ ਸਿਰਫ ਲਹਿਰਾਂ ਦਾ ਹੀ ਨਹੀਂ ਇਹ ਸਮਾਜ, ਰਾਜਨੀਤਕ ਤੇ ਧਾਰਮਕ ਲਹਿਰਾਂ ਦਾ ਵੀ ਆਗੂ ਬਣ ਸਕਦੇ ਹਾਂ।

ਮੱਧਕਾਲੀ ਕਵਿਤਾ ਵਿੱਚ ਅਸੀਂ ਸ਼ਬਦ, ਸਲੋਕ, ਬਾਰਾਮਾਹ, ਸਿਠੱਣੀਆਂ, ਅਲਾਹੁਣੀਆਂ, ਪਾਉੜੀਆਂ ਸ਼ਾਮਿਲ ਕਰਦੇ ਹਾ। ਅਤੇ ਆਧੁਨਿਕ ਕਵਿਤਾ ਵਿੱਚ ਅਸੀਂ ਗੀਤ, ਗਜ਼ਲ, ਰੁਬਾਈ, ਨਜ਼ਮ, ਖੁੱਲ੍ਹੀ ਕਵਿਤਾ ਪ੍ਰਗੀਤ ਆਦਿ ਸ਼ਾਮਲ ਕਰਦੇ ਹਾਂ। ਵਾਰਤਕ ਨੂੰ ਵੀ ਅਸੀਂ ਦੋ ਰੂਪਾਂ ਵਿੱਚ ਵੰਡ ਸਕਦਾ ਹਾਂ , ਮੱਧਕਾਲੀ ਅਤੇ ਆਧੁਨਿਕ। ਮੱਧਕਾਲੀ ਵਿੱਚ ਅਸੀਂ ਜਨਮਸਾਖੀਆਂ, ਸਾਖੀਆਂ, ਹੁਕਮਨਾਮੇ, ਰਹਿਤਨਾਮੇ, ਨਾਮਾ ਸਾਹਿਤ, ਟੀਕੇ, ਗੋਸ਼ਟ, ਹਾਜ਼ਰਨਾਮਾ, ਅਨੁਵਾਦ ਪ੍ਰੰਪਰਾ, ਮਹਾਤਮ, ਉਥਾਨਕਾਵਾਂ ਆਦਿ। ਆਧੁਨਿਕ ਵਾਰਤਕ ਦੇ ਰੂਪਾਂ ਵਿੱਚ ਅਸੀਂ ਸਵੈ-ਜੀਵਨੀ, ਜੀਵਨੀ, ਲੇਖ, ਨਿਬੰਧ, ਡਾਇਰੀ, ਨਾਵਲ, ਨਾਵਲਿਟ, ਸਫਰਨਾਮਾਂ, ਨਿਬੰਧ, ਰੇਖਾ-ਚਿੱਤਰ, ਯਾਦਾਂ, ਸੰਸਮਰਣ, ਨਿੱਕੀ ਕਹਾਣੀ।

ਗਲਪ ਜੀਵਨ ਦਾ ਇਨ-ਬਿਨ ਪ੍ਰਗਟਾਅ ਨਹੀਂ ਹੈ, ਸਗੋਂ ਜੀਵਨ ਦਾ ਸਿਰਜਨਾਤਮਕ ਪ੍ਰਗਟਾਅ ਹੈ। ਇਸਦਾ ਮਤਲਬ ਇਹ ਹੈ ਕਿ ਗਲਪ ਆਪਣੇ ਰਚਨਹਾਰ ਦੀ ਬੌਧਿਕਤਾ ਅਤੇ ਸ਼ਖਸੀ ਪ੍ਰਤਿਭਾ ਦੀ ਭੱਠੀ ਵਿੱਚੋਂ ਕੁੰਦਨ ਜਾਂ ਵਧੀਆ ਬਣਕੇ ਨਿਕਲਿਆਂ ਹੋਇਆਂ ਜੀਵਨ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਗਲਪ ਨਿਰੋਲ ਸੱਚ ਹੋਵੇ, ਸਗੋ ਇਹ ਕਲਪਿਤ ਸੱਚ ਹੁੰਦਾ ਹੈ। ਗਲਪ ਜੀਵਨ ਦਾ ਸੱਚ ਘੱਟ ਸਾਹਿਤ ਅਥਵਾ ਕਲਾ ਦਾ ਸੱਚ ਵਧੇਰੇ ਹੁੰਦਾ ਹੈ। ਦਰਅਸਲ ਜਦੋਂ ਗੱਪ ਵੀ ਜ਼ਿੰਦਗੀ ਦੀ ਅਸਲੀਅਤ ਵਰਗੀ ਪ੍ਰਤੀਤ ਹੋਵੇ ਤਾਂ ਇਹ ਗਲਪ ਬਣ ਜਾਂਦੀ ਹੈ। ਜ਼ਿੰਦਗੀ ਦੀ ਕਲਪਨਾ ਘਟਨਾ ਜੋ ਵਾਸਤਵਿਕਤਾ ਵਰਗੀ ਜਾਂਪਦੀ ਹੈ, ਉਸ ਨੂੰ ਗਲਪਕਾਰਾ ਨੇ ਯਥਾਰਥ ਕਿਹਾ ਹੈ। ਇਸ ਲਈ ਕਈ ਵਾਰੀ ਗਲਪ ਨੂੰ ਜੀਵਨ ਮਈ ਗੱਪ ਵੀ ਆਖ ਦਿੱਤਾ ਜਾਂਦਾ ਹੈ। ਇਸ ਲਈ ਗਲਪ ਨੂੰ ਕਲਪਨਾ ਪ੍ਰਧਾਨ ਵਾਰਤਕ ਕਹਿੰਦੇ ਹਨ। ਗਲਪ ਨੂੰ ਅੰਗਰੇਜ਼ੀ ਵਿੱਚ 'fiction' ਕਿਹਾ ਜਾਂਦਾ ਹੈ। ਇਸ ਵਿੱਚ ਗਲਪਕਾਰ ਦੁਆਰਾ ਕਲਪਨਾ ਨੂੰ ਕਥਾ ਵਿੱਚ ਢਾਲ

ਕੇ ਪੇਸ਼ ਕੀਤਾ ਗਿਆ ਹੁੰਦਾ ਹੈ। ਇਸ ਵਿੱਚ ਅਸੀਂ ਨਾਵਲ ਤੇ ਕਹਾਣੀ ਸ਼ਾਮਲ ਕਰਦੇ ਹਾਂ। ਗਲਪ ਦੇ ਉਲਟ ਗੈਰ -ਗਲਪ ਹੈ, ਇਸ ਵਿੱਚ ਬਿਰਤਾਂਤ ਨੂੰ ਪ੍ਰਗਟ ਕਰਨ ਲਈ ਅਸਲੀ ਤੱਥਾਂ ਨੂੰ ਆਧਾਰ ਬਣਾਇਆਂ ਜਾਂਦਾ ਹੈ। ਗਲਪ ਦਾ ਆਰੰਭ ਅਸੀਂ ਮਨੱਖ ਦੀ ਜਗਿਆਸਾ ਤੋਂ ਮੰਨਦੇ ਹਾਂ। ਪੁਰਾਤਨ ਮਨੁੱਖ ਨੂੰ ਆਪਣੀ ਭੁੱਖ ਮਿਟਾਉਣ ਲਈ ਜੰਗਲਾਂ ਵਿੱਚ ਜਾਂ ਕਿ ਪ੍ਰਕਿਰਤੀ ਨਾਲ ਨਜਿੱਠਣਾ ਪੈਦਾ ਸੀ। ਗਲਪ ਦਾ ਅੰਸ਼ ਸਾਨੂੰ ਬਾਤਾਂ, ਕਥਾਵਾਂ ਜਦੋਂ ਲਿਖਤੀ ਰੂਪ ਵਿੱਚ ਆ ਗਏ ਤਾਂ ਸਾਨੂੰ ਇਸਦੇ ਅੰਸ਼ ਵੀ ਮਿਲਣੇ ਸ਼ੁਰੂ ਹੋ ਗਏ। ਗਲਪ ਸਮਾਜ ਵਿੱਚ ਬਿਖਰੀ ਹੋਈ ਸਮਗੱਰੀ ਦੀ ਤਰਤੀਬੱਧ ਪੇਸ਼ਕਾਰੀ ਹੈ । ਗਲਪ ਦਾ ਜਨਮ ਭਾਵੇਂ ਹੀ ਜ਼ਿੰਦਗੀ ਦੀ ਅਸਲੀ ਘਟਨਾ ਤੇ ਅਧਾਰਿਤ ਹੁੰਦਾ ਹੈ, ਪ੍ਰੰਤੂ ਇਹ ਜੀਵਨ ਨੂੰ ਉਵੇਂ ਹੀ ਪੂਰੀ ਤਰ੍ਹਾਂ ਪੇਸ਼ ਨਹੀਂ ਕਰਦਾ, ਬਲਕਿ ਇਸ ਵਿੱਚ ਘਟਨਾਵਾਂ ਨੂੰ ਤਰੋੜ -ਮੋੜ ਕੇ ਕਲਪਨਾ ਦੁਆਰਾ ਪੇਸ਼ ਕੀਤਾ ਜਾਂਦਾ ਹੈ।

**ਪ੍ਰੋ: ਗੁਰਦਿਆਲ ਸਿੰਘ ਫੁੱਲ ਅਨੁਸਾਰ :-**

"ਇਹ ਜੀਵਨ ਦਾ ਇੰਨ੍ਹ-ਬਿੰਨ ਪ੍ਰਗਟਾਅ ਨਹੀਂ ਹੈ, ਸਗੋਂ ਜੀਵਨ ਦਾ ਸਿਰਜਨਾਤਮਕ ਪ੍ਰਗਟਾਅ ਹੈ।"

"ਇੱਕ ਲੇਖਕ ਦੀ ਦੂਰ ਦ੍ਰਿਸ਼ਟੀ ਬੜੀ ਤੇਜ਼ ਹੁੰਦੀ ਹੈ, ਜਿਹੜੀ ਦੂਰੋ ਹੀ ਕਿਸੇ ਨੂੰ ਦੇਖਣ, ਪਰਖਣ ਅਤੇ ਆਲੋਚਨਾ ਕਰਨ ਦੀ ਸਮਰੱਥਾ ਰੱਖਦੀ ਹੈ।"

ਗਲਪ ਨੂੰ ਅਸੀਂ ਦੋ ਰੂਪਾਂ ਵਿੱਚ ਵੰਡ ਸਕਦੇ ਹਾਂ ਨਾਵਲ ਅਤੇ ਕਹਾਣੀ । ਨਾਵਲ ਇਤਾਲਵੀ ਭਾਸ਼ਾ ਦੇ ਸ਼ਬਦ ਨੋਵਿਲਾ ਤੋਂ ਬਣਿਆਂ ਹੈ। ਅਤੇ ਅੰਗਰੇਜ਼ੀ ਵਿੱਚ ਇਸਨੂੰ 'nouns' ਭਾਵ ਕਿ ਨਵਾਂ ਤੇ ਅਨੋਖਾ ਵੀ ਕਹਿੰਦੇ ਹਨ ਅਤੇ ਹਿੰਦੀ ਵਿੱਚ ਇਸਨੂੰ 'ਉਪਨਿਆਸ' ਕਹਿੰਦੇ ਹਨ। ਨਾਵਲ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਸਾਡੇ ਕੋਲ ਆਇਆ। ਜਿਵੇਂ-ਜਿਵੇਂ ਅੰਗਰੇਜ਼ਾਂ ਦਾ ਭਾਰਤ ਵਿੱਚ ਆਉਣਾ ਜਾਣਾ ਵੱਧਦਾ ਗਿਆ ਉਵੇਂ ਹੀ ਵੱਖ-ਵੱਖ ਭਾਸ਼ਾਵਾਂ ਦਾ ਨਿਰਮਾਣ ਹੋਇਆ ਤੇ ਸਭ ਤੋਂ ਪਹਿਲਾ ਬੰਗਾਲੀ ਭਾਸ਼ਾਂ ਆਈ, ਉਸ ਤੋਂ ਬਾਅਦ ਵਿੱਚ ਹੋਰ ਭਾਸ਼ਾਵਾਂ ਦੀ ਉੱਤਪਤੀ ਹੋਈ। ਜਿਸ ਕਾਰਨ ਕਿ ਨਾਵਲ ਦੀ ਉੱਤਪੱਤੀ ਵੱਧਦੀ ਗਈ। ਨਾਵਲ ਵਿੱਚ ਇੱਕ ਵੱਡੀ ਕਥਾ ਹੁੰਦੀ ਹੈ, ਇਸ ਪ੍ਰਕਾਰ ਦੀਆਂ ਕਹਾਣੀਆਂ ਪੁਰਾਣੇ ਮਹਾਕਾਵਿ ਵਿੱਚ ਜਿਵੇਂ ਕਿ ਰਮਾਇਣ ਤੇ ਮਹਾਭਾਰਤ, ਕਿੱਸੇ, ਕਥਾਵਾਂ ਆਦਿ ਵਿੱਚ ਵੀ ਮਿਲ ਜਾਂਦੀਆਂ ਹਨ। ਪ੍ਰੰਤੂ ਅਸੀਂ ਇੰਨ੍ਹਾਂ ਨੂੰ ਨਾਵਲ ਦਾ ਦਰਜਾਂ ਨਹੀਂ ਦੇ ਸਕਦੇ। ਪੰਜਾਬੀ ਨਾਵਲ ਉੱਤੇ ਉਰਦੂ, ਬੰਗਾਲੀ, ਹਿੰਦੀ ਆਦਿ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਤੇ ਜਿਸ ਕਾਰਨ ਇਹ ਕਈ ਪੜਾਵਾਂ ਵਿੱਚੋਂ ਦੀ ਗੁਜ਼ਰਿਆਂ ਹੈ, ਜਿਸ ਕਾਰਨ ਕੀ ਇਸ ਵਿੱਚ ਸਾਨੂੰ ਇਤਿਹਾਸਕ, ਰੁਮਾਟਿਕ, ਧਾਰਮਿਕ, ਸੁਧਾਰਵਾਦ, ਸਮਾਜ-ਸੁਧਾਰ ਤੇ ਯਥਾਰਥਾਵਾਦ ਵਰਗੇ ਪੜਾਅ ਮਹੱਤਵਪੂਰਨ ਹਨ।

'novella' ਸ਼ਬਦ ਤੋਂ ਸਾਨੂੰ ਇਹ ਗੱਲ ਸੱਪਸ਼ਟ ਹੋ ਜਾਂਦੀ ਹੈ ਕਿ ਇਸ ਵਿੱਚ ਜ਼ਿੰਦਗੀ ਦੀ ਕਹਾਣੀ ਨੂੰ ਸਮਕਾਲੀ ਸਮਾਜ ਵਿੱਚ ਨਵੇਂ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਸਦਾ ਮਤਲਬ ਇਹ ਹੋਇਆ ਕਿ ਨਾਵਲ ਵਿੱਚ ਨਵੀਨਤਾ ਦਾ ਹੋਣਾ ਜ਼ਰੂਰੀ ਹੈ। ਡਾ: ਪ੍ਰਤਾਪ ਨਰਾਇਣ ਟੰਡਨ ਨੇ ਕਿਹਾ ਹੈ ਕਿ 'ਉਪਨਿਆਸ' ਸ਼ਬਦ ਸੰਸਕ੍ਰਿਤ ਭਾਸ਼ਾਂ ਦਾ ਹੈ। ਪ੍ਰੰਤੂ ਉਨ੍ਹਾਂ ਕਿਹਾ ਕਿ 'ਨਾਵਲ' ਤੋਂ ਇਲਾਵਾ

ਸਾਨੂੰ ਇਸਦੇ ਹੋਰ ਵੀ ਅਰਥ ਮਿਲ ਜਾਂਦੇ ਹਨ। ਇਸਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਉਪਨਿਆਸ ਇਸ ਤਰ੍ਹਾਂ ਦੀ ਪੂਰੀ ਜ਼ਿੰਦਗੀ ਦੀ ਲੰਬੀ ਕਹਾਣੀ ਨੂੰ ਘਟਨਾਵਾਂ, ਸਥਾਨਾ ਤੇ ਨਾਵਾਂ ਆਦਿ ਦੀ ਮਦਦ ਯੋਗ ਭਾਸ਼ਾ ਵਿੱਚ ਬਿਆਨ ਕੀਤਾ ਗਿਆ ਹੋਵੇ।

ਨਾਵਲ, ਨਾਵਲ ਦੇ ਕੰਮ ਤੇ ਨਾਵਲ ਦੀਆਂ ਘਟਨਾਵਾਂ ਇਹ ਸਭ ਕੁੱਝ ਜ਼ਿੰਦਗੀ ਦੇ ਅਸਲੀ ਭੁਲੇਖੇ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ। ਨਾਵਲ ਲਿਖਣ ਲਈ ਲੇਖਕ ਨੂੰ ਆਸ -ਪਾਸ ਦੀਆਂ ਘਟਨਾਵਾਂ, ਉਸਦੇ ਆਸ-ਪਾਸ ਕੀ ਵਾਪਰਦਾ ਹੈ, ਉਸਦੀ ਚੰਗੀ ਸਮਝ ਹੋਣੀ ਚਾਹੀਦੀ ਹੇ । ਸਮਾਜ ਵਿੱਚ ਆਰਥਿਕ ਤਬਦੀਲੀਆਂ ਕਰਕੇ ਜਾਂ ਫਿਰ ਪੂੰਜੀਵਾਦ ਦੌਰ ਹੋਣ ਕਰਕੇ ਤਬਦੀਲੀਆਂ ਆਉਂਦੀਆਂ ਹਨ। ਸਭ ਤੋਂ ਪਹਿਲਾ ਸਾਖੀਆਂ ਪ੍ਰਾਪਤ ਸਨ। ਜਿਸ ਨੂੰ ਅਸੀਂ ਇਤਿਹਾਸ ਦਾ ਮੁੱਢਲਾ ਪੜਾਅ ਮੰਨ ਲੈਂਦੇ ਹਾਂ। ਪੂੰਜੀਵਾਦ ਦਾ ਦੌਰ ਅੰਗਰੇਜ਼ੀ ਰਾਜ ਦੇ ਆਉਣ ਨਾਲ ਸ਼ੁਰੂ ਹੋਇਆਂ। 19ਵੀਂ ਸਦੀ ਦੇ ਅੱਧ ਦੇ ਵਿੱਚ ਪੰਜਾਬੀ ਨਾਵਲ ਦੀ ਸ਼ੁਰੂਆਤ ਮੰਨੀ ਜਾਂਦੀ ਹੈ। 1849 ਦੇ ਵਿੱਚ ਉਨ੍ਹਾਂ ਨੇ ਪੱਛਮ ਦੀ ਵਿੱਦਿਆਂ ਸ਼ੁਰੂ ਕੀਤੀ ਅਤੇ ਇਸਾਈ ਮਿਸ਼ਨਰੀਆਂ ਨੂੰ ਆਧਾਰ ਬਣਾਇਆਂ। ਬਹੁਤ ਸਾਰੇ ਵਿਦਵਾਨਾ ਨੇ ਆਪਣੀਆਂ ਇਸ ਸੰਬੰਧੀ ਪ੍ਰੀਭਾਸ਼ਾਵਾਂ ਦਿੱਤੀਆ ਹਨ, ਜਿੰਨ੍ਹਾ ਨੂੰ ਅਸੀਂ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ:-

**ਪੱਛਮੀ ਵਿਦਵਾਨ ਰਿਚਰਡ ਬਰਟਨ ਅਨੁਸਾਰ :-**

"ਨਾਵਲ ਸਮਕਾਲੀ ਜੀਵਨ ਦਾ ਗੱਦ ਵਿੱਚ ਰਚਿਆਂ ਅਧਿਐਨ ਹੈ।"[6]

**H.G.Wells ਅਨੁਸਾਰ :-**

"ਨਾਵਲ ਇੱਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ, ਜਦੋਂ ਮਨੁੱਖੀ ਦਿਮਾਗ ਖਾਲੀ ਹੋਵੇ ਜਾਂ ਮਨੁੱਖ ਕੋਲ ਕਾਫੀ ਵਿਹਲ ਹੋਵੇ।"[7]

ਪੱਛਮੀ ਵਿਦਵਾਨਾਂ ਤੋਂ ਇਲਾਵਾਂ ਭਾਰਤੀ ਵਿਦਵਾਨਾਂ ਨੇ ਵੀ ਨਾਵਲ ਨੂੰ ਪ੍ਰਭਾਸ਼ਿਤ ਕੀਤਾ ਹੈ:-

**ਡਾ : ਸਵਿੰਦਰ ਸਿੰਘ ਉੱਪਲ ਅਨੁਸਾਰ :-**

"ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ, ਜੀਵਨ, ਫਲਸਫਾ, ਪਾਤਰ, ਗੌਂਦ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿੱਚ ਹੋਣਾ ਜ਼ਰੂਰੀ ਮੰਨਿਆਂ ਜਾਂਦਾ ਹੈ।"

**ਰਾਲਫ ਫਾਕਸ ਦੇ ਸ਼ਬਦਾਂ ਵਿੱਚ :-**

"ਨਾਵਲ ਕਹਾਣੀ ਕਰਨ ਦੀ ਇੱਕ ਮਹਾਨ ਲੋਕ ਕਲਾ ਹੈ ਜਿਸ ਦਾ ਵਿਸ਼ਾ ਸੰਪੂਰਨ ਮਨੁਸ਼ ਚਰਿਤਰ ਹੈ।"

ਜਿਵੇਂ ਕਿ ਉਪਰੋਕਤ ਵਿਚਾਰਾਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਨਾਵਲ ਪੱਛਮੀ ਪ੍ਰਭਾਵਾਂ ਦੇ ਅਧੀਨ ਹੋਂਦ ਵਿੱਚ ਆਇਆ ਹੈ। ਜਿਵੇਂ ਕਿ ਪਹਿਲੋ-ਪਹਿਲ ਜੋ ਘਟਨਾਵਾਂ ਵਾਪਰ ਦੀਆਂ ਸਨ, ਜਿਵੇਂ ਆਰਥਕ ਹਾਲਤ ਨਾਲ ਸੰਬੰਧਿਤ ਜਿਵੇਂ ਕਿ ਆਪਸੀ ਵਿਰੋਧ ਦੀ

ਭਾਵਨਾ ਪ੍ਰਵਾਸੀ ਸਾਹਿਤ ਵਿੱਚ ਸਭ ਤੋਂ ਪਹਿਲਾ ਕਾਵਿ ਰੂਪ ਹੋਂਦ ਵਿੱਚ ਆਇਆਂ। ਉਸਤੋਂ ਬਾਅਦ ਵਿੱਚ ਡਰਾਮਾ , ਨਾਵਲ, ਕਹਾਣੀ ਆਦਿ। ਜਦੋ ਮਨੁੱਖ ਦੀ ਸੋਚ ਉੱਚ ਪੱਧਰ ਤੇ ਪਹੁੰਚ ਜਾਂਦੀ ਹੈ ਤਾਂ ਇਹ ਵਿਕਾਸ ਲੋਕਾਂ ਵਿੱਚ ਬੇਚੇਨੀ ਜਿਹੀ ਪੈਦਾ ਕਰ ਦਿੰਦਾ ਹੈ। 18ਵੀਂ ਸਦੀ ਤੇ ਅੱਧ ਤੋਂ ਬਾਅਦ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਵਿੱਚ ਤਕਨੀਕੀ ਯੁੱਧ ਆਇਆਂ। ਜਿਸ ਕਾਰਨ ਪੂੰਜੀਵਾਦ ਦੌਰ ਨਾਲ ਪੂਰੇ ਗਲੋਬਲ ਤੇ ਮੱਧ-ਸ਼ੇਣੀ ਨੇ ਜਨਮ ਲਿਆ। ਇਹ ਲੋਕ ਪੜ੍ਹੇ-ਲਿਖੇ ਹੋਣ ਕਰਕੇ ਕੁੱਝ ਕਰਨ ਦੇ ਚਾਹਵਾਨ ਸਨ। ਇਸ ਦੌਰ ਵਿੱਚ ਪੜ੍ਹੇ -ਲਿਖੇ ਤੇ ਆਪਣੀ ਤਕਦੀਰ ਨੂੰ ਬਦਲਣ ਵਾਲੇ ਲੋਕ ਪੈਦਾ ਹੋਏ । ਜਿਸ ਕਾਰਨ ਕਿ ਉਦਯੋਗੀਕਰਨ ਵਿੱਚ ਵਾਧਾ ਹੋਇਆਂ। 1859 ਵਿੱਚ 'ਡਾਰਵਿਨ' ਨਾ ਦੇ ਮਨੁੱਖ ਨੇ ਮੁੱਨਖ ਦੀ ਸੋਚ ਵਿੱਚ ਤਬਦੀਲੀ ਲੈ ਕੇ ਆਦੀ। ਜਿਸ ਕਾਰਨ ਉਸਨੇ ਰੱਬ ਸੰਬੰਧੀ ਜੋ ਧਾਰਨਾਵਾਂ ਸਨ। ਉਸ ਨੂੰ ਬਦਲਕੇ ਰੱਖ ਦਿੱਤਾ। ਉਸਤੋਂ ਬਾਅਦ ਵਿੱਚ ਮਾਰਕਸ ਆਇਆ ਜਿਸਨੇ ਮਨੁੱਖ ਦੇ ਚੇਤਨਾ ਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਦੱਸਿਆਂ ਕਿ ਜਿੰਨੀ ਵੀ ਬੋਧਿਕ ਤੇ ਰਾਜਨੀਤਕ ਸ਼ੋਰ ਹੈ ਉਹ ਆਰਥਿਕ ਸਥਿਤੀ ਤੇ ਨਿਰਭਰ ਕਰਦੀ ਹੈ। ਉਸਨੇ ਮਨੁੱਖ ਦੀ ਸੋਚ ਨੂੰ ਵਧਾਇਆਂ ਤੇ ਨਵੀਂ ਦਿਸ਼ਾ ਪ੍ਰਦਾਨ ਕੀਤੀ। ਮਾਰਕਸ ਤੋਂ ਬਾਅਦ ਅਸੰਤੋਸ਼ ਤੇ ਸ਼ੱਕੀ ਮਾਹੌਲ ਵਾਲਾ ਭਾਵ ਕਿ ਦਵੰਦਵਾਦ ਮਾਹੌਲ ਪੈਦਾ ਹੋ ਗਿਆਂ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਗਲਪਕਾਰਾਂ ਦਾ ਜੋ ਕਿ ਮੱਧ-ਸ਼ੇਣੀ ਨਾਲ ਸੰਬੰਧਿਤ ਹਨ। ਉਨ੍ਹਾਂ ਦਾ ਵਿਸ਼ਵ ਦੇ ਲੋਕਾਂ ਨਾਲ ਨੇੜੇ ਦੇ ਲੋਕਾਂ ਨਾਲ ਸੰਬੰਧ ਬਣੇ ਤੇ ਜਿਸਦੇ ਕਾਰਨ ਹਰ ਇੱਕ ਨਵੀਂ ਪ੍ਰਵਿਰਤੀ ਨੇ ਗਲਪ ਨੂੰ ਪ੍ਰਭਾਵਿਤ ਕੀਤਾ ਤੇ ਇੱਕਸੁਰਤਾ ਬਣਾ ਦਿੱਤੀ। ਜਿਸ ਕਾਰਨ ਕਿ ਗਲਪ ਸਾਹਿਤ ਦੂਸਰੇ ਦੇਸ਼ਾਂ ਦੀ ਬਰਾਬਰੀ ਵਿੱਚ ਆ ਕਿ ਖੜਾ ਹੋਣ ਦੇ ਕਾਬਿਲ ਹੋ ਗਿਆਂ।

ਨਾਵਲ ਦਾ ਦਾਇਰਾ ਵਿਸ਼ਾਲ ਹੋਣ ਕਰਕੇ ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ । ਇਸ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਪ੍ਰੰਤੂ ਅਸੀਂ ਮੁੱਖ ਰੂਪ ਵਿੱਚ ਇੰਨ੍ਹਾਂ ਨੂੰ ਚਾਰ ਭਾਗਾਂ ਵਿੱਚ ਵੰਡਦੇ ਹਾ, ਇਤਿਹਾਸਕ ਉਪਨਿਆਸ, ਰੁਮਾਂਟਿਕ ਨਾਵਲ, ਯਥਾਰਥਵਾਦੀ ਨਾਵਲ, ਸਮਾਜ ਨਾਲ ਸੰਬੰਧਿਤ ਨਾਵਲ।

ਇੰਨ੍ਹਾ ਚਾਰ ਕਿਸਮਾਂ ਨੂੰ ਹੀ ਅਸੀਂ ਅੱਗੇ ਹੋਰ ਭਾਗਾਂ ਵਿੱਚ ਵੰਡ ਸਕਦੇ ਹਾਂ , ਪ੍ਰਗਤੀਵਾਦੀ ਨਾਵਲ, ਅਤਿ-ਯਥਾਰਥਵਾਦੀ ਨਾਵਲ, ਪ੍ਰਕਿਤੀਵਾਦ ਨਾਵਲ, ਮਨੋਵਿਗਿਆਨਕ ਨਾਵਲ, ਪ੍ਰੋਯਗਾਤਮਕ ਨਾਵਲ, ਰਾਜਨੀਤਕ ਨਾਵਲ, ਵਿਗਿਆਨਕ ਨਾਵਲ, ਲੋਕ-ਕਥਾਤਮਕ ਨਾਵਲ, ਆਂਚਲਿਕ ਨਾਵਲ।

ਪੰਜਾਬੀ ਨਾਵਲ ਦੇ ਇਤਿਹਾਸਕ ਪੜਾਅ ਨੂੰ ਅਸੀਂ ਦੋ ਦ੍ਰਿਸ਼ਟੀਆਂ ਤੋਂ ਵੰਡ ਸਕਦੇ ਹਾਂ। ਪਹਿਲੀ ਵਿਧੀ ਇਹ ਹੈ ਕਿ ਨਾਵਲ ਦੇ ਵਿਕਾਸ ਨੂੰ ਅਸੀਂ ਕਾਲ-ਕ੍ਰਮ ਅਨੁਸਾਰ ਵੰਡ ਸਕਦੇ ਹਾਂ ਅਤੇ ਦੂਜੀ ਵਿਧੀ ਇਹ ਹੈ ਕਿ ਅਸੀਂ ਪੰਜਾਬੀ ਨਾਵਲ ਵਿੱਚ ਪ੍ਰਗਟ ਹੁੰਦੀਆਂ ਵੱਖ-ਵੱਖ ਨਵੀਆਂ ਪ੍ਰਵਿਰਤੀਆਂ ਦੇ ਆਧਾਰ ਤੇ ਇਸਨੂੰ ਦੇਖ ਸਕਦੇ ਹਾਂ। ਇੰਨ੍ਹਾਂ ਦੋਨਾ ਵਿਧੀਆਂ ਵਿੱਚੋਂ ਜੇਕਰ ਅਸੀਂ ਦੇਖੀਏ ਤਾਂ ਦੂਸਰੀ ਵਿਧੀ ਗੁੰਝਲਦਾਰ ਹੈ। ਕਿਉਂਕਿ ਦੂਸਰੀ ਵਿਧੀ ਅਨੁਸਾਰ ਵੰਡ ਕਰਦੇ ਸਮੇਂ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਖੜੀਆਂ ਹੋ ਜਾਂਦੀਆਂ ਹਨ। ਨਾਵਲ ਦੇ ਇਤਿਹਾਸਕ-ਵਿਕਾਸ ਪੜਾਅ ਦੀ ਇੱਕ ਤੀਜੀ ਵਿਧੀ ਵੀ ਹੈ ਕਿ ਨਾਵਕਕਾਰਾਂ ਦੇ ਕਾਲ-ਕ੍ਰਮ ਦੇ ਪੜਾਵਾ ਅਨੁਸਾਰ ਦੇਖ ਲਿਆ ਜਾਵੇ। ਪਰ ਇੰਨ੍ਹਾਂ ਤਿੰਨ੍ਹਾਂ ਵਿੱ ਚ ਮੇਰੇ ਅਨੁਸਾਰ ਪਹਿਲੀ ਵਿਧੀ ਜ਼ਿਆਦਾ ਸਧਾਰਨ ਅਤੇ ਵਿਗਿਆਨ ਹੈ । ਇਸ ਪਹਿਲੀ

ਵਿਧੀ ਅਨੁਸਾਰ ਅਸੀਂ ਇਸਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ, ਆਜ਼ਾਦੀ ਪ੍ਰਾਪਤੀ ਤੋਂ ਪਹਿਲਾ ਤੱਕ ਦਾ ਪੰਜਾਂਬੀ ਨਾਵਲ, ਆਜ਼ਾਦੀ ਪ੍ਰਾਪਤੀ ਤੋਂ ਬਾਅਦ ਦਾ ਪੰਜਾਂਬੀ ਨਾਵਲ, ਨਵੀਂ ਪੀੜ੍ਹੀ ਦਾ ਨਾਵਲ ਅਥਵਾ ਨਵੇਂ ਝੁਕਾਵਾਂ ਵਾਲਾ ਨਾਵਲ।

ਪੰਜਾਬੀ ਵਿੱਚ ਪਹਿਲਾ ਨਾਵਲ ਪਿਲਗ੍ਰਿਮਜ਼ ਪ੍ਰਾਗੈਸ, ਜਾਂਨ ਬੁਨੀਅਨ ਦਾ ਅਨੁਵਾਦ ਯਿਸੂਈ ਮਨੁੱਖ ਦੀ ਯਾਤਰਾ ਹੈ। ਇਹ 1859 ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆਂ ਸੀ ਅਤੇ ਦੂਜਾਂ ਨਾਵਲ 'ਜਯੋਤਿਰੁਦਯ' 1882 ਵਿੱਚ ਆਇਆਂ।

ਪੰਜਾਬੀ ਨਾਵਲ ਦਾ ਆਂਰਭ ਭਾਈ ਵੀਰ ਸਿੰਘ ਜੀ ਦੇ ਨਾਵਲ 'ਸੁੰਦਰੀ' ਨਾਲ ਹੁੰਦਾ ਹੈ। ਇਸਤੋਂ ਬਾਅਦ ਵਿੱਚ ਦੂਜਾਂ ਨਾਵਲ ਸਤਵੰਤ ਕੌਰ ਤੇ ਤੀਜਾਂ ਬਿਜੈ ਸਿੰਘ ਸੀ। ਇੰਨ੍ਹਾਂ ਤਿੰਨ੍ਹਾਂ ਨਾਵਲਾ ਦਾ ਵਿਸ਼ਾ ਧਾਰਮਕ ਸੀ। ਇਹ ਤਿੰਨੋਂ ਨਾਵਲ ਆਦਰਸ਼ਵਾਦੀ ਰੁਮਾਟਿਕ ਤੇ ਸੁਧਾਰਵਾਦੀ ਸਨ। ਭਾਈ ਵੀਰ ਸਿੰਘ ਦੇ ਇਹ ਨਾਵਲ ਪਹਿਲਾ 'ਟ੍ਰੈਕਟਾ' ਵਿੱਚ ਆਏ ਬਾਅਦ ਵਿੱਚ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋਏ। ਪੰਜਾਂਬੀ ਨਾਵਲ ਦਾ ਅਸਲੀ ਦੌਰ 1947 ਤੋਂ ਬਾਅਦ ਵਿੱਚ ਸ਼ੁਰੂ ਹੁੰਦਾ ਹੈ। ਦੇਸ਼ ਦੀ ਆਜ਼ਾਦੀ ਹੋਣ ਨਾਲ ਲੋਕਾਂ ਦੀ ਸੋਚ ਬਦਲੀ, ਪ੍ਰਚਾਰ ਦੇ ਸਾਧਨ ਵੱਧ ਗਏ। ਆਜ਼ਾਦੀ ਤੋਂ ਪਹਿਲਾ ਜਾਂਗੀਰਦਾਰੀ ਪ੍ਰਬੰਧ ਸੀ, ਪ੍ਰੰਤੂ ਆਜ਼ਾਦੀ ਤੋਂ ਬਾਅਦ ਵਿੱਚ ਪੂੰਜੀਵਾਦੀ ਦੌਰ ਆ ਗਿਆਂ। ਇਸ ਨਾਲ ਕੁੱਝ ਵਿਰੋਧਤਾਵਾਂ ਵੀ ਆਈਆਂ। 1957, 1967, 1977 ਤੇ 1987 ਇੰਨ੍ਹਾਂ ਚਾਰ ਦਹਾਕਿਆ ਵਿੱਚ ਕਿੰਨੀਆਂ ਸਮੱਸਿਆਵਾਂ ਉੱਭਰ ਕੇ ਸਾਹਮਣੇ ਆਈਆਂ। ਜਿਸ ਨਾਲ ਕੇ ਪੰਜਾਂਬੀ ਨਾਵਲ ਨੇ ਕਈ ਕਰਵਟਾ ਲਈਆਂ। ਪੰਜਾਂਬੀ ਨਾਵਲਕਾਰੀ ਦੇ ਖੇਤਰ ਵਿੱਚ ਗੁਰਦਿਆਲ ਸਿੰਘ ਮੋਹਨ ਕਾਹਲੋਂ, ਮਨਜੀਤ ਰਾਣਾ, ਦਲੀਪ ਕੌਰ ਟਿਵਾਣਾ, ਨਰਿੰਜਨ ਤਸਨੀਮ, ਕਿਰਪਾਲ ਸਿੰਘ ਕਸੇਲ, ਪ੍ਰੇਮ ਗੋਰਖੀ, ਸਵਿੰਦਰ ਸਿੰਘ ਉੱਪਲ, ਰਾਮ ਸਰੂਪ ਅਣਖੀ ਆਦਿ ਨਾਮ ਵਰਨਣਯੋਗ ਹਨ।

ਸਮਾਜ ਸ਼ਾਸਤਰ ਦਾ ਸਰਲ ਸ਼ਬਦਾ ਵਿੱਚ ਸਮਾਜ ਦਾ ਵਿਗਿਆਨਿਕ ਅਧਿਐਨ ਕਰਨ ਵਾਲੇ ਸ਼ਾਸਤਰ ਤੋਂ ਹੈ। ਜਿਸ ਵਿੱਚ ਸਮਾਜ ਵਿੱਚ ਵਿਚਰਦੇ ਮਨੁੱਖ ਦੇ ਪਰਮਪਰ ਸੰਬੰਧਾ ਦੀ ਗੱਲ ਕੀਤੀ ਜਾਂਦੀ ਹੈ ਅਤੇ ਇਸਦੇ ਨਾਲ -ਨਾਲ ਸਮਾਜਕ ਸੰਸਥਾਵਾਂ ਦੇ ਉਪਰ ਵੀ ਵਿਚਾਰ ਚਰਚਾ ਕੀਤੀ ਜਾਂਦੀ ਹੈ।ਇਸ ਸ਼ਾਸਤਰ ਵਿੱਚ ਸਮਾਜ ਦੇ ਹਰ ਵਰਤਾਰੇ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਵੀ ਮਨੁੱਖ ਨਾਲ ਸਿੱਧੇ ਜਾ ਅਸਿੱਧੇ ਰੂਪ ਵਿੱਚ ਸੰਬੰਧ ਰੱਖਦਾ ਹੈ। ਪਿਛੇ ਗੱਲ ਕੀਤੀ ਗਈ ਹੈ ਕਿ ਅੱਜ ਦਾ ਸਮਾਜ ਪੂੰਜੀਵਾਦੀ ਦਾ ਯੁੱਗ ਹੈ। ਇਸ ਪੂੰਜੀਵਾਦੀ ਯੁੱਗ ਵਿੱਚ ਮਨੁੱਖ ਮਾਨਸਿਕ ਉਲਾਤਵਾ ਵਿੱਚ ਫਸਿਆ ਹੈ ਜਿਸ ਕਰਕੇ ਮਨੁੱਖੀ ਜੀਵਨ ਗੁੰਝਲਦਾਰ ਬਣਕੇ ਰਹਿ ਗਿਆ ਹੈ। ਇਹਨਾ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੇ ਤਰਕ ਨਾਲ ਗੱਲ ਕੀਤੀ ਜਾਂਦੀ ਹੈ। ਇਸ ਵਿੱਚ ਉਹਨਾਂ ਸਾਰੀਆਂ ਸੰਸਥਾਵਾ ਦੀ ਗੱਲ ਕੀਤੀ ਜਾਂਦੀ ਹੈ ਜੋ ਸਾਹਿਤ ਵਿੱਚ ਪੇਸ਼ ਹੋਈਆ ਹੰਦੀਆਂ ਹਨ ਕਿਉਂਕਿ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ ਜਿਸ ਵਿੱਚ ਸਮਾਜ ਦੇ ਹਰੇਕ ਪਹਿਲੂ ਦੀ ਗੱਲ ਕੀਤੀ ਜਾਂਦੀ ਹੈ ਜੋ ਕਿ ਸਮਾਜਕ ਜੀਵਨ ਨਾਲ ਸੰਬੰਧ ਰੱਖਦਾ ਹੈ। ਸਾਹਿਤਕਾਰ ਆਪਣੀ ਰਚਨਾ ਵਿੱਚ ਸਮਾਜਕ ਜੀਵਨ ਦੀ ਝਲਕ ਨੂੰ ਪੇਸ਼ ਕਰਦਾ ਹੈ। ਸਮਾਜਕ ਪ੍ਰਬੰਧ ਦਾ ਹਰ ਵਰਤਾਰਾ ਸਮਾਜ ਸ਼ਾਸਤਰ ਦੇ ਅੰਤਰਗਤ ਆਉਂਦਾ ਹੈ। ਇਸ ਲਈ ਸਮਾਜ ਵਿਗਿਆਨ ਅਧਿਐਨ ਕਰਨ ਲਈ ਸਮਾਜ ਸ਼ਾਸਤਰੀ ਵਿਧੀ ਦੀ ਲੋੜ ਪੈਂਦੀ ਹੈ।

ਪ੍ਰਸਿੱਧ ਚਿੰਤਕ ਅਰਸਤੂ ਦਾ ਕਹਿਣਾ ਹੈ ਕਿ ਮਨੁੱਖ ਇਕ ਸਮਾਜਿਕ ਜੀਵ ਹੈ। ਇਸਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੁੱਢ ਤੋਂ ਹੀ ਮਨੁੱਖ ਆਪਣੀ ਸੁਰੱਖਿਆਂ, ਆਰਾਮ , ਭੋਜਨ ਸਮੱਗਰੀ, ਮਨੋਰੰਜਨ ਤੇ ਗਿਆਨ ਆਦਿ ਲੋੜਾਂ ਦੀ ਪੂਰਤੀ ਲਈ ਸਮਾਜ ਉੱਪਰ ਨਿਰਭਰਤਾ ਵੱਧਦੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ

ਮਨੁੱਖਤਾ ਦੁਆਰਾ ਪ੍ਰਾਪਤ ਕੀਤੀਆਂ ਅਸੀਮ ਪ੍ਰਾਪਤੀਆਂ ਸਮਾਜ ਦੀ ਹੀ ਦੇਣ ਹਨ। ਸਮਾਜ ਇੱਕ ਸੰਗਠਨ ਹੈ ਜੋ ਮਨੁੱਖ ਨੂੰ ਸੁਤੰਤਰਤਾ ਵੀ ਦਿੰਦਾ ਹੈ ਤੇ ਉਸ ਉਪਰ ਨਿਯਮਿਤ ਨਿਯੰਕ੍ਰਿਤ ਵੀ ਰੱਖਦਾ ਹੈ।

ਸਮਾਜ ਕੇਵਲ ਮਨੁੱਖੀ ਜੀਵਾਂ ਵਿੱਚ ਹੀ ਨਹੀ ਪਾਇਆ ਜਾਂਦਾ, ਸਗੋਂ ਜਾਨਵਰਾਂ, ਕੀੜਿਆਂ ਤੇ ਮਧੂ ਮੱਖੀਆਂ ਵਿੱਚ ਵੀ ਸਮਾਜ ਦੀ ਹੋਂਦ ਮੌਜੂਦ ਹੈ ਪਰ ਉਨ੍ਹਾਂ ਦੇ ਜੀਵਨ ਦਾ ਵਿਕਾਸ ਸਿਰਫ ਪ੍ਰਾਕ੍ਰਿਤਿਕ ਪੱਧਰ ਤੱਕ ਹੋਇਆ ਹੈ। ਇੱਥੇ ਸਾਡਾ ਸੰਬੰਧ ਕੇਵਲ ਆਪਣੇ ਸਮਾਜ ਨਾਲ ਹੈ।

ਕਿਗਜੇਲ ਡੇਵਿਸ ਅਨੁਸਾਰ,

> "ਮਨੁੱਖ ਬੋਲਣ ਵਾਲਾ ਪਸ਼ੂ ਹੋਣ ਦੇ ਕਾਰਨ ਬੋਲਾ ਪਸ਼ੂ ਨਹੀਂ ਅਤੇ ਇਹ ਕਿ ਉਹ ਇੱਕ
>
> ਸਮਾਜਕ ਪਸ਼ੂ ਹੌਣ ਦੇ ਕਾਰਨ ਸੱਭਯ ਹੈ"[8]

ਇਸੇ ਸੰਬੰਧ ਵਿੱਚ ਡਾ.ਟੀ.ਆਰ ਵਿਨੋਦ ਨੇ ਲਿਖਿਆ ਹੈ ਕਿ "ਮਨੁਖ ਜਾਤੀ ਹੀ ਇਹ ਵਿਲੱਖਣਤਾ ਹੈ ਕਿ ਇਸ ਨਸਲ ਦੇ ਹਰੇਕ ਪ੍ਰਾਣੀ ਦੀਆਂ ਜਨਮਜਾਤ ਸ਼ਕਤੀਆਂ ਉਤਪਾਦਨ ਕਰਨ ਅਤੇ ਉਤਪਾਦਨ ਪ੍ਰਕ੍ਰਿਆਂ ਸਬੰਧੀ ਚੇਤਨ ਹੌਣ ਦੀ ਪੱਧਰ ਤੱਕ ਵਿਕਾਸ ਕਰਨ ਦੀ ਯੋਗਤਾ ਰੱਖਦੀਆਂ ਹਨ, ਪਰ ਇਨ੍ਹਾਂ ਸ਼ਕਤੀਆਂ ਦੇ ਵਿਕਾਸ ਦੀ ਸਿਖਲੀ ਲਈ ਵਧੇਰੇ ਲੰਮੇ ਅਤੇ ਨਿਰੰਤਰ ਅਭਿਆਸ ਦੀ ਲੌੜ ਹੈ। ਇਹ ਅਭਿਆਸ ਪ੍ਰਵਿਰਤੀ ਮੂਲਕ ਪ੍ਰੇਰਣਾ ਨਾਲ ਹੀ ਨੇਪਰੇ ਨਹੀਂ ਚੜ੍ਹ ਸਕਦਾ ਜਿਸ ਕਰਕੇ ਮਨੁੱਖ ਨੇ ਆਪਣੀ ਲੰਮੀ ਜੀਵਨ ਦੇ ਦੌਰਾਨ ਅਜਿਹੇ ਪ੍ਰਬੰਧ ਦੀ ਸੰਰਚਨਾ ਕੀਤੀ ਹੈ, ਜੋ ਇਸ ਲੌੜ ਦਾ ਪੂਰਕ ਬਣ ਨਿਬੜਿਆ ਹੈ। ਸਮਾਜ ਇਸੇ ਪ੍ਰਬੰਧ ਦਾ ਨਾਮ ਹੈ।"[9]

ਮਨੁੱਖ ਹਜ਼ਾਰਾਂ ਸਾਲਾਂ ਤੋਂ ਹੀ ਆਪਣੇ ਸਮਾਜ ਅਤੇ ਸਮੂਹ ਨੂੰ ਸਮਝਣ ਵਿੱਚ ਲੱਗਾ ਹੋਇਆ ਹੈ ਕਿਉਂਕਿ ਮਨੁੱਖ ਨੂੰ ਉਸ ਸਮੇਂ ਤੋਂ ਹੀ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਇਸ ਕਰਕੇ ਉਹ ਇਨ੍ਹਾਂ ਸਮੱਸਿਆਵਾਂ ਬਾਰੇ ਵਿਚਾਰ ਵੀ ਕਰਦਾ ਰਿਹਾ ਹੈ। ਪ੍ਰਕਿਰਤੀ ਤੇ ਮਨੁੱਖ ਜਿੰਦਗੀ ਦੇ ਦੋ ਮੁੱਖ ਧੁਰੇ ਹਨ ਤਾਂ ਹੀ ਮਾਨਵ ਆਪਣੀ ਖੁਸ਼ਹਾਲੀ ਲਈ ਲਗਾਤਾਰ ਕੁਦਰਤ (ਪ੍ਰਕ੍ਰਿਤੀ) ਤੋਂ ਨਿੱਤ ਨਵੀਆਂ ਲੱਭਤਾ ਕਰਦਾ ਆ ਰਿਹਾ ਹੈ। ਸ਼ੁਰੂ ਤੋਂ ਹੀ ਮਨੁੱਖ ਮਨੋਵਿਗਿਆਨਕ, ਆਰਥਿਕ ਤੇ ਸਮਾਜਿਕ ਸਮੱਸਿਆਵਾਂ ਬਾਰੇ ਜਾਗਰੂਕ ਰਿਹਾ ਹੋਣ ਕਰਕੇ ਉਹ ਉਨ੍ਹਾਂ ਨੂੰ ਸਮਝਣ ਸਮਝਾਉਣ ਵਿੱਚ ਲੱਗਾ ਰਿਹਾ ਹੈ। ਭਾਵੇ ਸਮਾਜ ਵਿਗਿਆਨ ਦਾ ਅੱਜ ਦਾ ਵਿਸ਼ਾ ਆਗਸਤੇ ਕਾਮਟੇ ਦੇ ਯਤਨਾਂ ਸਦਕਾ ਹੀ ਵਿਸ਼ੇਸ਼ ਵਿਗਿਆਨ ਵਿੱਚੋ ਸ਼ਾਮਿਲ ਹੋਇਆ ਪਰ ਇਹ ਇਸਦਾ ਆਰੰਭਲਾ ਯਤਨ ਨਹੀਂ। ਕੁਝ ਸਮਾਜ ਵਿਗਿਆਨੀਆਂ ਤੇ ਚਿੰਤਕਾਂ ਦੇ ਸਮਾਜ ਵਿਗਿਆਨ ਬਾਰੇ ਵਿਚਾਰ:-

ਪ੍ਰਸਿੱਧ ਸਮਾਜ ਵਿਗਿਆਨੀ ਵਿਲੀਅਮ ਐਫ. ਔਰਾਬਰਨ ਅਤੇ ਮੇਅਰ, ਐਫ. ਨਿਮਕਾਫ ਦੇ ਅਨੁਸਾਰ

> "ਸਮਾਜ ਵਿਗਿਆਨ ਸਮਾਜਿਕ ਜੀਵਨ ਦਾ ਅਧਿਐਨ ਕਰਨ ਉਹ ਕੇਵਲ ਇਸਦਾ

ਅਧਿਐਨ ਮਨੋਵਿਗਿਆਨਕ ਵਿਵਹਾਰ ਦੇ ਤੌਰ ਤੇ ਹੀ ਨਹੀਂ ਸਗੋ ਸਮਾਜਿਕ ਸੰਗਠਨ ਦੇ ਤੌਰ ਤੇ ਵੀ ਕਰਦਾ ਹੈ''10

ਆਰ.ਐਮ. ਮੈਕਾਈਵਰ ਤੇ ਚਾਰਲਸ ਐਚ.ਪੇਜ਼ ਅਨੁਸਾਰ

''ਸਮਾਜ ਵਿਗਿਆਨ ਸਮਾਜਿਕ ਸੰਬੰਧਾਂ ਬਾਰੇ ਹੈ ਅਤੇ ਸੰਬੰਧਾ ਦੇ ਤਾਣੇ ਬਾਣੇ ਨੂੰ ਅਸੀ 'ਸਮਾਜ' ਕਹਿੰਦੇ ਹਾਂ।''11

ਇਨਸਾਈਕਲੋਪੀਡੀਆਂ ਆਫ ਬ੍ਰਿਟੈਨਿਕਾ ਅਨੁਸਾਰ,

''ਸਮਾਜ ਸ਼ਾਸਤਰ ਸਮਾਜ, ਸਮਾਜਕ ਸੰਸਥਾਵਾਂ ਤੇ ਸਮਾਜਕ ਸੰਬੰਧਾ ਦਾ ਵਿਗਿਆਨਕ ਅਧਿਐਨ ਕਰਦਾ ਹੈ। ਇਹ ਖੇਤਰ ਖਾਸ ਤੌਰ ਤੇ ਮਨੁੱਖ ਦੇ ਸੰਗਠਿਤ ਸਮੂਹਾ ਦਾ ਵਿਕਾਸ, ਢਾਂਚਾ, ਅੰਤਰ ਕਿਰਿਆਵਾਂ ਅਤੇ ਸਾਮੂਹਿਕ ਵਿਵਹਾਰ ਦਾ ਵਿਗਿਆਨਕ ਅਤੇ ਵਿਧੀਪੂਰਵਕ ਅਧਿਐਨ ਕਰਦਾ ਹੈ।''12

ਸਮਾਜ ਵਿਗਿਆਨ ਆਧੁਨਿਕਤਾ ਦੇ ਬਾਣੇ ਵਿੱਚ ਇੱਕ ਪ੍ਰਾਚੀਨ ਵਿਸ਼ਾ ਹੈ। ਉਨ੍ਹੀਵੀ ਸਦੀ ਵਿੱਚ ਸਮੂਹਿਕ ਜੀਵਨ ਅਤੇ ਉਸ ਨਾਲ ਸੰਬੰਧਿਤ ਨਿਯਮਾਂ ਦੇ ਅਧਿਐਨ ਕਰਨ ਸਮਾਜ ਵਿਗਿਆਨ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਅਤੇ ਇਸਦੇ ਵਿਸ਼ੇ ਸਮਾਜਕ ਅਰਥਾਤ ਮਨੁੱਖ ਦੇ ਮਨੁੱਖ ਨਾਲ ਸਾਰੇ ਸੰਬੰਧਾ ਦਾ ਵਿਗਿਆਨ ਢੰਗ ਅਧਿਐਨ ਕਰਕੇ ਇਸਨੂੰ ਵਿਗਿਆਨ ਦਾ ਪਦ ਪ੍ਰਦਾਨ ਕੀਤਾ। ਟੀ.ਬੀ. ਬੋਟੋਮੋਰ ਨੇ ਆਪਣੀ ਪੁਸਤਕ 'ਸਮਾਜ ਵਿਗਿਆਨ' ਵਿੱਚ ਉਪਰੋਕਤ ਕਥਨ ਦੀ ਪ੍ਰੋੜਤਾ ਕਰਦੇ ਹਨ। ਉਹਨਾਂ ਦੇ ਸ਼ਬਦਾ ਵਿੱਚ:-

''ਉਨੀਵੀ ਸਦੀ ਵਿੱਚ ਕੇਵਲ ਇਕ ਨਾਮ ਦੀ ਹੀ ਨਹੀ੧ਓ ਸਗੋ ਇੱਕ ਨਵੇਂ ਵਿਗਿਆਨ ਦੀ ਸਿਰਜਣਾ ਹੋਈ ਸੀ।''

ਮਾਨਵ ਵਿਗਿਆਨੀ ਰੈਡਕੀਲਫ ਬਰਾਊਨ ਨੇ ਵੀ ਸਮਾਜ ਵਿਗਿਆਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਿਆ ਹੈ:-

''ਮਨੁੱਖੀ ਸਮਾਜ ਦਾ ਵਿਗਿਆਨ ਅਜੇ ਆਪਣੀ ਬਾਲ ਵਰੇਸ ਵਿੱਚ ਹੀ ਹੈ।'' ਇਸ ਵਿਚਾਰ ਅਨੁਸਾਰ ਸਾਰੇ ਹੀ ਸਮਾਜ ਵਿਗਿਆਨੀ ਇਸਨੂੰ ਸਵੀਕਾਰ ਕਰਦੇ ਹਨ ਕਿ ਸਮਾਜ ਦੀ ਹੋਂਦ ਸਮਾਜਕ ਸੰਬੰਧਾਂ ਕਰਕੇ ਹੈ। ਇਹ ਸੰਬੰਧ ਸਮੂਹ ਅਤੇ ਸੰਸਥਾਵਾਂ ਦੇ ਸੰਗਠਿਤ ਹੋਣ ਕਾਰਨ ਹਨ। ਸਮਾਜ ਇਨ੍ਹਾਂ ਸਮਾਜਕ ਸੰਬੰਧਾਂ ਦੇ ਤਾਣੇ-ਬਾਣੇ 'ਚ ਬੱਝਿਆਂ ਹੋਇਆਂ ਵਿਕਾਸ

ਕਰਦਾ ਹੈ। ਵਿਅਕਤੀ ਅਤੇ ਸਮਾਜ ਦੇ ਆਪਸੀ ਸੰਬੰਧ ਧਾਰਮਿਕ, ਆਰਥਿਖ, ਸਮਾਜਿਕ, ਸਿੱਖਿਆ ਤੇ ਰਾਜਨੀਤਿਕ ਸੰਸਥਾਵਾਂ ਅਤੇ ਸਮੂਹਾਂ ਦੇ ਅਧਿਐਨ ਦੁਆਰਾ ਹੀ ਸਪਸ਼ਟ ਹੁੰਦੇ ਹਨ। ਇਨ੍ਹਾਂ ਸਭ ਨੂੰ ਜਾਨਣ ਤੋਂ ਪਹਿਲਾ ਇਹ ਜਾਨਣਾ ਜਰੂਰੀ ਹੈ ਕਿ ਵਿਅਕਤੀ ਕਿਸਨੂੰ ਕਹਿੰਦੇ ਹਨ? ਇਸ ਵਿਚਾਰ ਅਨੁਸਾਰ ਸੋਵੀਅਤ ਸਮਾਜ ਵਿਗਿਆਨੀ ਵਿ. ਗ੍ਰਿ. ਅਫਾਨਾਸੀਏਵ ਨੇ ਲਿਖਿਆਂ ਹੈ ਕਿ "ਵਿਅਕਤੀ ਦੇ ਅਰਥ ਹਨ ਸ਼ਖਸੀਅਤ, ਇਕ ਨਿਸ਼ਚਿੰਤ ਮਨੁੱਖ। ਮਨੁੱਖ ਇਸ ਕਰਕੇ ਮਨੁੱਖ ਨਹੀ ਕਿ ਉਹ ਅੰਗਾਂ, ਤੰਦੜੀ ਅਤੇ ਖੋਲੀਆ ਦਾ ਬਣਿਆਂ ਹੋਇਆ ਹੈ, ਕਿ ਉਹ ਫੇਫੜਿਆਂ ਨਾਲ ਸਾਹ ਲੈਂਦਾ ਹੈ ਅਤੇ ਬੱਚਿਆ ਨੂੰ ਦੁੱਧ ਨਾਲ ਪਾਲਦਾ ਹੈ, ਸਗੋਂ ਇਸ ਲਈ ਕਿ ਉਹ ਕੰਮ ਕਰ ਸਕਦਾ, ਸੋਚ ਸਕਦਾ ਅਤੇ ਬੋਲ ਸਕਦਾ ਹੈ, ਕਿਰਤ ਦੇ ਸੰਦ ਬਣਾ ਸਕਦਾ ਹੈ ਜਿਸ ਨਾਲ ਉਹ ਆਲੇ-ਦੁਆਲੇ ਦੀ ਕਾਇਆ ਪਲਟ ਕਰ ਸਕਦਾ ਹੈ ਅਤੇ ਹੋਰ ਲੋਕਾਂ ਨਾਲ ਸਮਾਜੀ ਸੰਬੰਧ ਸਥਾਪਤ ਕਰਨ ਯੋਗ ਹੈ।"

ਇਹ ਤਾਂ ਸਭ ਨੂੰ ਪਤਾ ਹੈ ਕਿ ਜੇਕਰ ਇੱਕਲਾ ਮਨੁੱਖ ਹੀ ਰਹਿ ਰਿਹਾ ਹੈ ਉਹ ਸਮਾਜ ਦਾ ਅੰਗ ਨਹੀ ਬਣ ਸਕਦਾ ਕਿਉਂਕਿ ਮਨੁੱਖ ਦੇ ਕੰਮ ਕਰਨ, ਸੋਚਣ ਸ਼ਕਤੀ ਤੇ ਬੋਲਣ ਜਰੀਏ ਹੀ ਦੂਸਰੇ ਵਿਅਕਤੀਆਂ ਦੇ ਸੰਪਰਕ ਵਿੱਚ ਆਉਣ ਕਾਰਨ ਹੀ ਸਮਾਜੀ ਸਬੰਧ ਬਣਦੇ ਤੇ ਮਨੁੱਖ ਇਨ੍ਹਾਂ ਵਿਅਕਤੀਆਂ ਦੇ ਸਾਂਝੇ ਯਤਨਾ ਦੁਆਰਾ ਸਿਰਜੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਅਪਣਾਉਣ ਕਾਰਨ ਸਮਾਜੀ ਬਣ ਜਾਂਦਾ ਹੈ। ਪੂਰੇ ਸਮਾਜ ਦਾ ਪੂਰਨ ਰੂਪ ਵਿੱਚ ਅਧਿਐਨ ਕਰਨਾ ਹੀ ਸਮਾਜ ਵਿਗਿਆਨ ਦਾ ਵਿਸ਼ਾ ਹੈ। ਇਨ੍ਹਾਂ ਵਿਚਾਰਾਂ ਤੋਂ ਇਹ ਮਾਲੂਮ ਹੁੰਦਾ ਹੈ ਕਿ ਸਮਾਜ ਵਿਗਿਆਨ ਮਨੁੱਖ ਦੇ ਸਮਾਜਿਕ ਸੰਬੰਧਾ ਦਾ, ਸਮਾਜਕ ਅੰਤਰ-ਕਿਰਿਆਵਾਂ ਦਾ ਤੇ ਸਮੂਹ ਅਤੇ ਸੰਸਥਾਵਾਂ ਦਾ ਵਿਗਿਆਨਕ ਅਧਿਐਨ ਹੈ।

ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਸਦੀ ਦੀ ਆਖਰੀ ਕਥਾ ਦਾ ਸਮਾਜ -ਸ਼ਾਸਤਰੀ ਅਧਿਐਨ 20ਵੀਂ ਸਦੀ ਦੇ ਆਖਰੀ ਦਹਾਕੇ ਦੀ ਸਮਾਜ-ਸੱਭਿਆਚਾਰਕ ਤਸਵੀਰ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਹ ਖੋਜ ਕਾਰਜ ਸਮਾਜ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜਿਆਂ ਹੋਇਆਂ ਹੈ। ਬਲਜਿੰਦਰ ਨਸਰਾਲੀ ਪੰਜਾਬ ਦਾ ਉੱਘਾ ਤੇ ਸਥਾਪਿਤ ਗਲਪਕਾਰ ਹੈ। ਉਸਨੇ ਬੇਸ਼ਕ ਗਿਣਾਤਮਕ ਪੱਖੋਂ ਘੱਟ ਲਿਖਿਆ ਹੈ, ਪਰ ਉਸਦੀਆਂ ਰਚਨਾਵਾਂ ਗੁਣਾਤਮਕ ਪੱਖੋਂ ਬਹੁਤ ਚਰਚਾ ਦਾ ਵਿਸ਼ਾ ਬਣੀਆਂ ਹਨ । ਬੜੇ ਥੋੜ੍ਹੇ ਸਮੇਂ ਵਿੱਚ ਤੇ ਥੋੜ੍ਹੀਆਂ ਜਿਹੀਆਂ ਰਚਨਾਵਾਂ ਨਾਲ ਉਹ ਪੰਜਾਬੀ ਗਲਿਆਰਿਆਂ ਭਾਵ ਕਿ ਲੋਕਾਂ ਦੇ ਵਿਹੜਿਆਂ ਵਿੱਚ ਪੰਜਾਂਬੀ ਪੜ੍ਹਨ ਵਾਲਿਆਂ ਵਿੱਚ ਜਾਂਣਿਆਂ ਤੇ ਪਛਾਣਿਆਂ ਗਿਆਂ ਹੈ । ਉਸਦੀ ਰਚਨਾ ਦੇ ਵਿੱਚ ਆਪਣੇ ਨਾਲ ਜੋੜਨ ਦੀ ਅਥਾਹ ਸ਼ਕਤੀ ਹੈ । ਉਸਦੀ ਪੇਸ਼ਕਾਰੀ ਦੇ ਵਿੱਲਖਣ ਢੰਗ ਨਾਲ ਪਾਠਕ ਇੱਕ ਵਹਾਅ ਵਿੱਚ ਬੱਨ੍ਹੇ ਜਾਂਦੇ ਹਨ ਅਤੇ ਆਪਣੇ -ਆਪ ਨੂੰ ਇੱਕ ਰਚਨਾ ਦਾ ਹਿੱਸਾ ਮੰਨਣ ਲੱਗ ਜਾਂਦੇ ਹਨ।

ਬਲਜਿੰਦਰ ਨਸਰਾਲੀ ਦਾ ਜਨਮ 13 ਜਨਵਰੀ 1969 ਨੂੰ ਨਸਰਾਲੀ, ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਉੱਥੇ ਹੀ ਬੀਤਿਆ। ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਹੀ ਉਨ੍ਹਾਂ ਨੇ ਮੈਟ੍ਰਿਕ ਪਾਸ ਕੀਤੀ ਅਤੇ ਉਸਤੋਂ ਬਾਅਦ ਦੀ ਸਿੱਖਿਆ ਖੰਨ੍ਹੇ ਤੇ ਪਟਿਆਲਾ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਐਮ.ਏ, ਐਮ. ਫਿਲ., ਪੀ-ਐਚ.ਡੀ. ਪਟਿਆਲਾ ਤੋਂ ਕੀਤੀ। ਅਤੇ ਉਹ ਪੰਜਾਂਬੀ ਵਿਭਾਗ ਦਿੱਲੀ ਯੂਨੀਵਰਸਿਟੀ ਵਿਖੇ ਸੀਨੀਅਰ ਅਸਿਸਟੈਂਟ ਪ੍ਰੋਫੈਸਰ ਹਨ। ਕਰਮਜੀਤ ਕੁੱਸਾ ਉਨ੍ਹਾਂ ਦੇ ਅਧਿਆਪਕ ਸਨ, ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ

ਉਹ ਸਾਹਿਤ ਨਾਲ ਜੁੜੇ। ਬਲਜਿੰਦਰ ਨਸਰਾਲੀ ਪੰਜਾਬੀ ਦੇ ਨਾਵਲਕਾਰ ਤੇ ਕਹਾਣੀਕਾਰ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਕਹਾਣੀ ਸੰਗ੍ਰਹਿ ਅਤੇ ਵੱਖਰੇ-ਵੱਖਰੇ ਨਾਮਾਂ ਨਾਲ ਸਨਮਾਨਿਆਂ ਗਿਆ ਹੈ ਜਿੰਨ੍ਹਾਂ ਨੂੰ ਕਿ ਅਸੀਂ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ:-

**ਬਲਜਿੰਦਰ ਨਸਰਾਲੀ ਦੀਆਂ ਰਚਨਾਵਾਂ :-**

**ਨਾਵਲ :-**

* ਹਾਰੇ ਦੀ ਅੱਗ (1990)

*ਵੀਹਵੀਂ ਸਦੀਂ ਦੀ ਆਖਰੀ ਕਥਾਂ (2004,2006)

*ਕਰਮਜੀਤ ਸਿੰਘ ਕੁੱਸਾ ਨੇ ਨਾਵਲਾਂ ਦਾ ਸੱਭਿਆਚਾਰ-ਸ਼ਾਸਤਰ ਆਲੋਚਨਾ (2006,2014)

**ਕਹਾਣੀ ਸੰਗ੍ਰਹਿ :-**

*ਡਾਕਖਾਨਾ ਖਾਸ (1995)

*Aorg dl srn ivc

*ਔਰਤ ਦੀ ਸ਼ਾਨ

**ਹੋਰ :-**

*ਸੱਭਿਆਚਾਰ ਸ਼ਾਸਤਰੀ ਅਲੋਚਨਾ (2006)

*ਪੰਜਾਂਬੀ ਸਿਨੇਮਾ ਅਤੇ ਸਾਹਿਤ(2010)

*ਫਾਂਸੀ ਦੇ ਫੰਦੇ ਤੇ ਸੰਪਾਦਨ ਅਤੇ ਅਨੁਵਾਦ (2010)

**ਸਨਮਾਨ :-**

*ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੁਸਤਕ 'ਡਾਕਖਾਨਾ-ਖਾਸ' ਸਾਲ1995 ਦੇ ਭਾਈ ਵੀਰ ਸਿੰਘ ਪੁਰਸਕਾਰ ਨਾਲ ਸਨਮਾਨਿਤ।

*ਐਸ.ਐਸ. ਭੱਠਲ ਪੁਰਸਕਾਰ ਬਰਨਾਲਾ।

*ਅਨਿਰੁੱਧ ਯਾਦਗਾਰੀ ਪੁਰਸਕਾਰ।

*ਵੀਹਵੀਂ ਸਦੀ ਦੀ ਆਖਰੀ ਕਥਾ ਲਈ ਸਿੰਫਨੀ ਇੰਟਰਨੈਸ਼ਨਲ ਐਵਾਰਡ (2007)

*ਕੇਂਦਰੀ ਲਿਖਾਰੀ ਸਭਾ ਵੱਲੋਂ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ (2009)

*ਸਾਹਿਤਕ ਸਭਾ ਰਣਬੀਰ ਸਿੰਘ ਪੁਰਾ (ਜੰਮੂ) ਵੱਲੋਂ ਅਧਿਆਪਨ ਲਈ ਪੁਰਸਕਾਰ।

ਬਲਜਿੰਦਰ ਨਸਰਾਲੀ ਦੇ ਨਾਵਲ 20ਵੀ ਸਦੀ ਦੀ ਆਖਰੀ ਕਥਾ ਪੰਜਾਂਬੀ ਗਲਪ ਸਾਹਿਤ ਦੀ ਅਹਿਮ ਪ੍ਰਾਪਤੀ ਹੈ।

**ਡਾਂ. ਗੁਰਪਾਲ ਸਿੰਘ ਸੰਧੂ ਅਨੁਸਾਰ :-**

"ਸਮਕਾਲੀ ਉੱਤਰ-ਯਥਾਰਥਵਾਦੀ ਗਲਪ ਵਿੱਚ ਬਲਜਿੰਦਰ ਨਸਰਾਲੀ ਪ੍ਰਮੁੱਖ ਗਲਪਕਾਰ ਹੈ। ਨਾਵਲ ਵਿਚ ਉਹ ਸਮਕਾਲੀ ਯਥਾਰਥਵਾਦ ਦੇ ਦ੍ਰਿਸ਼ ਨੂੰ ਵੀ ਵਿਉਂਤਦਾ ਹੈ ਅਤੇ ਇਸ ਵਿਚ ਵਿਚਰਨ ਵਾਲੇ ਮਨੁੱਖ ਦੇ ਮਨੋਭਾਵਾਂ, ਦੁਬਿਧਾਵਾਂ ਅਤੇ ਮਨੋਸਿਧੀਆਂ ਨਾਲ ਸੰਗਠਿਤ ਕਥਾ ਨੂੰ ਵੀ ਰਚਦਾ ਹੈ। ਇਸੇ ਕਰਕੇ ਇਹ ਨਾਵਲ ਸਮਕਾਲੀ ਯਥਾਰਥ ਦੇ ਦ੍ਰਿਸ਼ ਦਾ ਚਿਤਰਨ ਕਰਨ ਦੀ ਉਸ ਨੂੰ ਮਨੁੱਖੀ ਹੋਂਦ ਦੇ ਵਿਸਤਰਿਤ ਪਰਿਪੇਖ ਵਿਚ ਕਰਨ ਵਾਲੀ ਸਮੱਰਥ ਰਚਨਾ ਦੇ ਰੂਪ ਵਿਚ ਮੁਖਾਤਿਬ ਹੁੰਦਾ।"[12]

**ਡਾ. ਸੁਰਜੀਤ ਸਿੰਘ :-**

"ਨਾਵਲ ਵਿਚ ਦਹਿਸ਼ਤ, ਵਹਿਸ਼ਤ ਅਤੇ ਤਣਾਓ ਦੇ ਸੰਕਟੀ ਵੇਰਵੇ ਨਾਟਕੀ ਢੰਗ ਨਾਲ ਨਾਮੂਦਾਰ ਹੋਣ ਦੀ ਬਜਾਂਏ ਹੌਲ਼ੀ-ਹੌਲ਼ੀ ਦਾਖ਼ਿਲ ਹੁੰਦੇ ਹਨ ਅਤੇ ਸੰਘਣੇ ਹੁੰਦੇ ਚਲੇ ਜਾਂਦੇ ਹਨ। ਸਿਖਰ 'ਤੇ ਰਹਿੰਦੀ।

**ਡਾ. ਸੁਖਪਾਲ ਸਿੰਘ ਥਿੰਦ :-**

"ਇਸ ਨਾਵਲ ਦੀ ਪ੍ਰਿਸ਼ਠ ਭੂਮੀ ਵਿਚ ਹਰੀ ਕ੍ਰਾਂਤੀ ਦੇ ਅਨਾਰ ਦੇ ਚਲੱਣ ਉਪਜਦੇ ਬਗ਼ਾਵਤੀ ਤੇਵਰਾਂ ਤੇ ਇਸ ਨਾਲ ਜੁੜੀ ਸਮੂਹ ਮਾਨਵੀ ਸਰਗਰਮੀ ਨੂੰ ਆਧਾਰ ਬਣਾਇਆਂ ਗਿਆਂ ਹੈ। ਅਜਿਹਾ ਕਰਦਿਆਂ ਇਸ ਕਿਰਤ ਵਿਚ ਉਨ੍ਹਾਂ ਕਾਰਕਾਂ ਦੀ ਬਹੁਤ ਬਰੀਕੀ ਨਾਲ ਨਿਸ਼ਾਨ ਦੇਹੀ ਕਰਨ ਦਾ ਯਤਨ ਕੀਤਾ ਗਿਆ ਜਿਹੜੇ ਲਾਰਨ ਪੰਜਾਬ ਸੰਕਟ ਲਈ ਜ਼ਿੰਮੇਵਾਰ ਬਣੇ ਹਨ।"

ਅੱਜ ਦੇ ਜਮਾਨ੍ਹੇ ਦੇ ਪਹਿਲੂਆਂ ਤੇ ਵਿਚਾਰ ਕੀਤੀ ਜਾਣੀ ਬਣਦੀ ਹੈ । ਤੇ ਅਜੋਕੇ ਸਮਾਜ ਲਈ ਇਹ ਵਿਸ਼ਾ ਪ੍ਰਸੰਗਿਕ ਤੇ ਸਾਰਥਕ ਹੈ। ਇਸ ਵਿੱਚ ਪੇਸ਼ ਕੀਤੇ ਦਵੰਦ ਤੇ ਤਨਾਅ ਦੇ ਕਾਰਨਾਂ ਦੀ ਨਿਸ਼ਾਨ ਦੇਹੀ ਕਰਨ ਦਾ ਉਪਰਾਲਾ ਕਰਨਾ ਬਣਦਾ ਹੈ। ਉਸ ਸਾਰੇ ਮਾਹੌਲ ਨੂੰ ਸਮਝਣਾ ਪਵੇਗਾ, ਜੋ ਮਨੁੱਖੀ ਸਮਾਜ ਤੇ ਸੱਭਿਆਚਾਰ ਬਗਾਵਤਾ ਪੈਦਾ ਕਰਦੇ ਹਨ। ਸੰਕਟ ਦੇ ਜ਼ਿੰਮੇਵਾਰ ਹੁੰਦੇ ਹਨ।

ਮਨੁੱਖ ਜਿੰਨੀਆਂ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਸਾਰੇ ਪੂੰਜੀਵਾਦ ਤੇ ਸਰਮਾਏਦਾਰ ਵਰਗ ਵਿੱਚ ਜਨਮੇ ਹਨ। ਪਰ ਇੰਨ੍ਹਾਂ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਜੇਕਰ ਇੰਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਗਿਆਨ ਦੁਆਰਾ ਸੁਲਝਾ ਲਿਆ ਜਾਂਵੇ ਤਾਂ ਸਾਰੀਆਂ ਸਮੱਸਿਆਵਾਂ ਹੀ ਖ਼ਤਮ ਹੋ ਜਾਣਗੀਆਂ। ਅਤੇ ਪੰਜਾਬੀ ਨਾਵਲ ਦੀ ਚੇਤਨਾ ਇਸਨੂੰ ਹੀ ਅਪਣਾਉਂਦੀ ਹੋਈ ਲੰਬੇ ਬਿਰਤਾਂਤ ਵੱਲ੍ਹ ਮੁੜਦੀ ਹੈ। ਇਸ ਲਈ ਕੁੱਝ ਸਮੇਂ ਤੇ ਨਾਵਲਕਾਰ ਮਨੁੱਖ ਦੇ ਮਸਲਿਆਂ ਨੂੰ ਜੀਵਨ ਦੇ ਕਾਲ ਅਤੇ ਸਥਾਨ ਵਿੱਚੋਂ ਚੁੱਕਦੇ ਹਨ ਅਤੇ ਪੰਜਾਬੀ ਵਿੱਚ ਅਜਿਹੇ ਬਹੁਤ ਸਾਰੇ ਨਾਵਲ ਹਨ ਜੋ ਜ਼ਿੰਦਗੀ ਦੀ ਅਸਲੀਅਤ ਵੱਲ੍ਹ ਵੱਧ ਰਹੇ ਹਨ , ਜੋ ਕਿ ਇਤਿਹਾਸ ਨੂੰ ਸਹੀ ਢੰਗ ਨਾਲ ਸਮਝਣ ਵੱਲ ਵੱਧ ਰਹੇ ਹਨ, ਅਜਿਹੇ ਬਹੁਤ ਸਾਰੇ ਨਾਵਲ ਛਪ ਰਹੇ ਹਨ। ਵੀਹਵੀਂ ਸਦੀ ਦੀ ਆਖ਼ਰੀ ਕਥਾ ਵਿੱਚ ਸੱਤਾ ਦੀ ਗੱਲ ਕੀਤੀ ਗਈ ਹੈ, ਕਿ ਜੋ ਲੋਕਾਂ ਤੇ ਸੱਤਾ ਹੋ ਰਹੀ ਹੈ, ਉਹ ਲੋਕਾਂ ਨੂੰ ਇਤਿਹਾਸ ਵਿੱਚ ਪਰਦਾ ਹੀ ਨਹੀਂ ਪਾਉਂਦੀ ਬਲਕਿ ਸਮੇਂ-ਸਮੇਂ ਤੇ ਉਨ੍ਹਾਂ ਨੂੰ ਜਾਗ੍ਰਿਤ ਵੀ ਕਰਦੀ ਹੈ। ਇਸ ਲਈ ਸਾਹਿਤਕਾਰ ਦਾ ਕਰਤੱਵ ਬਣਦਾ ਹੈ ਕਿ ਉਹ ਆਪਣੀ ਰਚਨਾ ਦੁਆਰਾ ਮਨੁੱਖ ਨੂੰ ਸੱਤਾ ਦੇ

ਜਾਂਲ ਵਿੱਚੋਂ ਕੱਢ ਕੇ ਮਨੁੱਖ ਨੂੰ ਔਖੀਆਂ ਤੋਂ ਔਖੀਆਂ ਸਮੱਸਿਆਵਾਂ ਵਿੱਚੋਂ ਲੰਘਾ ਕਿ ਇੱਕ ਪੁਨਰ ਸਿਰਜਕ ਬਣਾਵੇ । ਅਗਰ ਅਸੀਂ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਜ਼ਿਆਦਾਤਰ ਸਾਨੂੰ ਰੁਮਾਂਟਿਕ ਨਾਵਲ ਹੀ ਮਿਲਦੇ ਹਨ, ਤੇ ਆਲੋਚਨਾਤਮਕ ਨਾਵਲ ਤਾਂ ਬਿਲਕੁਲ ਨਹੀਂ ਮਿਲਦੇ। ਪ੍ਰੰਤੂ ਅਸੀਂ ਮਨਮੋਹਨ ਬਾਵਾ ਦੇ ਨਾਵਲ ਯੁੱਧ ਨਾਦ ਵਿੱਚ ਪੇਸ਼ ਹੋ ਇਆ ਦੇਖ ਸਕਦੇ ਹਾ। ਇਹ ਨਾਵਲ ਸਿੰਕਦਰ ਪੋਰਸ ਵਿੱਚ ਬਹੁਤ ਚਰਚਾ ਵਿੱਚ ਆਇਆ ਹੈ।

ਬਲਜਿੰਦਰ ਨਸਰਾਲੀ ਨੇ ਕਰਮਜੀਤ ਸਿੰਘ ਕੁੱਸਾ ਤੇ ਜਸਬੀਰ ਮੰਡ ਦੇ ਨਾਵਲਾਂ ਵਿੱਚ ਜੋ ਬਿਰਤਾਂਤ ਵਿਧੀ ਵਰਤੀ ਹੈ। ਉਸ ਵਿਧੀ ਨੂੰ ਆਧਾਰ ਬਣਾ ਕਿ ਉਨ੍ਹਾਂ ਨੇ ਵੀਹਵੀਂ ਸਦੀ ਦੀ ਆਖ਼ਰੀ ਕਥਾ ਰਚਨਾ ਕੀਤੀ ਲਿਖੀ। ਬਲਜਿੰਦਰ ਨਸਰਾਲੀ ਨੇ ਆਪਣੇ ਨਾਵਲ ਵਿੱਚ ਉਸ ਦੀ ਦਹਿਸ਼ਤ ਤੇ ਵਹਿਸ਼ਤ ਨੂੰ ਸਹਿ ਰਹੇ ਲੋਕਾਂ ਦੀ ਜ਼ਿੰਦਗੀ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬ ਸੰਕਟ ਨਾਲ ਅਸੀਂ ਅਕਸਰ ਹੀ ਆਸ ਕਰਨ ਲੱਗ ਜਾਂਦੇ ਹਾ ਕਿ ਉਹ ਸਮੱਸਿਆਵਾਂ ਨੂੰ ਸਾਡੇ ਸਾਹਮਣੇ ਪੇਸ਼ ਕਰੇ। ਪ੍ਰੰਤੂ ਬਲਜਿੰਦਰ ਨਸਰਾਲੀ ਦਾ ਨਾਵਲ ਸੱਚ ਨੂੰ ਪੇਸ਼ ਕਰਦਾ ਹੋਇਆ ਵੀ ਉਸਨੂੰ ਪ੍ਰੀਭਾ ਸ਼ਤ ਨਹੀਂ ਕਰਦਾ। ਇਸੇ ਕਾਰਨ ਕਰਕੇ ਉਹ ਕਰਮਜੀਤ ਸਿੰਘ ਕੁੱਸਾ ਤੇ, ਜਸਬੀਰ ਸਿੰਘ ਤੋਂ ਵੱਖਰਾ ਰਾਸਤਾ ਅਖ਼ਤਿਆਰ ਕਰਦੇ ਹਨ। ਉਨ੍ਹਾਂ ਦੇ ਨਾਵਲਾਂ ਦਾ ਮੁੱਖ ਸਰੋਕਾਰ ਰਾਜਨੀਤੀ ਨੂੰ ਅਪਨਾਉਣਾ ਨਹੀਂ ਬਲਕਿ ਜ਼ਿੰਦਗੀ ਵਿੱਚ ਰਾਜਨੀਤੀ ਨੂੰ ਉਭਾਰਨਾ ਹੈ।

ਵੀਹਵੀਂ ਸਦੀ ਦੀ ਆਖ਼ਰੀ ਕਥਾਂ ਦੀ ਸ਼ੁਰੂਆਤ ਜੀਵਨ ਦੇ ਸਹਿਜ ਬਿਰਤਾਂਤ ਤੋਂ ਹੁੰਦੀ ਹੈ। ਨਾਵਲ ਦੀ ਸ਼ੁਰੂਆਤ ਤੋਂ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਕਿ ਕਰਨਬੀਰ ਜੋ ਕਿ ਕਬੂਤਰਬਾਜੀ ਦਾ ਸ਼ੌਕੀਨ ਤੇ ਕੁੜੀਆਂ ਦੇ ਅੱਗੜ-ਪਿਛੜ ਰਹਿਣ ਵਾਲੇ ਦਾ ਜੀਵਨ ਇੱਕ ਉਜਾੜ ਤੇ ਬੇਜ਼ਾਨ ਹੋ ਜਾਵੇਗਾ। ਡਰ ਤੇ ਦਹਿਸ਼ਤ ਅਤੇ ਸੰਕਟ ਜਾਂ ਸਮੱਸਿਆਵਾਂ ਹੌਲੀ-ਹੌਲੀ ਪੈਰ ਧਰਦੀਆਂ ਜਾਂਦੀਆਂ ਹਨ, ਤੇ ਇਕੱਠੀਆਂ ਹੁੰਦੀਆਂ ਜਾਂਦੀਆਂ ਹਨ। ਨਾਵਲ ਦੀ ਪਹਿਲੀ ਪਛਾਣ ਵਿੱਚ ਡਰ ਤੇ ਤਣਾਅ ਕੈਦ ਵਿੱਚ ਨਜ਼ਰ ਆਉਂਦਾ ਹੈ। ਭਾਵੇ ਕਿ ਪਾਤਰਾਂ ਦਾ ਜੀਵਨ ਪਹਿਲਾ ਵਰਗਾ ਨਹੀਂ ਰਹਿੰਦਾ ਪ੍ਰੰਤੂ ਨਾਵਲ ਵਿੱਚ ਸਮੱਸਿਆਵਾਂ ਤੇ ਸੰਕਟਾ ਦਾ ਪ੍ਰਭਾਵ ਹੌਲੀ-ਹੌਲੀ ਘੱਟਦਾ-ਘੱਟਦਾ ਖ਼ਤਮ ਹੋ ਜਾਂਦਾ ਹੈ। ਨਾਵਲ ਦੇ ਕੇਂਦਰ ਵਿੱਚਲੇ ਪਾਤਰ ਸੰਕਟ ਦੇ ਜ਼ਿੰਮੇਵਾਰ ਨਹੀਂ ਹਨ, ਕਿਉਂਕਿ ਉਹ ਤਾਂ ਸੰਕਟ ਨੂੰ ਭੋਗਣ ਵਾਲੇ ਹਨ। ਉਨ੍ਹਾਂ ਦੀ ਅਜਿਹੀ ਹਾਲਤ ਮਨੁੱਖ ਦੀ ਦਸ਼ਾ ਕਾਰਨ ਹੀ ਹੈ। ਸਾਨੂੰ ਨਾਵਲ ਤੋਂ ਨਿਰਾਸ਼ ਹੋਣ ਦੀ ਥਾਂ ਇਹ ਯਾਦ ਰੱਖਣਾ ਚਾਹਿਦਾ ਹੈ ਕਿ ਜੋ ਪੰਜਾਬ ਸੰਕਟ ਤੋਂ ਸਾਨੂੰ ਛੁਟਕਾਰਾ ਮਿਲਿਆ ਹੈ, ਉਸ ਵਿੱਚ ਕਿਸੇ ਵਾਜਬ ਧਿਰ ਦਾ ਹੱਥ ਨਹੀਂ ਸੀ। ਉਸ ਸਮੇਂ ਰਾਜਸੀ ਸੱਤਾ ਨੇ ਸੰਕਟ ਦੀ ਸਥਿਤੀ ਨੂੰ ਬਿਨ੍ਹਾਂ ਹੱਲ ਕੀਤੇ ਆਪਣੀ ਸ਼ਕਤੀ ਦੀ ਵਰਤੋਂ ਕਰਕੇ ਕਾਨੂੰਨ ਤੇ ਸ਼ਾਤੀ ਨੂੰ ਭੰਗ ਕੀਤਾ, ਜਿਸ ਵਿੱਚੋਂ ਨਿਕਲ ਸਕਣਾ ਮੁਸ਼ਕਿਲ ਹੈ। ਇਸ ਤਰ੍ਹਾਂ ਨਾਵਲ ਦਾ ਪਾਤਰ ਨਵਦੀਪ ਕਿਸੇ ਵੀ ਲੰਬੇ ਕੰਮ ਵਿੱਚ ਨਹੀਂ ਪੈਦਾ ਤੇ ਉਹ ਬਹੁਤ ਘੱਟ ਘੇਰੇ ਵਿੱਚੋਂ ਲੰਘਦਾ ਹੋਇਆਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ। ਨਵਦੀਪ ਨੂੰ ਇੱਕ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਲੈ ਕੇ ਉਹ ਆਪਣੇ ਪਿੰਡ ਨੂੰ ਵਾਪਸ ਜਾਂਦਾ ਹੈ ਤੇ ਉੱਥੇ ਉਹ ਦੇਖਦਾ ਹੈ ਕਿ ਕਿਸਾਨ ਪਹਿਲਾ ਤੋਂ ਵੀ ਜ਼ਿਆਦਾ ਸਮੱਸਿਆਵਾਂ ਵਿੱਚ ਘਿਰਿਆ ਹੈ। ਨਵਦੀਪ ਸਕੂਲ ਵਿੱਚ ਸੰਦੀਪ ਨਾਲ ਤਨਖ਼ਾਹ ਕਰਕੇ ਹੋ ਰਹੀ ਬੇਇਨਸਾਫੀ ਕਰਕੇ ਅਸਤੀਫ਼ਾ ਦੇ ਦਿੰਦਾ ਹੈ, ਤੇ ਉਹ ਵਿਸੇਸ਼ ਵਿੱਚ ਜਾਣ ਦੀ ਬਜਾਏ, ਆਪਣੀ ਮਾਂ ਭੂਮੀ ਨਾਲ ਜੁੜੇ ਰਹਿਣ ਲਈ ਤੇ ਉਸ ਉੱਤੇ ਸੰਘਰਸ਼ ਕਰਨ ਨੂੰ ਅਪਣਾਉਂਦਾ ਹੈ। ਕਿਉਂਕਿ ਨਵਦੀਪ ਹੀ ਅਜਿਹਾ ਇਨਸਾਨ ਸੀ ਜਿਸਤੋਂ ਸਾਰਿਆਂ ਨੂੰ ਆਸ਼ਾਵਾਂ ਸਨ।

ਦੂਸਰਾ ਪਾਤਰ ਜੋ ਕਿ ਨਾਵਲ ਵਿੱਚ ਅਸਫਲ ਹੋਇਆ ਹੈ, ਉਹ ਕਰਨਬੀਰ ਹੈ। ਜੋ ਸ਼ੁਰੂ ਤੋਂ ਹੀ ਪ੍ਰਕਿਰਤੀ ਦੇ ਕਹਿਣੇ ਲੱਗਦਾ ਹੈ। ਕਰਨਬੀਰ ਦੀ ਸ਼ਖਸੀਅਤ ਸਿਰਫ਼ ਜਿਸਮ ਦੀ ਭੁੱਖ ਤੱਕ ਹੀ ਸੰਬੰਧਿਤ ਹੈ। ਕਰਨਬੀਰ ਸ਼ੁਰੂ ਤੋਂ ਹੀ ਕਬੂਤਰਬਾਜੀ ਵਿੱਚ ਸ਼ੌਕ ਰੱਖਦਾ ਹੈ, ਤੇ ਕੰਮ ਵੱਲ ਧਿਆਨ ਨਹੀਂ ਦਿੰਦਾ, ਦੂਜਾਂ ਪੜ੍ਹਾਈ ਦੀ ਥਾਂ ਕੁੜੀਆਂ ਵੱਲ ਰੁਚਿਤ ਹੈ, ਤੇ ਉਹ ਜਲਦੀ ਤੋਂ ਜਲਦੀ ਕਿਸੇ ਕੁੜੀ ਨਾਲ ਜਿਸਮੀ ਸੰਬੰਧ ਮਾਣਨਾ ਚਾਹੁੰਦਾ ਹੈ। ਉਸ ਲਈ ਪਿਆਰ ਦਾ ਮਤਲਬ ਸਿਰਫ਼ ਜਿਸਮਾਂ ਦੀ ਸਾਂਝ ਹੈ, ਜਿਸ ਕਾਰਨ ਕਿ ਅੰਤ ਵਿੱਚ ਸੱਤਾ ਉਹ ਸਭ ਕੁਝ ਉਸ ਤੋਂ ਖੋਹ ਲੈਂਦੀ ਹੈ , ਜਿਸ ਨਾਲ ਕਿ ਉਸਦੀ ਜਿਸਮੀ ਹੋਂਦ ਕਾਇਮ ਸੀ, ਜਿਸ ਕਾਰਨ ਕਿ ਉਸ ਉੱਪਰ ਇੱਕ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਸੱਤਾ ਦੁਆਰਾ ਜ਼ੁਲਮ ਦੀ ਭੈੜੀ ਤਸਵੀਰ ਇਸ ਤੋਂ ਬਿੰਨ੍ਹਾਂ ਹੋਰ ਕੀ ਦਿਖਾਈ ਜਾਂ ਸਕਦੀ ਸੀ। ਇਸੇ ਕਰਕੇ ਅੰਤ ਵਿੱਚ ਕਰਨਬੀਰ ਇਸ ਤਰ੍ਹਾਂ ਦੇ ਜ਼ਖਮਾਂ ਵਿੱਚੋਂ ਬਾਹਰ ਨਿਕਲਣ ਲਈ ਜਦੋਂ ਰਾਉਲਾ ਪਾਉਂਦਾ ਕਹਿੰਦਾ ਹੈ ਕਿ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਮੈ ਕੀਤਾ ਹੈ, ਤਾਂ ਉਸ ਸਮੇਂ ਕਰਨਬੀਰ ਜੋ ਕਿ ਸੱਤਾ ਦਾ ਸ਼ਿਕਾਰ ਹੋ ਕਿ ਮਾਨਸਿਕਤਾ ਨਾਲੋਂ ਟੁੱਟ ਕੇ ਨਸ਼ਿਆਂ ਤੱਕ ਤੇ ਪਾਗਲ ਪੁਣੇ ਤੱਕ ਪਹੁੰਚੇ ਕਰਨਬੀਰ ਨੂੰ ਸੁੱਖ ਦਾ ਸਾਹ ਮਿਲਦਾ ਹੈ। ਪ੍ਰੰਤੂ ਇੱਥੇ ਸਵਾਲ ਇਹ ਵੀ ਤਾਂ ਉੱਠਦਾ ਹੈ ਕਿ ਅੱਗੇ ਇਸ ਤਰ੍ਹਾਂ ਦੀਆਂ ਹਿੰਸਾਤਮਕ ਸੰਭਾਵਨਾਵਾਂ ਵੀ ਹਨ?

ਇਸੇ ਤਰਾਂ ਨਾਵਲ ਦਾ ਤੀਜਾਂ ਮਹੱਤਵਪੂਰਨ ਪਾਤਰ ਪਾਲੀ ਹੈ, ਜੋ ਕਿ ਜਿਸਮੀ ਸੰਬੰਧ ਬਣਾਉਣ ਕਾਰਨ ਇਸਦਾ ਸ਼ਿਕਾਰ ਹੋ ਜਾਂਦਾ ਹੈ। ਜਿਸ ਕਾਰਨ ਕਿ ਉਹ ਦਹਿਸ਼ਤ ਫੈਲਾਉਣ ਵਾਲਿਆਂ ਨਾਲ ਜਾਂ ਮਿਲਦਾ ਹੈ। ਇਸ ਵਿੱਚ ਰੁਚੀ ਭਰੀ ਗੱਲ ਇਹ ਹੈ ਕਿ ਰਿੰਪਾ ਜੋ ਕਿ ਜਿਸਮ ਦੀ ਭੁੱਖ ਨੂੰ ਮਿਟਾਉਣ ਦੇ ਲਈ ਪੁਲਿਸ ਵਿੱਚ ਭਰਤੀ ਹੁੰਦਾ ਹੈ, ਤੇ ਪਾਲੀ ਦੇ ਹੀਣਤਾ ਦੇ ਸ਼ਿਕਾਰ ਤੇ ਆਪਣੀ ਮਾਨਸਿਕ ਸਥਿਤੀ ਵਿੱਚੋਂ ਨਿਕਲਣ ਲਈ ਦਹਿਸ਼ਤ ਗਰਦਾ ਨਾਲ ਰਲਕੇ ਅੰਤ ਵਿੱਚ ਬਦਲਾ ਲੈਣ ਲਈ ਕਿਉਂਕਿ ਰਿੰਪੀ ਉਸ ਨੂੰ ਇਸ ਹਾਲਤ ਤੱਕ ਪਹੁੰਚਾਉਣ ਵਾਲਾ ਹੁੰਦਾ ਹੈ। ਜਿਸ ਕਾਰਨ ਕਿ ਉਹ ਉਸ ਤੋਂ ਬਦਲਾ ਲੈਣ ਲਈ ਉਸ ਨੂੰ ਮਾ ਰ ਦਿੰਦਾ ਹੈ, ਜੋ ਕਿ ਆਪਣੇ ਆਪ ਵਿੱਚ ਕੋਈ ਇਸ ਘਟਨਾ ਦੇ ਗੁੱਝੇ ਅਰਥ ਲੁਕਾ ਕੇ ਬੈਠਾ ਹੈ।

ਇਸ ਨਾਵਲ ਵਿੱਚ ਜਿਸਮ ਦੇ ਲੋਭ ਨੂੰ ਖੁੱਲ੍ਹ ਕੇ ਬਿਆਨ ਹੀ ਨਹੀਂ ਕੀਤਾ , ਸਗੋਂ ਯਥਾਰਥ ਨੂੰ ਸਾਹਮਣੇ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਦੱਸਿਆਂ ਹੈ ਕਿ 'ਪ੍ਰਕਿਰਤੀ' ਦਾ ਰਸਤਾ ਕਿੰਨ੍ਹਾਂ ਵੀ ਰੌਚਿਕ ਕਿਉਂ ਨਾ ਹੋਵੇ, ਉਸ ਉੱਪਰ ਤੁਰਿਆ ਮਨੁੱਖ ਕਦੇ ਵੀ ਸਫ਼ਲ ਨਹੀਂ ਹੋ ਸਕਦਾ ਤੇ ਨਾ ਹੀ ਸਮਾਜਕ ਪ੍ਰਾਪਤੀਆਂ ਨੂੰ ਹਾਸਿਲ ਕਰ ਸਕਦਾ ਹੈ। ਅਸੀਂ ਨਾਵਲ ਵਿੱਚ ਇਸ ਗੱਲ ਨੂੰ ਦੇਖ ਸਕਦੇ ਹਾਂ ਕਿ ਕਰਨਬੀਰ ਤੇ ਪਾਲੀ ਦੀ ਅੰਤ ਵਿੱਚ ਜੋ ਹਾਲਤ ਜਿਨਸੀ ਸੰਬੰਧਾਂ ਕਾਰਨ ਉਹ ਆਪਣੀ ਹੋਂਦ ਗੁਆ ਬੈਠਦੇ ਹਨ, ਜਿਸ ਕਾਰਨ ਕਿ ਉਹ ਹਿੰਸਾਤਮਕ ਦਾ ਸ਼ਿਕਾਰ ਹੁੰਦੇ ਹਨ, ਇਸ ਵਿੱਚੋਂ ਪਾਲੀ ਜੋ ਕਿ ਸਤਾ ਦੇ ਘੇਰੇ ਵਿੱਚ ਆ ਜਾਂਦਾ ਹੈ, ਤੇ ਕਰਨਬੀਰ ਵੀ ਉਹ ਚਿੰਗਾਰੀ ਹੈ ਜਿਸ ਨੂੰ ਕਦੇ ਵੀ ਵਰਗਾਰਿਆਂ ਜਾਂ ਸਕਦਾ ਹੈ। ਕਿਉਂਕਿ ਇੱਕ ਪੜਿਆਂ ਲਿਖਿਆਂ ਮੁੰਡਾ ਹੋਣ ਦੇ ਬਾਵਜੂਦ ਵੀ ਉਹ ਜਿਸਮ ਦੇ ਰਸਤੇ ਪੈ ਜਾਂਦਾ ਹੈ, ਜੋ ਕਿ ਉਪਭੋਗਤਾਵਾਦ, ਆਤਮ-ਹੱਤਿਆਂ ਅਤੇ ਨਸ਼ਿਆਂ ਤੇ ਹਿੰਸਾ ਵੱਲ੍ਹ ਜਾਂਦਾ ਹੈ। ਜਿੱਥੇ ਇਹ ਚੀਜ਼ਾ ਕਰਨਬੀਰ ਤੇ ਪਾਲੀ ਨੂੰ ਲਿਆ ਸਕਦੀਆਂ ਸਨ, ਉਥੇ ਹੀ ਪੰਜਾਬ ਦੀ ਮੱਧ ਤੇ ਹੇਠਲੀ ਕਿਸਾਨੀ ਪਹੁੰਚੀ ਹੈ।

ਖ਼ਾਲਿਸਤਾਨੀ ਵਿੱਚ ਦਹਿਸ਼ਤ ਗਰਦਾਂ ਦੀ ਸਥਿਤੀ ਜਿਸਮਾਂ ਉੱਤੇ ਹੀ ਅਧਾਰਿਤ ਹੈ । ਇਸੇ ਲਈ ਉਨ੍ਹਾਂ ਦੀਆਂ ਕਾਰਵਾਈਆਂ ਦੀ ਸੰਗਿਆਂ ਦੈਵੀ ਜਾਪਦੀ ਹੈ। ਜਿਸ ਰਸਤਿਉ ਉਨ੍ਹਾਂ ਨੇ ਦੇਰ ਤੱਕ ਆਪਣੀ ਹੋਂਦ ਬਰਕਰਾਰ ਰੱਖੀ। ਸਟੇਟ ਵੀ ਜਿਸਮਾਂ ਨੂੰ ਅਨ੍ਹਿਆਂ ਅਤੇ ਸ਼ੋਸ਼ਣ, ਗੁਲਾਮੀ, ਵਿਤਕਰੇ ਇਹ ਸਭ ਮੁੱਦੇ ਚੇਤਨਾ ਤੇ ਪ੍ਰਸਾਰ ਵੱਲ ਨਹੀਂ ਤੁਰਦੇ ਤੇ ਸਗੋਂ ਵਿਨਾਸ਼ਕਾਰੀ ਸਿੱਟੇ ਪੈਦਾ ਕਰਦੇ ਹਨ ।

ਇਸਦਾ ਇਹ ਸਿੱਟਾ ਸਾਹਮਣੇ ਆਉਂਦਾ ਹੈ ਕਿ ਭਾਵੇ ਹੀ ਦਹਿਸ਼ਤ ਗਰਦਾ ਨੇ ਭੋਲੀ-ਭਾਲੀ ਆਮ ਜਨਤਾ ਨੂੰ ਆਪਣੀ ਸ਼ਿਕਾਰ ਬਣਾਇਆ ਸੀ, ਪ੍ਰੰਤੂ ਉਹ ਆਪ ਵੀ ਸਟੇਟ ਦੀ ਸ਼ਕਤੀ ਤੋਂ ਬਚ ਨਹੀਂ ਸਕੇ ਸਨ। ਇਸ ਨਾਵਲ ਦੀ ਇੱਕ ਮਹੱਤਵਪੂਰਨ ਗੱਲ ਇਹ ਵੀ ਸਾਹਮਣੇ ਆਉਂਦੀ ਹੈ ਕਿ ਨਾਵਲ ਵਿੱਚ ਪੰਜਾਬ ਦੇ ਕਿਸਾਨੀ ਸੰਕਟ ਨੂੰ ਵੀ ਪੇਸ਼ ਕੀਤਾ ਗਿਆ ਹੈ । ਨਾਵਲ ਵਿੱਚ ਨਵਜੀਤ ਦਾ ਪਰਿਵਾਰ ਜੋ ਕਿ ਕਿਸਾਨੀ ਸੰਕਟ ਤੋਂ ਗੁਜ਼ਰਦਾ ਹੈ, ਨਵਜੀਤ ਦਾ ਛੋਟਾ ਭਰਾ ਜੋ ਕਿ ਕਿਸਾਨ ਯੂਨੀਅਨ ਵਿੱਚ ਹਿੱਸਾ ਲੈਂਦਾ ਹੈ ਤੇ ਦੁਆਰਾ ਯੂਨੀਵਰਸਿਟੀ ਵਿੱਚ ਵਿਦਿਆਰਥੀ ਲਹਿਰ ਦੇ ਵਿੱਚ ਨਵਜੀਤ ਦੀ ਦਿਲਚਸਪੀ ਦਿਖਾਉਣਾ, ਇਹ ਸਭ ਨਾਵਲਕਾਰ ਨੇ ਪੰਜਾਬ ਦੇ ਸੰਕਟ ਨੂੰ ਕਿਸਾਨਾਂ ਲਈ ਇੱਕ ਸਬਕ ਦੇ ਨੁਕਤੇ ਵਜੋਂ ਦੱਸਦਾ ਹੈ। ਇਸ ਨਾਵਲ ਵਿੱਚ ਕਿਸਾਨਾਂ ਦੇ ਜੀਵਨ ਨੂੰ ਕੇਂਦਰ ਵਿੱਚ ਰੱਖਿਆਂ ਗਿਆ ਹੈ। ਫੋਕਸ ਪੰਜਾਬ ਦੀ ਕਿਸਾਨੀ ਵਰਗ ਨੂੰ ਇਸਦੇ ਵਿੱਚ ਕੇਂਦਰ ਫੋਕਸ ਵਿੱਚ ਰੱਖਿਆਂ ਗਿਆ ਹੈ। ਇਸ ਨਾਵਲ ਵਿੱਚ ਕਿਸਾਨਾਂ ਦੇ ਜੀਵਨ ਦਾ ਇਤਿਹਾਸ ਸਾਡੇ ਸਾਹਮਣੇ ਆ ਜਾਂਦਾ ਹੈ। ਜਿਸ ਨੂੰ ਕਿ ਅਸੀਂ ਵਰਤਮਾਨ ਵਿੱਚ ਵੀ ਸਾਡੇ ਸਾਹਮਣੇ ਦੇਖ ਸਕਦੇ ਹਾਂ , ਹਰੀ ਕ੍ਰਾਂਤੀ ਦੇ ਆਉਣ ਕਾਰਨ ਨਵਜੀਤ ਦੇ ਪਰਿਵਾਰ ਵਾਲੇ ਸਾਂਝਾ ਟਰੈਕਟਰ ਲੈ ਲੈਂਦੇ ਹਨ , ਪ੍ਰੰਤੂ ਨਵਦੀਪ ਸਮੇਂ ਸਿਰ 'ਆਪਣੀ-ਮਰਿਆਦਾ' ਕਰਕੇ ਉਹ ਟਰੈਕਟਰ ਕਿਸੇ ਨੂੰ ਵੀ ਵੇਚਣ ਨਹੀਂ ਦਿੰਦਾ।

ਇਹ ਸਭ ਚੀਜ਼ਾਂ ਵਿਅਕਤੀਤਵ ਵੱਲ ਵੀ ਇਸ਼ਾਰਾ ਕਰ ਰਹੀਆਂ ਹਨ। ਜੋ ਕਿ ਹਰੀ ਕ੍ਰਾਂਤੀ ਆਉਣ ਕਾਰਨ ਵੀ ਕਿਸਾਨਾਂ ਦੇ ਹਿੱਤਾਂ ਵਿੱਚ ਨਹੀਂ ਹਨ। ਅਜੋਕੇ ਸਮੇਂ ਦਾ ਤਕਨੀਕੀ ਯੁੱਗ ਨੇ ਇਨਕਲਾਬ ਸਾਰਾ ਵਿਅਕਤੀ ਦੇ ਉੱਪਰ ਸਾਕਾਰ ਹੋ ਕੇ ਆਪਣੇ ਪੈਰਾ ਨੂੰ ਮਜ਼ਬੂਤ ਕੀਤਾ। ਇਸ ਨਾਵਲ ਵਿੱਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਆਪਣੀ ਚੀਜ਼ ਵੱਧ ਆਰਾਮ ਦਿੰਦੀ ਹੈ ਅਤੇ ਜੇਕਰ ਸਹਿਯੋਗ ਨਾਲ ਮਿਲ ਕੇ ਅਸੀਂ ਸਾਰੇ ਉਤਪਾਦਨ ਕਰੀਏ ਤਾਂ ਹੀ ਅਸੀਂ ਕਿਸਾਨੀ ਸੰਕਟ ਤੋਂ ਬੱਚ ਸਕਦੇ ਹਾਂ।

ਨਾਵਲ ਵਿੱਚ ਇਹ ਵੀ ਪੇਸ਼ ਕੀਤਾ ਹੈ ਕਿ ਲੋਕ ਇੱਕਠੇ ਰਹਿਣ ਦੀ ਥਾਂ ਖਿੰਡ ਰਹੇ ਹਨ, ਤੇ ਇੱਕ ਦੂਜੇ ਦੀ ਮਦਦ ਕਰਨ ਵਿੱਚ ਵੀ ਕੋਈ ਦਿਲਚਸਪੀ ਨਹੀਂ ਦਿਖਾ ਰਹੇ, ਤੇ ਇੱਕ ਦੂਜੇ ਨੂੰ ਛੱਡ ਰਹੇ ਹਨ। ਪੂੰਜੀਵਾਦ ਯੁੱਗ ਆ ਜਾਣ ਕਾਰਨ ਵਿਅਕਤੀਆਂ ਦੇ ਸੁਭਾਅ ਵਿੱਚ ਪਰਿਵਰਤਨ ਆਇਆਂ ਹੈ, ਤੇ ਜਿਸ ਕਾਰਨ ਕਿ ਉਹ ਆਪਣੇ ਆਪ ਵਿੱਚ ਕੈਦ ਹੁੰਦੇ ਜਾਂ ਰਹੇ ਹਨ। ਇਸ ਸਥਿਤੀ ਨੂੰ ਵੀ ਨਾਵਲ ਵਿੱਚ ਪੇਸ਼ ਕੀਤਾ ਗਿਆ ਹੈ। ਭਾਵੇ ਹੀ ਸ਼ਹਿਰਾਂ ਵਿੱਚ ਪੂੰਜੀਵਾਦ ਦਾ ਪ੍ਰਭਾਵ ਵੱਧ ਦਿਖਾਈ ਦੇ ਰਿਹਾ ਹੈ। ਤੇ ਪਿੰਡਾਂ ਵਿੱਚ ਸ਼ਹਿਰਾ ਦੇ ਮੁਕਾਬਲੇ ਇਕੱਠੇ ਰਹਿਣ ਦਾ ਰਿਵਾਜ਼ ਘੱਟ ਦਿਖਾਈ ਦਿੰਦਾ ਹੈ, ਤੇ ਇੱਕਲੇ ਰਹਿਣ ਦੀ ਤੀਬਰਤਾ ਵੱਧ ਰਹੀ ਦਿਖਾਈ ਦਿੰਦੀ ਹੈ ਵਿਅਕਤੀ ਜੋ ਕੰਮ ਕਰ ਰਿਹਾ ਹੈ, ਉਹ ਕਿਤੇ ਨਾ ਕਿਤੇ ਨਾ-ਪੱਖੀ ਤਾਂ ਹੈ ਹੀ, ਪਰ ਹਾ ਪੱਖੀ ਵੀ ਹੈ। ਇੱਕ ਪਾਸੇ ਤਾ ਜਾਂਗੀਰਦਾਰ ਵਰਗ ਦੀ ਗੁਲਾਮੀ ਹੁੰਦੀ ਨਜ਼ਰ ਆਉਂਦੀ ਹੈ, ਤੇ ਸਾਹ ਘੁਟਦਾ ਨਜ਼ਰ ਆਉਂਦਾ ਹੈ। ਪ੍ਰੰਤੂ ਦੂਸਰੇ ਪਾਸੇ ਆਧੁਨਿਕ ਮਨੁੱਖ ਸੁਤੰਤਰ ਹੁੰਦਾ ਨਜ਼ਰ ਆਉਂਦਾ ਹੈ।

ਨਾਵਲ ਵਿੱਚ ਉਪਭੋਗਤਾ ਵਾਦ ਜੋ ਕਿ ਤੇਜ਼ੀ ਨਾਲ ਵੱਧ ਰਿਹਾ ਹੈ, ਜਿਸ ਕਾਰਨ ਸਮਾਜ ਵਿੱਚ ਤਬਦੀਲੀ ਆ ਰਹੀ ਹੈ, ਜਿਵੇਂ ਕਿ ਅਸੀਂ ਦੇਖ ਸਕਦੇ ਹਾਂ ਕਿ ਕਰਨਬੀਰ ਜੋ ਕਿ ਇੱਕ ਸਧਾਰਨ ਹੱਟੀ ਤੋਂ ਕੱਪੜੇ ਖਰੀਦਣ ਦੀ ਥਾਂ ਖਾਸ ਬ੍ਰੈਂਡ ਵਾਲੇ ਕੱਪੜੇ ਖਰੀਦ ਕੇ ਪਾਉਣਾ ਜ਼ਿਆਦਾ ਪਸੰਦ ਕਰਦਾ ਹੈ। ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਦੇਖਦੇ ਹਾਂ, ਕਿ ਲੋਕਾਂ ਦਾ ਸ਼ਹਿਰਾਂ ਵਿੱਚ ਜਾਂ ਕਿ ਪੈਲਸਾਂ ਵਿੱਚ ਵਿਆਹ ਕਰਨਾ, ਤੇ ਲੋਕ ਮੇਲਿਆਂ ਵਿੱਚ ਜਿੱਥੇ ਦਿਲ ਖਿੱਚਵਾਂ ਤੇ ਮਨੋਰੰਜਨ ਕਰਨ ਵਾਲਾ ਕੋਈ ਲੱਗਾ ਹੈ, ਉੱਥੇ ਜਾਂ ਕੇ ਖੜੇ ਹੋਣਾ,

ਤੇ ਸ਼ਹਿਰਾਂ ਵਿੱਚ ਫ਼ਰਨੀਚਰ ਹਾਊਸ ਖੋਲਣੇ ਤੇ ਜੋ ਕਾਰੀਗਰ ਹਨ , ਉਨ੍ਹਾਂ ਦਾ ਕਾਰੋਬਾਰ ਇੱਕਦਮ ਵੱਧ ਜਾਣ ਕਰਕੇ ਅਮੀਰ ਹੋਣਾ ਤੇ ਫਿਲਮਾਂ ਵਿੱਚ ਐਕਟਰ ਬਣਨ ਦਾ ਸਪਨਾ ਪੂਰਾ ਹੋਣਾ । ਇਹ ਸਭ ਘਟਨਾਵਾਂ ਸਾਨੂੰ ਉਪਭੋਗਤਾ ਵਾਦ ਦੇ ਵੱਲ ਇਸ਼ਾਰਾ ਕਰਦੀਆਂ ਹਨ। ਜਿਸ ਵਿਚ ਹੱਸਦੇ-ਖੇਡਦੇ ਤੇ ਖਾਦੇ-ਪੀਂਦੇ, ਨੌਜਵਾਨਾ ਨੂੰ ਦਿਖਾਇਆਂ ਗਿਆ ਹੈ।

ਇਸ ਤਰ੍ਹਾਂ ਨਾਵਲ ਵਿੱਚ ਇਸਤੋਂ ਇਲਾਵਾ ਵਿੱਦਿਆਂ ਦੀ ਪੇਸ਼ਕਾਰੀ ਕਰਨ ਵਾਲੇ ਬਹੁਤ ਸਾਰੇ ਤੱਥ ਮੌਜੂਦ ਹਨ। ਇਸ ਵਿੱਚ ਕਾਲਜ ਵਿੱਚ ਪੜਨ ਦੇ ਚਾਹਵਾਨ ਵਿਦਿਆਰਥੀ ਜੋ ਕਿ ਟ੍ਰਿਊਸ਼ਨਾਂ ਦੇ ਪੈਸੇ ਨਹੀਂ ਦੇ ਸਕਦੇ, ਜਿਸ ਕਾਰਨ ਉਹ ਮਿਹਨਤ ਜਾਂ ਮਜ਼ਦੂਰੀ ਕਰਕੇ ਘੱਟ ਕੀਮਤ ਤੇ ਵਿਕਣ ਵਾਲੀ ਸਿੱਖਿਆ ਲੈਂਦੇ ਹਨ। ਇਸ ਤਰ੍ਹਾਂ ਕਰਨ ਤੋਂ ਬਿੰ ਨ੍ਹਾਂ ਉਨ੍ਹਾਂ ਕੋਲ ਹੋਰ ਕੋਈ ਰਸਤਾ ਵੀ ਨਹੀਂ ਬੱਚਦਾ। ਨਾਵਲ ਵਿੱਚ ਅਸੀਂ ਦੇਖਦੇ ਹਾ ਕਿ ਅਮੀਰ ਘਰਾਂ ਦੇ ਬੱਚੇ ਹੀ ਵਧੀਆਂ ਅਧਿਆਪਕਾਂ ਤੋਂ ਉਹ ਆਪਣੀ ਸਿੱਖਿਆ ਹਾਸਿਲ ਕਰ ਰਹੇ ਹਨ , ਪ੍ਰੰਤੂ ਜ਼ਰੂਰਤ ਮੰਦ ਨੌਜਵਾਨ ਰੁਜ਼ਗਾਰ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਤੇ ਚੰਗੇ ਅਧਿਆਪਕਾਂ ਤੋਂ ਸਿੱਖਿਆ ਹਾਸਿਲ ਨਹੀਂ ਕਰ ਪਾਉਦੇ। ਨਾਵਲ ਵਿੱਚ ਯੂਨੀਵਰਸਿਟੀ ਵਿਚਲੇ ਮਾਹੌਲ ਨੂੰ ਵੀ ਪੇਸ਼ ਕੀਤਾ ਗਿਆ , ਜੋ ਕਿ ਉੱਪਰੋਂ ਤਾਂ ਰੁਚੀ ਵਾਲਾ ਪ੍ਰਤੀਤ ਹੁੰਦਾ ਹੈ , ਪ੍ਰੰਤੂ ਅੰਦਰੋ ਭ੍ਰਿਸ਼ਟਾਚਾਰ ਨੂੰ ਦਿਖਾ ਰਿਹਾ ਹੈ। ਜੋ ਕਿ ਬੌਧਿਕਤਾ ਤੇ ਸਰਾਪ ਬਣ ਗਿਆ ਹੈ। ਨਾਵਲ ਵਿੱਚ ਪਤਾ ਚਲਦਾ ਹੈ ਕਿ ਪੰਜਾਬ ਦੇ ਸੰਕਟ ਦੇ ਦਿਨਾਂ ਵਿੱਚ ਯੂਨੀਵਰਸਿਟੀਆਂ ਵਿੱਚ ਜੋ ਵਿਦਵਾਨ ਸਨ, ਉਹ ਕਿਵੇਂ ਵਿਦਿਆਰਥੀਆਂ ਤੇ ਟੀਚਰਾਂ, ਤੇ ਘਟਨਾਵਾਂ ਤੇ ਸਥਿਤੀਆਂ ਆਦਿ ਕਾਰਨ ਯੂਨੀਵਰਸਿਟੀਆਂ ਬੰਜਰ ਹੋਈਆਂ ਦਿਖਾਈ ਦਿੰਦੀਆਂ ਹਨ। ਇੰਨ੍ਹਾਂ ਸਭ ਤੋਂ ਪਤਾ ਚੱਲਦਾ ਹੈ ਕਿ ਇੰਨ੍ਹਾਂ ਵਿਦਵਾਨਾਂ ਦੇ ਕਾਰਨ ਹੀ ਪੰਜਾਬ ਦੇ ਨੌਜਵਾਨ ਵਰਗ ਨੂੰ ਕੋਈ ਵੀ ਰੌਸ਼ਨੀ ਨਹੀਂ ਦਿਖਾਈ ਦੇ ਰਹੀ।

ਇਸ ਤਰ੍ਹਾਂ ਇਹ ਸਾਰਾ ਕੁੱਝ ਮਿਲ ਕੇ ਅਜਿਹੀ ਸਥਿਤੀ ਨੂੰ ਪੇਸ਼ ਕਰ ਰਿਹਾ ਹੈ, ਜੋ ਕਿ ਤੇਜ਼ੀ ਨਾਲ ਨਿਘਾਰ ਵੱਲ ਵੱਧ ਰਹੀ ਹੈ, ਤੇ ਮਨੁੱਖ ਦੀ ਸਥਿਤੀ ਦੇ ਬੌਧਕ ਨੂੰ ਬਿਆਨ ਕਰਦੀ ਹੈ। ਇਸ ਨਾਵਲ ਵਿੱਚ ਨਾਵਲਕਾਰ ਦੀ ਭਵਿੱਖ ਦ੍ਰਿਸ਼ਟੀ ਦਾ ਅੰਦਾਜ਼ਾ ਲਗਾਇਆਂ ਜਾਂ ਸਕਦਾ ਹੈ। ਇਸ ਨਾਵਲ ਦਾ ਮੁੱਖ ਵਿਸ਼ਾ ਸੰਕਟ ਦੇ ਆਲ੍ਹੇ-ਦੁਆਲੇ ਪੰਜਾਬ ਦੀ ਸਥਿਤੀ ਨੂੰ ਪੇਸ਼ ਕਰਦਾ ਹੈ ਤੇ ਇਸਦੀ ਪੇਸ਼ਕਾਰੀ ਯੁਕਤਬੰਦੀ ਵੱਲ ਇਸ਼ਾਰਾ ਕਰਦੀ ਹੈ। ਇਹ ਨਾਵਲ ਜਿਸਮਾਂ ਦੇ ਕਹਿਰ ਵਿੱਚ ਕੈਦ ਨੌਜਵਾਨ ਵਰਗ ਨੂੰ ਪੇਸ਼ ਕਰਦਾ ਹੈ, ਤੇ ਜਿਸ ਨੂੰ ਨਾਵਲਕਾਰ ਅਪਨਾਉਣ ਯੋਗ ਨਹੀਂ ਸਮਝਦਾ। ਪੰਜਾਬ ਦੇ ਸੰਕਟ ਦੀ ਜੋ ਗੱਲ ਸਾਡੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਅਲੱਗ-ਅਲੱਗ ਪ੍ਰਕਾਰ ਦੇ ਸੰਕਟ ਆਰਥਕ , ਸਮਾਜਕ, ਰਾਜਨੀਤਕ, ਮਨੋਕਾਮੁਕ, ਹਿੰਸਾ, ਜਿਸਮਾਂ ਦੇ ਜਾਲ ਵਿੱਚ ਫਸੇ , ਉਪਭੋਗਤਾਵਾਦ ਤੇ ਹਥਿਆਰ ਆਦਿ ਦਾ ਸਿੱਟਾ ਹਨ। ਚਿੰਨ੍ਹਤ ਤੇ ਚੇਤਨਾ ਕਾਰਨ ਜਿਸ ਤਰ੍ਹਾਂ ਦਾ ਸਮਾਜ ਬਣਦਾ ਹੈ, ਅਸੀਂ ਉਸੇ ਹੀ ਪ੍ਰਕਾਰ ਦੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਹੇ ਹਾਂ। ਨਾਵਲ ਵਿੱਚ ਕਾਮੁਕ ਵਿਵਹਾਰ ਨੂੰ ਮੁੱਖ ਸਾਧਨ ਵਜੋਂ ਪ੍ਰਯੋਗ ਕੀਤਾ ਗਿਆ ਹੈ। ਨਾਵਲ ਵਿੱਚ ਕੁੱਝ ਇਸ ਤਰਾਂ ਦੀਆਂ ਘਟਨਾਵਾਂ ਵੀ ਮਿਲਦੀਆਂ ਹਨ, ਜੋ ਨਾਵਲ ਦੀ ਰਚਨਾ ਵਿੱਚ ਸਵਾਲ, ਗੁੰਝਲਾਂ, ਤੇ ਸ਼ੰਕੇ ਪੈਦਾ ਕਰਦੀਆਂ ਹਨ। ਇਸਤੋਂ ਇਲਾਵਾ ਨਾਵਲ ਵਿੱਚ ਨੌਜਵਾਨ ਪੀੜ੍ਹੀ ਵਿੱਚ ਕਾਮੁਕਤਾ ਦੀ ਗੱਲ ਕੀਤੀ ਗਈ ਹੈ।

## 1.1 ਖੋਜ-ਕਾਰਜ ਦੇ ਉਦੇਸ਼

- ਤਕਨੀਕੀ ਕ੍ਰਾਂਤੀ ਦੇ ਕਰਕੇ ਵੱਧ ਰਹੇ ਉਪਭੋਗਤਾਵਾਦ ਅਤੇ ਪੂੰਜੀਵਾਦ ਦੌਰ ਦੇ ਸਰੋਕਾਰਾਂ ਦਾ ਸਪੱਸ਼ਟੀਕਰਨ ਕੀਤਾ ਗਿਆ ਹੈ।
- ਬੇਰੁਜ਼ਗਾਰੀ ਅਤੇ ਵਿਦਿਆਰਥੀਆਂ ਦੇ ਵਿੱਚ ਵੱਧ ਰਹੀ ਅਨੈਤਿਕਤਾ, ਅਪਰਾਧ ਨੂੰ ਪੇਸ਼ ਕੀਤਾ ਗਿਆ ਹੈ।
- ਇਸ ਖੋਜ ਕਾਰਜ ਦਾ ਵਿੱਚ ਕਿਸਾਨੀ ਸੰਕਟ ਨਾਲ ਜੁੜੇ ਹੋਏ ਵਿਭਿੰਨ ਸਰੋਕਾਰਾਂ ਦਾ ਸੱਪਸ਼ਟੀਕਰਨ ਕਰਨ ਦੀ ਕੋਸ਼ਿਸ ਕੀਤੀ ਹੈ।
- ਨੌਜਵਾਨ ਵਰਗ ਵਿੱਚ ਗਿਰ ਰਹੀਆਂ ਨੈਤਿਕ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਦੀ ਚਿੰਤਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ।
- ਇਸ ਖੋਜ ਕਾਰਜ ਰਾਹੀ ਸਮਾਜ ਦੀ ਪੁਲਿਸ ਵਿਵਸਥਾ ਦੇ ਵਿਭਿੰਨ ਪਹਿਲੂਆਂ ਦੀ ਪੜਚੋਲ ਕਰਦੇ ਹੋਏ ਉਨ੍ਹਾਂ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।
- ਇਸ ਖੋਜ ਕਾਰਜ ਵਿੱਚ ਵੀਹਵੀਂ ਸਦੀ ਦੇ ਅਖੀਰ ਵਿੱਚ ਪੈਦਾ ਹੋਏ ਸੰਕਟ ਵਹਿਸ਼ੀਅਤ , ਖੌਫ ਅਤੇ ਆਤੰਕ ਦੇ ਪਿਛੋਕੜ ਨੂੰ ਰੂਪਮਾਨ ਕਰਦੇ ਹੋਏ ਭਵਿੱਖ ਲਈ ਨਵੀਆਂ ਸੰਭਾਵਨਾਵਾਂ ਨੂੰ ਉਲੀਕਣਾ ਹੈ।

## 1.2 ਖੋਜ ਕਾਰਜ ਦੀ ਸਾਰਥਕਤਾ

'ਵੀਹਵੀਂ ਸਦੀ ਦੀ ਆਖਰੀ ਕਥਾ' ਨਾਵਲ ਸਾਡੇ ਸਾਹਮਣੇ ਜ਼ਿੰਦਗੀ ਦੇ ਯਥਾਰਥ ਨੂੰ ਸਾਫ਼ ਤੇ ਸ਼ਪੱਸਟ ਪੇਸ਼ ਕਰ ਰਿਹਾ ਹੈ, ਅੱਜ ਦਾ ਸਮਾਜ ਬਹੁਤ ਸਾਰੇ ਸੰਕਟਾਂ, ਸਮੱਸਿਆਵਾਂ, ਦਹਿਸ਼ਤਾਂ ਵਿੱਚ ਘਿਰਿਆ ਹੋਇਆ ਹੈ। 'ਵੀਹਵੀਂ ਸਦੀ ਦੀ ਆਖਰੀ ਕਥਾ' ਵਿੱਚ ਜੋ ਵਿਸ਼ੇ ਲਏ ਹਨ, ਜੇਕਰ ਉਸਦੀ ਅਜ਼ੋਕੇ ਦੌਰ ਵਿੱਚ ਪ੍ਰਸੰਗਿਕਤਾ ਦੇਖੀਏ, ਤਾਂ ਬਹੁਤ ਜ਼ਿਆਦਾ ਹੈ। ਇਹ ਨਾਵਲ ਜਿੰਨ੍ਹਾਂ ਵਿਸ਼ਿਆਂ ਨੂੰ ਆਧਾਰ ਬਣਾ ਕਿ ਪੇਸ਼ ਕੀਤਾ ਉਸਦੀ ਅਜ਼ੋਕੇ ਦੌਰ ਵਿੱਚ ਬਹੁਤ ਪ੍ਰਸੰਗਿਕਤਾ ਹੈ। ਨਾਵਲ ਵਿੱਚ ਜੋ ਘਟਨਾਵਾਂ ਵਾਪਰਦੀਆਂ ਹਨ ਜਿਵੇਂ ਕਿ ਅਸੀਂ ਕਿਸਾਨੀ ਸੰਕਟ ਨੂੰ ਦੇਖ ਸਕਦੇ ਹਾਂ, ਅੱਜ ਦਾ ਕਿਸਾਨ ਵੀ ਬਹੁਤ ਸਾਰੀਆਂ ਮੁਸਿਬਤਾਂ ਵਿੱਚ ਘਿਰਿਆਂ ਹੋਇਆਂ ਹੈ, ਜਿਸ ਕਾਰਨ ਕਿ ਉਸ ਨੂੰ ਸਾਰਾ ਕੰਮ ਕਰਜ਼ੇ ਲੈ-ਲੈ ਕੇ ਕਰਨਾ ਪੈਦਾ ਹੈ। ਜਿਸ ਕਾਰਨ ਕਿ ਉਸ ਨੂੰ ਕੋਈ ਫਾਇਦਾ ਨਹੀਂ ਹੁੰਦਾ, ਤੇ ਦੂਸਰਾ ਮੁੱਦਾ ਨਾਵਲ ਦਾ ਸਾਡੇ ਸਾਹਮਣੇ ਪੇਸ਼ ਕੀਤਾ ਹੈ, ਉਹ ਹੈ ਜਿਸਮੀ ਸੰਬੰਧ, ਜੋ ਕਿ ਅਜ਼ੋਕੇ ਸਮੇਂ ਦਾ ਸੱਚ ਹੈ, ਅੱਜ ਦੀ ਨੌਜਵਾਨ ਪੀੜ੍ਹੀ ਜ਼ਿਆਦਾਤਰ ਇਸ ਵੱਲ ਵੱਧ ਰਹੀ ਹੈ, ਤੇ ਆਪਣੇ ਰਾਸਤੇ ਤੋਂ ਭਟਕ ਰਹੀ ਹੈ। ਤੀਜਾਂ ਸਰੋਕਾਰ ਜੋ ਕਿ ਸਾਡੇ ਸਾਹਮਣੇ ਪੇਸ਼ ਆਉਂਦਾ ਹੈ, ਉਹ ਹੈ ਰਾਜਸੀ ਸੱਤਾ ਤੇ ਪੁਲਿਸ ਪ੍ਰਬੰਧ, ਰਾਜਸੀ ਸੱਤਾ ਵਾਲੇ ਲੋਕਾਂ ਨੂੰ ਧਰਮ ਦੇ ਨਾਮ ਤੇ ਭਰਮਾਉਂਦੇ ਹਨ, ਜੋ ਕਿ ਉਝ ਸਾਨੂੰ ਆਮ ਦੇਖਣ ਨੂੰ ਮਿਲਦਾ ਹੈ, ਤੇ ਅੱਜ ਦਾ ਪੁਲਿਸ ਪ੍ਰਬੰਧ ਵੀ ਪੰਜਾਬ ਵਿੱਚ ਸੰਕਟ ਤੋਂ ਘੱਟ ਨਹੀਂ ਹੈ, ਨਾਵਲਕਾਰ ਨੇ ਨਾਵਲ ਵਿੱਚ ਘਟਨਾਵਾਂ ਨੂੰ ਪੇਸ਼ ਕਰਕੇ ਸਾਨੂੰ ਇੱਕ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਇਸ ਨਾਵਲ ਦੀ ਬਹੁਤ ਸਾਰਥਿਕਤਾ ਹੈ, ਅਜੋਕੇ ਸਮੇਂ ਵਿੱਚ ਜੋ ਵਾਪਰ ਰਿਹਾ ਹੈ, ਉਸ ਨੂੰ ਆਧਾਰ ਬਣਾ ਕਿ ਹੀ ਇਹ ਨਾਵਲ ਪੇਸ਼ ਕੀਤਾ ਗਿਆਂ ਹੈ, ਤੇ ਸਾਡੀਆਂ ਅੱਖਾਂ ਤੋਂ ਪਰਦਾ ਉਠਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਤੇ ਸੱਚ ਸਾਡੇ ਸਾਹਮਣੇ ਪੇਸ਼ ਕੀਤਾ ਹੈ।

## 1.3 ਖੋਜ-ਵਿਧੀ

ਖੋਜ ਕਿਸੇ ਵੀ ਸਮਾਜ ਦੀ ਤਰੱਕੀ ਤੇ ਉੱਨਤੀ ਦਾ ਸੂਚਕ ਹੁੰਦਾ ਹੈ, ਜਿਸ ਰਾਹੀ ਸਮਾਜ ਦੇ ਵਿਭਿੰਨ ਉਸਾਰਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਹ ਨਾਵਲ ਸਮੁੱਚੇ ਰੂਪ ਵਿੱਚ ਸਮਾਜ ਸੱਭਿਆਚਾਰ ਦੀ ਪੇਸ਼ਕਾਰੀ ਹੈ। ਸਮਾਜ ਦੇ ਵਿਭਿੰਨ ਪਹਿਲੂਆਂ ਨੂੰ ਇਸ ਵਿੱਚ ਵਿਚਾਰਿਆ ਗਿਆ ਹੈ। ਜਿਵੇਂ ਕਿ ਇਸ ਵਿੱਚ ਸਮਾਜ ਦੇ ਉੱਚ ਵਰਗ, ਮੱਧ ਵਰਗ, ਤੇ ਹੇਠਲੇ ਵਰਗ ਦੇ ਲੋਕਾਂ ਦੇ ਸੱਚ ਨੂੰ ਪੇਸ਼ ਕੀਤਾ ਹੈ, ਤੇ ਇਸਤੋਂ ਇਲਾਵਾਂ ਤਕਨੀਕੀ ਕ੍ਰਾਂਤੀ ਕਾਰਨ ਉਪਭੋਗਤਾਵਾਦ ਤੇ ਪੂੰਜੀਵਾਦ ਦੌਰ ਦੇ ਸਰੋਕਾਰਾਂ ਨੂੰ ਪੇਸ਼ ਕੀਤਾ ਹੈ। ਬੇਰੁਜ਼ਗਾਰ ਅਤੇ ਗਰੀਬ ਵਿਦਿਆਰਾਥੀਆਂ ਦੀ ਸਥਿਤੀ ਨੂੰ ਪੇਸ਼ ਕੀਤਾ ਹੈ, ਤੇ ਪ੍ਰਾਈਵੇਟ ਆਦਾਰਿਆਂ ਵਿੱਚ ਵੱਧ ਰਹੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। ਇਸਤੋਂ ਇਲਾਵਾਂ ਇਸ ਵਿੱਚ ਕਿਸਾਨੀ ਸੰਕਟ ਨੂੰ ਪੇਸ਼ ਕੀਤਾ ਹੈ। ਨੌਜਵਾਨ ਵਰਗ ਵਿੱਚ ਨੈਤਿਕ ਕਦਰਾਂ ਕੀਮਤਾਂ ਤੇ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਤੇ ਸੰਤਾਪ ਨੂੰ ਪੇਸ਼ ਕੀਤਾ ਗਿਆਂ ਹੈ। ਪੰਜਾਬ ਵਿੱਚ ਪੁਲਿਸ ਪ੍ਰਬੰਧ ਤੇ ਰਾਜਸੀ ਸਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਖੋਜ ਕਾਰਜ ਵਿੱਚ ਸਮਾਜ ਦੀਆਂ ਵਿਭਿੰਨ ਦਿਸ਼ਾਵਾਂ ਵਿੱਚ ਬਦਲ ਰਹੇ ਹਲਾਤਾਂ ਦਾ ਅਧਿਐਨ ਕਰਨ ਲਈ ਸਮਾਜ-ਸ਼ਾਸਤਰੀ ਵਿਧੀ ਅਪਣਾਈ ਜਾਵੇਗੀ। ਸਾਹਿਤ ਸਮਾਜ ਦੇ ਆਪਸੀ ਅੰਤਰ ਸੰਬੰਧਾਂ ਤੇ ਅਧਾਰਿਤ ਇਸ ਖੋਜ ਕਾਰਜ ਨੂੰ ਵਿਚਾਰਿਆ ਜਾਵੇਗਾ। ਇਸ ਖੋਜ ਕਾਰਜ ਵਿੱਚ ਮਨੋਵਿਗਿਆਨਕ ਅਧਿਐਨ ਵਿਧੀ ਵੀ ਅਪਣਾਈ ਜਾਵੇਗੀ , ਕਿਉਂਕਿ ਵਿਭਿੰਨ ਪ੍ਰਸਥਿਤੀਆਂ ਦੇ ਵਿੱਚ ਬਦਲ ਰਹੀ ਮਾਨਸਿਕਤਾ ਇਸ ਨਾਵਲ ਦਾ ਮੁੱਖ ਵਿਸ਼ਾ ਹੈ। ਸਮਾਜ ਸ਼ਾਸਤਰ ਦੇ ਅਧਿਐਨ ਨਾਲ ਸੰਬੰਧਿਤ ਹੋਰ ਪੁਸਤਕਾਂ ਦਾ ਅਧਿਐਨ ਕੀਤਾ ਜਾਂਵੇਗਾ ਅਤੇ ਲੋੜ ਮੁਤਾਬਿਕ ਖੋਜ ਵਿਧੀਆਂ ਦੀ ਵਰਤੋਂ ਕੀਤੀ।

## 1.4 ਪੂਰਵ-ਖੋਜ ਕਾਰਜ

- ਅਮਨਦੀਪ ਕੌਰ, ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2013
- ਸਤਪਾਲ ਸਿੰਘ, 1960 ਦੇ ਬਾਅਦ ਦੇ ਪੰਜਾਬੀ ਨਾਵਲਾਂ ਦਾ ਸਮਾਜ- ਸ਼ਾਸਤਰੀ ਅਧਿਐਨ, ਕੁਰੂਕਸੇਤਰ ਯੂਨੀਵਰਸਿਟੀ, 2003
- ਸ਼ਹਿਨਾਜ਼ ਸਿੱਧੂ, ਗੁਰਦਿਆਲ ਸਿੰਘ ਦੀ ਨਾਵਲ ਰਚਨਾ ਦੇ ਸਮਾਜ-ਸ਼ਾਸਤਰੀ ਸਰੋਕਾਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2004
- ਸੁਰਜੀਤ ਸਿੰਘ, ਬਲਦੇਵ ਸਿੰਘ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013
- ਹਰਚਰਨ ਸਿੰਘ, ਨਾਨਕ ਸਿੰਘ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1991

- ਹਰਮੋਹਿੰਦਰ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007
- ਕੁਲਵਿੰਦਰ ਕੌਰ, ਨਾਨਕ ਸਿੰਘ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਕੁਰੂਕਸ਼ੇਤਰ ਯੂਨੀਵਰਸਿਟੀ, 2003
- ਗੁਰਦਿਆਲ ਸਿੰਘ ਦੀ ਨਾਵਲ ਰਚਨਾ: ਸਮਾਜ-ਸ਼ਾਸਤਰੀ ਅਧਿਐਨ, ਵਾਰਿਸ਼ ਸ਼ਾਹ ਫਾਊਡੇਸ਼ਨ, ਅੰਮ੍ਰਿਤਸਰ, 2004
- ਦਲਬੀਰ ਸਿੰਘ , ਹਰੀ ਸਿੰਘ ਦਿਲਬਰ ਦੀਆਂ ਕਹਾਣੀਆਂ ਦਾ ਸਮਾਜ- ਸ਼ਾਸਤਰੀ ਅਧਿਐਨ , ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ, 2001
- ਬਲਵਿੰਦਰ ਸਿੰਘ , ਪ੍ਰਗਤੀਵਾਦੀ ਪੰਜਾਬੀ ਨਾਵਲ ਦਾ ਸਮਾਜ- ਸ਼ਾਸਤਰੀ ਅਧਿਐਨ , ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ, 2001
- (ਪ੍ਰਕਾਸ਼ਿਤ) ਬਲਦੇਵ ਸਿੰਘ ਨਾਵਲ: ਸਮਾਜ-ਸਭਿਆਚਾਰਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015
- ਪ੍ਰਗਟ ਸਿੰਘ, 1990 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਸਮਾਜ-ਸ਼ਾਸਤਰੀ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2011

ਉਪਰੋਕਤ ਖੋਜ ਕਾਰਜ ਸਮਾਜ ਨਾਲ ਸੰਬੰਧਿਤ ਹਨ । ਸਮਾਜ-ਸ਼ਾਸਤਰੀ ਅਧਿਐਨ ਵਿਧੀ ਕਾਰਜ ਦੀ ਅਹਿਮ ਵਿਧੀ ਹੈ। ਇਸ ਖੋਜ ਕਾਰਜ ਵਿੱਚ ਵੀ 'ਵੀਹਵੀਂ ਸਦੀ ਦੀ ਆਖਰੀ ਕਥਾ ' ਦੀ ਵਿਧੀ ਵਿਚਾਰਨ ਦਾ ਯਤਨ ਹੈ । 'ਵੀਹਵੀਂ ਸਦੀ ਦੀ ਆਖਰੀ ਕਥਾ' ਇਹ ਨਾਵਲ ਪੰਜਾਬੀ ਵਿੱਚ ਬਹੁਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ , ਇਸ ਨਾਵਲ ਦੇ ਅੰਤ ਵਿੱਚ ਪੈਦਾ ਹੋਇਆ, ਪ੍ਰਸਿਥੀਆਂ ਦੇ ਚਿੱਤਰਨ ਜੋ ਕਿ ਅਜੋਕੇ ਸਮੇਂ ਦੀ ਨੀਨਹ ਜਾਂ ਬੁਨਿਆਦ ਬਣਦੀਆਂ ਹਨ , ਇਸ ਕਰਕੇ ਇਹ ਨਾਵਲ ਥੀਮਗਤ ਪੱਖੋਂ ਬਹੁਤ ਡੂੰਘੇ ਅਰਥ ਰੱਖਦਾ ਹੈ । ਅਕਾਡਮਿਕ ਪੱਧਰ ਤੇ ਇਸ ਨਾਵਲ ਉੱਪਰ ਕੋਈ ਖੋਜ ਕਾਰਜ ਨਹੀਂ ਹੋਇਆ, ਇਸ ਖੋਜ ਕਾਰਜ ਰਾਹੀ ਇਸ ਨਾਵਲ ਦੀਆਂ ਵਿਭਿੰਨ ਸੰਭਾਵਨਾਵਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਖੋਜ ਕਾਰਜ ਆਪਣੇ-ਆਪ ਵਿੱਚ ਨਿਵੇਕਲਾ ਹੈ।

## 1.5 ਖੋਜ ਕਾਰਜ ਦਾ ਖੇਤਰ

ਇਸ ਨਾਵਲ ਦਾ ਮੁੱਖ ਖੇਤਰ ਬਲਜਿੰਦਰ ਨਸਰਾਲੀ ਦੇ ਨਾਵਲ 'ਵੀਹਵੀਂ ਸਦੀ ਦੀ ਆਖ਼ਰੀ ਕਥਾ' ਦੀਆਂ ਵਿਭਿੰਨ ਸਰੋਕਾਰ ਤੇ ਪ੍ਰਵਿਰਤੀਆਂ ਤੇ ਅਧਾਰਿਤ ਹੋਵੇਗਾ। ਇਸ ਖੋਜ ਕਾਰਜ ਵਿੱਚ ਇਸ ਨਾਵਲ ਦੀਆਂ ਵਿਭਿੰਨ ਸਥਿਤੀਆਂ ਉਨ੍ਹਾਂ ਦੇ ਪਿਛੋਕੜ ਅਤੇ ਪ੍ਰਭਾਵਾਂ ਦਾ ਸਪੱਸ਼ਟੀਕਰਨ ਕਰਨਾ ਹੋਵੇਗਾ।

## 1.6 ਖੋਜ ਕਾਰਜ ਦੀਆਂ ਸੰਭਾਵਨਾਵਾਂ

ਪੰਜਾਬ ਬਹੁਤ ਵੱਡੇ ਸੰਕਟ ਦੌਰ ਵਿੱਚੋਂ ਗੁਜ਼ਰਿਆਂ ਹੈ। ਪੰਜਾਬ ਨੂੰ ਦਹਿਸ਼ਤ ਤੇ ਖੌਫ਼ਨਾਕ ਭਰੇ ਦਿਨ੍ਹਾਂ ਦੇ ਕਹਿਰ ਤੇ ਹਨੇਰੇ ਨੂੰ ਆਪਣੇ ਪਿੰਡੇ ਤੇ ਜ਼ਰਿਆ ਹੈ। ਇਸ ਨਾਵਲ ਨੇ ਅਜਿਹੀ ਸਥਿਤੀ ਦੇ ਪਿਛੋਕੜ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ, ਸੋ ਇਸ ਖੋਜ ਕਾਰਜ ਵਿੱਚ ਕੋਸ਼ਿਸ ਕੀਤੀ ਗਈ ਹੈ ਕਿ ਸਮਾਜ ਸੱਭਿਆਚਾਰ ਵਿੱਚ ਕਿਹੜੇ ਪਰਿਵਰਤਨਾਂ ਦੀ ਅਵਸ਼ੱਕਤਾ ਹੈ, ਜਿਸ ਨਾਲ ਪੰਜਾਬ ਨੂੰ ਮੁੜ ਅਜਿਹੇ ਸਤਾਪ ਤੇ ਕਹਿਰ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਖੋਜ ਨਿਬੰਧ ਨੂੰ ਤਿਆਰ ਕਰਨ ਅਤੇ ਇਸਨੂੰ ਸਿਰੇ ਚਾੜ੍ਹਣ ਵਿੱਚ ਮੇਰੇ ਨਿਗਰਾਨ ਪ੍ਰੋ. ਹਰਪ੍ਰੀਤ ਸਿੰਘ ਜੀ ਨੇ ਮੇਰੀ ਬਹੁਤ ਮਦਦ ਕੀਤੀ ਹੈ। ਉਨ੍ਹਾਂ ਦੀ ਵਿਦਵਤਾ ਭਰਪੂਰ ਸੁਝਾਵਾਂ ਨਾਲ , ਮੇਰਾ ਨਿਰੰਤਰ ਮਾਰਗ ਦਰਸ਼ਨ ਹੁੰਦਾ ਰਿਹਾ ਹੈ। ਇਸ ਖੋਜ ਨਿਬੰਧ ਨਾਲ ਜੁੜੇ ਭਿੰਨ- ਭਿੰਨ ਅਕਾਦਮਕ ਮਸਲਿਆਂ ਨੂੰ ਹੱਲ ਕਰਨ ਵਿੱਚ ਉਨ੍ਹਾਂ ਨੇ ਮੈਨੂੰ ਕਦਮ-ਕਦਮ ਤੇ ਸਹਿਯੋਗ ਦਿੱਤਾ ਹੈ। ਮੈਂ ਹਮੇਸ਼ਾਂ ਉਨ੍ਹਾਂ ਦੀ ਰਿਣੀ ਰਹਾਗੀ।

## ਹਵਾਲੇ ਤੇ ਟਿੱਪਣੀਆਂ


1. ਪ੍ਰੋ ਬ੍ਰਹਮਜਗਦੀਸ਼, ਸਮਾਲੋਚਨਾ ਸ਼ਾਸਤਰ, ਪੰਨਾ-31
2. ਉਹੀ ਪੰਨਾ-31
3. ਪ੍ਰੋ ਬ੍ਰਹਮਜਗਦੀਸ਼, ਸਮਾਲੋਚਨਾ ਸ਼ਾਸਤਰ, ਪੰਨਾ-32
4. ਰੋਸ਼ਨ ਲਾਲ ਅਹੂਜਾ, ਸਾਹਿਤ ਸ਼ਾਸਤਰ, ਪੰਨਾ-10
5. ਪ੍ਰੋ ਬ੍ਰਹਮਜਗਦੀਸ਼, ਸਮਾਲੋਚਨਾ ਸ਼ਾਸਤਰ, ਪੰਨਾ-32
6. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ( ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ), ਪੰਨਾ-39
7. ਉਹੀ ਪੰਨਾ-39
8. ਬਲਦੇਵ ਸਿੰਘ, ਸਮਾਜ ਤੇ ਸੱਭਿਆਚਾਰ, ਪੰਨਾ-3
9. ਬਲਦੇਵ ਸਿੰਘ, ਸਮਾਜ ਤੇ ਸੱਭਿਆਚਾਰ, ਪੰਨਾ-4
10. ਬਲਦੇਵ ਸਿੰਘ, ਸਮਾਜ ਤੇ ਸੱਭਿਆਚਾਰ, ਪੰਨਾ-7
11. ਬਲਦੇਵ ਸਿੰਘ, ਸਮਾਜ ਤੇ ਸੱਭਿਆਚਾਰ, ਪੰਨਾ-9
12. ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ

# ਅਧਿਆਇ-ਦੂਜਾ

## ਪੂੰਜੀਵਾਦ ਅਤੇ ਉਪਭੋਗਤਾਵਾਦ ਦੇ ਸੰਦਰਭ ਵਿੱਚ ਵਿੱਦਿਆ ਦਾ ਵਪਾਰੀਕਰਨ

# ਅਧਿਆਇ - ਦੂਜਾ

# ਪੂੰਜੀਵਾਦ ਅਤੇ ਉਪਭੋਗਤਾਵਾਦ ਦੇ ਸੰਦਰਭ ਵਿੱਚ ਵਿੱਦਿਆ ਦਾ ਵਪਾਰੀਕਰਨ

ਸਿੱਖਿਆ ਇੱਕ ਅਜਿਹਾ ਸਾਧਨ ਹੈ , ਜਿਸ ਨਾਲ ਕਿਸੇ ਵੀ ਸਮਾਜ ਅਤੇ ਰਾਸ਼ਟਰ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾਂ ਸਕਦੀ ਹੈ। ਅਸੀਂ ਇਸ ਗੱਲ ਨੂੰ ਵੀ ਅੱਖੋਂ ਉਹਲੇ ਨਹੀਂ ਕਰ ਸਕਦੇ , ਹਰ ਦੇਸ਼ ਦੀਆਂ ਸਮੱਸਿਆਵਾਂ ਤੇ ਲੋੜਾਂ ਦਾ ਹੱਲ ਸਿੱਖਿਆ ਪ੍ਰਣਾਲੀ ਦੁਆਰਾ ਹੀ ਦੂਰ ਕੀਤਾ ਜਾਂ ਸਕਦਾ ਹੈ। ਜਿਵੇਂ ਸਾਹਿਤ ਕਿਸੇ ਵੀ ਸਮਾਜ ਦਾ ਦਰਪਣ ਹੈ, ਉਸੇ ਤਰ੍ਹਾਂ ਸਿੱਖਿਆ ਨੀਤੀ ਵੀ ਕਿਸੇ ਦੇਸ਼ ਦੀ ਨੀਂਹ ਹੈ। ਉਹ ਸਿੱਖਿਆਂ ਪ੍ਰਣਾਲੀ ਹੀ ਹਮੇਸ਼ਾ ਸਫ਼ਲ ਮੰਨੀ ਜਾਂਦੀ ਹੈ ਜੋ ਦੇਸ਼ ਦੇ ਆਰਥਕ , ਸਮਾਜਕ ਤੇ ਸੱਭਿਆਚਾਰਕ ਵਾਤਾਵਰਨ ਦੇ ਅਨੁਸਾਰ ਹੋਵੇ। ਜਿਸ ਦੇਸ਼ ਦੀ ਸਿੱਖਿਆ ਪ੍ਰਣਾਲੀ ਆਪਣੇ ਨਾਗਰਿਕਾਂ ਲਈ ਵਿਕਸਤ ਜੀਵਨ ਜਿਉਣ ਦੇ ਮੌਕੇ ਦਿੰਦੀ ਹੈ, ਉਹ ਸਮਾਜ ਤੇ ਉਹ ਦੇਸ਼ ਇੱਕ ਦਿਨ ਵਿਕਸਤ ਹੋ ਜਾਂਦਾ ਹੈ। ਇਹ ਵੀ ਅਸੀਂ ਦੇਖ ਸਕਦੇ ਹਾਂ ਕਿ ਭਾਰਤ ਦੀ ਸਿੱਖਿਆ ਪ੍ਰਣਾਲੀ ਆਜ਼ਾਦੀ ਦੇ ਸਮੇਂ ਤੋਂ ਹੀ ਆਪਣੇ ਉਦੇਸ਼ ਤੋਂ ਭਟਕੀ ਹੋਈ ਹੈ। ਇਹ ਕਹਿਣ ਵਿੱਚ ਕੋਈ ਸ਼ੱਕ ਨਹੀ ਂ ਕਿ ਅੰਗਰੇਜ਼ਾਂ ਵੱਲੋਂ ਵਿਛਾਈ ਸਿੱਖਿਆ ਪ੍ਰਣਾਲੀ ਰੂਪੀ ਲੀਹਾਂ ਜੋ ਸਮੇਂ ਰੂਪੀ ਲੀਹਾਂ ਜੰਗ ਨੇ ਖਾ ਲਈਆਂ ਹਨ। ਹਰ ਆਮ ਵਿਅਕਤੀ ਨੂੰ ਪਤਾ ਹੈ ਕਿ ਕਦੋਂ ਤੱਕ ਸੁਪਰ ਫਾਸਟ ਗੱਡੀਆਂ ਸੁਰੱਖਿਅਤ ਆਪਣੀ ਮੰਜ਼ਿਲ ਤੱਕ ਪਹੁੰਚ ਸਕਦੀਆਂ ਹਨ।

ਬੇਸ਼ਕ ਭਾਰਤੀ ਸਿੱਖਿਆ ਨੀਤੀ ਨੂੰ ਇੱਕ ਸਹੀ ਦਿਸ਼ਾ ਦੇਣ ਲਈ ਸਮੇਂ-ਸਮੇਂ ਤੇ ਕਮਿਸ਼ਨ ਜਾਂ ਕਮੇਟੀਆਂ ਦਾ ਗਠਨ ਕੀਤਾ ਗਿਆ, ਤੇ ਇੰਨ੍ਹਾਂ ਦੇ ਨਤੀਜੇ ਵੀ ਪ੍ਰਾਪਤ ਹੋਏ। ਪ੍ਰੰਤੂ ਅਫ਼ਸੋਸ ਇਸ ਗੱਲ ਦਾ ਹੈ ਕਿ ਇੰਨ੍ਹਾਂ ਨੂੰ ਲਾਗੂ ਕਰਨ ਵਿੱਚ ਕੋਈ ਪੱਕੀ ਇੱਛਾ ਸ਼ਕਤੀ ਨਾ ਦਿਖਾਈ ਗਈ। ਜਿਸ ਕਾਰਨ ਭਾਰਤੀ ਸਿੱਖਿਆ ਪ੍ਰਣਾਲੀ ਆਪਣੀ ਦਿਸ਼ਾ ਜਾਂ ਰਾਹ ਤੋਂ ਭਟਕ ਗਈ। ਕੇਂਦਰੀ ਸਰਕਾਰ ਵੱਲੋਂ ਸੰਵਿਧਾਨ ਦੀ 86 ਵੀਂ ਸੋਧ ਦੁਆਰਾ 2002 ਵਿੱਚ ਦੇਸ਼ ਦੇ ਹਰ ਬੱਚੇ ਨੂੰ ਲਾਜ਼ਮੀ ਤੇ ਮੁਫ਼ਤ ਸਿੱਖਿਆ ਸੰਵਿਧਾਨਕ ਅਧਿਕਾਰ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ ਤੇ ਅੱਜ ਸਿੱਖਿਆ ਦਾ ਅਧਿਕਾਰ ਐਕਟ-2009 ਲਾਗੂ ਹੈ। ਜਿਸਦੇ ਤਹਿਤ ਬੱਚਿਆਂ ਨੂੰ ਲਾਜ਼ਮੀ ਤੇ ਮੁਫ਼ਤ ਸਿੱਖਿਆ ਲੈਣ ਦਾ ਅਧਿਕਾਰ ਪ੍ਰਾਪਤ ਹੈ।

ਇਸ ਐਕਟ ਦੇ ਦੌਰਾਨ ਹਰ ਬੱਚੇ ਨੂੰ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਤੱਕ ਰੋਕਿਆਂ ਨਹੀਂ ਜਾਂ ਸਕਦਾ ਤੇ ਉਸ ਨੂੰ ਸਿੱਖਿਆ ਲੈਣ ਦਾ ਹੱਕ ਹੈ। ਅਜਿਹਾ ਵੀ ਸਮਝਿਆਂ ਜਾਂ ਸਕਦਾ ਹੈ ਕਿ ਕੋਈ ਵੀ ਅੱਠਵੀਂ ਜਮਾਤ ਤੱਕ ਪੜ੍ਹਦਾ ਵਿਦਿਆਰਥੀ ਸਕੂਲ ਵਿੱਚ ਇੱਕ ਵਾਰ ਦਾਖਲ ਹੋਣ ਤੋਂ ਬਾਅਦ ਬੇਸ਼ਕ ਇੱਕ ਦਿਨ ਵੀ ਸਕੂਲ ਵਿੱਚ ਬਾਹਰ ਕੱਢਿਆਂ ਨਹੀਂ ਜਾਂ ਸਕਦਾ। ਚਾਹੇ 'ਈ' ਗਰੇਡ ਵਿੱਚ ਹੀ ਹੋਵੇ , ਉਸ ਨੂੰ ਅਗਲੀ ਕਲਾਸ ਵਿੱਚ ਭੇਜ ਦਿੱਤਾ ਜਾਂਵੇਗਾ। ਅਜਿਹਾ ਹੋਣ ਦੇ ਬਾਵਜੂਦ ਵੀ ਵੱਡੀ ਗਿਣਤੀ ਵਿੱਚ ਭਾਰਤੀ ਬੱਚੇ ਪੜ੍ਹਾਈ ਤੋਂ ਵਾਂਝੇ ਹੋ ਰਹੇ ਹਨ। ਸਰਕਾਰ ਦੀ ਇਸ ਗੱਲ ਤੋਂ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਗਰੀਬ ਬੱਚਿਆਂ ਨੂੰ ਸਕੂਲਾਂ ਵੱਲ੍ਹ ਆਕਰਸ਼ਿਤ ਕਰਨ ਦੇ ਮੰਤਵ ਨਾਲ ਵਿਦਿਆਰਥੀਆਂ ਦਾ ਵਿੱਦਿਅਕ ਮਿਆਰ ਉੱਚਾ ਚੁੱਕਣ ਲਈ ਉਨ੍ਹਾਂ ਵਿੱਚ ਸਕਾਰਾਤਮਕ ਮੁਕਾਬਲੇ-ਬਾਜ਼ੀ ਪੈਦਾ ਕਰਨ ਲਈ ਵਜ਼ੀਫ਼ੇ ਆਦਿ ਵੀ ਦਿੱਤੇ ਜਾਂਦੇ ਸਨ।

ਪ੍ਰੰਤੂ ਇੱਕ ਸੱਚ ਸਾਨੂੰ ਇਹ ਵੀ ਨਜ਼ਰ ਆਉਂਦਾ ਹੈ, ਕਿ ਬਹੁਤ ਸਾਰੇ ਕਾਬਿਲ ਵਿਦਿਆਰਥੀ ਇੰਨ੍ਹਾਂ ਸਭ ਚੀਜ਼ਾਂ ਭਾਵ ਕਿ ਆਪਣੀ ਗਰੀਬੀ ਕਾਰਨ ਉਹ ਅੱਗੇ ਨਹੀਂ ਜਾਂ ਸਕਦੇ ਵਧੀਆ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਦਾਖਲਾ ਨਹੀਂ ਲੈ ਸਕਦੇ। ਉਨ੍ਹਾਂ ਵਿੱਚ ਕਾਬਲੀਅਤ ਤਾਂ ਹੁੰਦੀ ਹੈ, ਪ੍ਰੰਤੂ ਆਪਣੀ ਗਰੀਬੀ ਕਾਰਨ ਉਹ ਜਿਹੀ ਸਿਖਿਆ ਉਨ੍ਹਾਂ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ, ਉਸ ਪ੍ਰਕਾਰ ਦੀ ਸਿੱਖਿਆ ਲੈਣ ਤੋਂ ਪਿੱਛੇ ਰਹਿ ਜਾਂਦੇ ਹਨ ,'20ਵੀਂ ਸਦੀ ਦੀ ਆਖਰੀ ਕਥਾ ' ਅਜੋਕੇ ਦੋਰ ਤੇ ਅਧਾਰਿਤ ਹੈ । ਜੋ ਕਿ ਬਲਜਿੰਦਰ ਨਸਰਾਲੀ ਦਾ ਲਿਖਿਆਂ ਹੋਇਆ ਹੈ। ਉਨ੍ਹਾਂ ਨੇ ਇਸ ਨਾਵਲ ਵਿੱਚ ਅਜੋਕੇ ਸਮੇਂ ਵਿੱਚ ਜੋ ਵਾਪਰ ਰਿਹਾ ਹੈ, ਉਸ ਨੂੰ ਸਾਡੇ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਦੱਸਿਆਂ ਹੈ ਕਿ ਕਿਵੇਂ ਨਵਦੀਪ ਜੋ ਕਿ ਇੱਕ ਕਾਬਿਲ ਵਿਦਿਆਰਥੀ ਹੋਣ ਦੇ ਬਾਵਜੂਦ ਵੀ ਫੀਸ ਦੇ ਪਰਚੇ ਕਾਰਨ ਦੁਬਿਧਾ ਵਿੱਚ ਹੁੰਦਾ ਹੈ ਕਿ ਉਹ ਕਾਲਜ ਤੋਂ ਐਮ.ਏ. ਕਰੇ ਜਾਂ ਯੂਨੀਵਰਸਿਟੀ ਤੋਂ ਜਦਕਿ ਉਸਦੇ ਬਾਕੀ ਸਾਥੀ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਜਾਂ ਰਹੇ ਸਨ।

ਇਸਤੋਂ ਇਲਾਵਾ ਜੇਕਰ ਅਸੀਂ ਨੌਕਰੀ ਦੀ ਸਮੱਸਿਆਂ ਦੀ ਨੂੰ ਅੱਜ-ਕੱਲ੍ਹ ਦੇਖੀਏ ਤਾਂ ਸਰਕਾਰੀ ਨੌਕਰੀਆਂ ਦੀ ਕੋਈ ਗੁੰਜ਼ਾਇਸ਼ ਨਹੀਂ ਹੈ, ਜੇਕਰ ਕਿਤੇ ਨੌਕਰੀ ਮਿਲਦੀ ਵੀ ਹੈ ਤਾਂ ਪ੍ਰਾਈਵੇਟ। ਅੱਜ ਦਾ ਦੌਰ ਰਿਸ਼ਵਤ ਦਾ ਹੈ। ਜੇਕਰ ਕਿਸੇ ਨੇ ਨੌਕਰੀ ਕਰਨੀ ਵੀ ਹੈ ਤਾਂ ਉਸਦੇ ਲਈ ਰਿਸ਼ਵਤ ਦੇਣੀ ਪੈਦੀ ਹੈ , ਜਿਸ ਕਾਰਨ ਬੱਚੇ ਭਾਵੇ ਨੌਕਰੀ ਦੇ ਹੀ ਕਾਬਿਲ ਹੋਣ ਪ੍ਰੰਤੂ ਮਾ ਂ-ਬਾਪ ਨੂੰ ਉਨ੍ਹਾਂ ਦੀ ਕਾਬਲੀਅਤ ਤੇ ਸ਼ੱਕ ਹੋ ਜਾਂਦਾ ਹੈ , ਤੇ ਉਹ ਰਿਸ਼ਵਤ ਦੇਣ ਤੋਂ ਪਿੱਛੇ ਨਹੀਂ ਹੱਟਦੇ। ਅਜਿਹਾ ਹੀ 'ਵੀਹਵੀਂ ਸਦੀ ਦੀ ਆਖਰੀ ਕਥਾ ' ਨਾਵਲ ਵਿੱਚ ਪੇਸ਼ ਨਵਦੀਪ ਨੂੰ ਦੇਖ ਸਕਦੇ ਹਾਂ, ਕਿ ਨਵਦੀਪ ਨਾ ਦਾ ਪਾਤਰ ਹੋ ਕੇ ਇੰਟਰਵਿਊ ਦੇਣ ਦੇ ਕਾਬਿਲ ਹੈ , ਤੇ ਇੰਟਰਵਿਊ ਦੇਣ ਲਈ ਤਿਆਰ ਵੀ ਹੈ , ਪ੍ਰੰਤੂ ਅਸੀਂ ਉਸਦੇ ਪਿਤਾ ਨੂੰ ਉਸਤੇ ਯਕੀਨ ਨਹੀਂ ਹੈ, ਤੇ ਉਹ ਅੱਜ ਦੇ ਜ਼ਮਾਨੇ ਤੋਂ ਡਰਦਾ ਨਵਦੀਪ ਦੀ ਉਸਦੇ ਮਨ੍ਹਾ ਕਰਨ ਤੇ ਵੀ ਸਿਫਾਰਸ਼ ਕਰ ਦਿੰਦਾ ਹੈ, ਜਿਸ ਕਾਰਨ ਨਵਦੀਪ ਦਾ ਪਿਤਾ ਕਹਿੰਦਾ ਹੈ :-

> " ਮੈ ਤੇਰੀ ਇੰਟਰਵਿਊ ਬਾਰੇ ਗੋਗੀ ਨੂੰ ਦੱਸਿਆ ਤੀ। ਉਸਨੇ ਮੈਨੇਜਰ ਨੂੰ ਫੂਟ
> ਕਰਕੇ ਤੇਰਾ ਨਾਮ ਨੋਟ ਕਰਾਤਾ ਤੀ। ਨੌਕਰੀ ਦਾ ਮਸਲਾ ਤਾਂ ਤੇਰਾ ਹੱਲ ਹੋਇਆ ਸਮਝ
> " ਬਾਪੂ ਨੇ ਕਿਸੇ ਜੇਤੂ , ਕਿਸਮ ਦੇ ਅਹਿਸਾਸ ਨਾਲ ਕਿਹਾ।
> "ਥੋਨੂੰ ਕਿਸਨੇ ਕਿਹਾ ਸੀ ਮੇਰੀ ਸਿਫ਼ਾਰਸ ਲਗਵਾਉਣ ਨੂੰ ?
> ਮੈ ਗੋਗੀ ਦੀ ਦਿੱਤੀ ਨੌਕਰੀ ਲੈ ਲੰਗਾ? ਬੇਅਕਲੀ ਦੀ ਵੀ ਕਈ ਹੱਦ ਹੁੰਦੀ ਐ",
> ਉਸਤੋਂ ਕਿਹਾ ਗਿਆ।"[1]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੇਸ਼ ਖ਼ਾਲਿਸਤਾਨ ਖਾੜਕੂਆਂ ਨੂੰ ਵੀ ਦੇਖ ਸਕਦੇ ਹਾਂ। ਕਿ ਕਿਵੇਂ ਉਹ ਸਕੂਲਾਂ ਤੇ ਕਾਲਜਾਂ ਤੇ ਕਬਜਾਂ ਕਰਕੇ, ਉਨ੍ਹਾਂ ਨੂੰ ਡਰ੍ਹਾਂ ਤੇ ਧਮਕਾ ਕਿ ਆਪਣੀ ਕਿਸ ਪ੍ਰਕਾਰ ਦੀ ਸਿੱਖਿਆ ਦੇਣੀ ਚਾਹੁੰਦੇ ਹਨ ਤੇ ਉਨ੍ਹਾਂ ਤੋਂ ਇੱਥੋਂ

ਤੱਕ ਕਿ, ਕੱਪੜੇ ਵੀ ਆਪਣੀ ਮਨ -ਪਸੰਦ ਦੇ ਪਵਾਉਂਦੇ ਹਨ। ਇਸਦੀ ਝਲਕ ਅਸੀਂ ਨਾਵਲ ਵਿੱਚ ਆਸ਼ੂ ਦੀ ਦਾਦੀ ਦੁਆਰਾ ਦੇਖ ਸਕਦੇ ਹਾਂ ਜਦੋ ਉਹ ਕੁਲਵੰਤ ਕੌਰ ਨੂੰ ਪੁੱਛਦੀ ਹੈ:-

" ਮੈ ਤਾਂ ਭਾਈ ਵਰਦੀ ਬਾਰੇ ਪੁੱਛਣ ਆਈ ਆ। ਜਪੀ ਤੇ ਮਾਲੀ ਕਲੇਸ਼ ਪਾਈ ਬੈਠੇ
ਨੇ ਅਖੇ ਸਕੂਲ ਵਾਲਿਆਂ ਨੇ ਕੇਸਰੀ ਪੱਗ ਤੇ ਕੇਸਰੀ ਚੁੰਨੀ ਲਾਤੀ ਕਹਿੰਦਾ ਪੀ.ਟੀ
ਮਾਸਟਰ ਰੋਜ਼ ਕੁੱਟਦੇ ਨਾ ਉਹ ਕਾਲੇ ਜਿਹੇ ਦਾ ਜਾਂਦਾ ਹੱਥ ਖੁੱਲਿਆ ਅਜੇ ਦੋ ਮਹੀਨੇ
ਪਹਿਲਾ ਤਾਂ ਨਾਭੀ ਪੱਗ ਲੈ ਕੇ ਦਿੱਤੀ ਐ? ਬੁੱਢੀ ਮੰਜੇ ਦੀ ਬਾਹੀ ਤੇ ਬੈਠ ਗਈ।
" ਤਾਈ ਸਕੂਲ ਵਾਲਿਆ ਨੂੰ ਖਾੜਕੂਆ ਦਾ ਹੁਕਮ ਆਇਐ, ਕਹਿੰਦੇ ਕੇਸਰੀ ਪੱਗਾ
ਤੇ ਚੁੰਨੀਆ ਲਗਾਉ।"[2]

ਇਸੇ ਤਰ੍ਹਾਂ ਜੇਕਰ ਅਸੀਂ ਬੱਚਿਆਂ ਦੀ ਗੱਲ ਕਰਦੇ ਹਾ, ਤਾਂ ਅਧਿਆਪਕ ਉਨ੍ਹਾਂ ਨੂੰ ਸਕੂਲਾਂ ਵਿੱਚ ਵਧੀਆ ਨਹੀਂ ਪੜਾਉਂਦੇ, ਤਾਂ ਕਿ ਬੱਚਿਆ ਨੂੰ ਟਿਊਸ਼ਨਾ ਲੈਣ ਲਈ ਮਜਬੂਰ ਹੋਣਾ ਪਵੇ ਤੇ ਉਹ ਬੱਚੇ ਸਕੂਲ ਤੋਂ ਬਾਹਰ ਉਨ੍ਹਾਂ ਕੋਲ ਟਿਊਸ਼ਨ ਪੜ੍ਹਨ। ਪ੍ਰੰਤੂ ਅਜਿਹਾ ਕਰਨ ਨਾਲ ਜੋ ਅਮੀਰ ਘਰਾਂ ਦੇ ਵਿਦਿਆਰਥੀ ਹਨ ਉਹ ਤਾਂ ਇੰਨ੍ਹਾਂ ਟਿਊਸ਼ਨਾਂ ਦੀ ਫੀਸ ਦੇ ਕੇ ਪੜ੍ਹ ਜਾਂਦੇ ਹਨ, ਪੰਤੂ ਕੁਝ ਜੋ ਕਿ ਗਰੀਬ ਘਰਾਂ ਦੇ ਵਿਦਿਆਰਥੀ ਹੁੰਦੇ ਹਨ, ਉਹ ਇੰਨ੍ਹਾਂ ਟਿਊਸ਼ਨਾਂ ਦਾ ਖਰਚਾ ਨਹੀ ਦੇ ਪਾਉਂਦੇ, ਜਿਸ ਕਾਰਨ ਜਾਂ ਤਾਂ ਉਹ ਪੜ੍ਹਨ ਤੋਂ ਹੱਟ ਜਾਂਦੇ ਹਨ ਜਾਂ ਫੇਲ੍ਹ ਹੋ ਜਾਂਦੇ ਹਨ, ਅਜਿਹਾ ਹੀ ਅਸੀਂ ਨਾਵਲ ਵਿੱਚ ਪੇਸ਼ ਹੰਸੂ ਤੇ ਨਵਦੀਪ ਨਾਲ ਹੁੰਦਾ ਦੇਖ ਸਕਦੇ ਹਾ , ਜਿਸ ਵਿੱਚ ਨਵਦੀਪ ਥੋੜਾ ਠੀਕ ਠਾਕ ਘਰ ਦਾ ਹੋਣ ਕਾਰਨ ਟਿਊਸ਼ਨ ਪੜ੍ਹ ਲੈਂਦਾ ਹੈ, ਪ੍ਰੰਤੂ ਹੰਸੂ ਤੇ ਉਸਦਾ ਦੋਸਤ ਪੈਸੇ ਜਾਂ ਫੀਸ ਨਾ ਦੇ ਸਕਣ ਕਾਰਨ ਫੇਲ੍ਹ ਹੋ ਜਾਂਦੇ ਹਨ। ਅਸੀਂ ਇੰਨ੍ਹਾਂ ਸਤਰਾਂ ਵਿੱਚ ਦੇਖ ਸਕਦੇ ਹਾ :-

" ਨਵਦੀਪ ਤੇ ਦੂਜੇ ਤਿੰਨ ਮੁੰਡੇ ਤਾਂ ਟਿਊਸ਼ਨ ਪੜ੍ਹਨ ਲੱਗ ਪਏ ਸਨ। ਪਰ ਹੰਸੂ
ਅਤੇ ਉਹ ਬਾਣੀਆ ਦਾ ਮੁੰਡਾ ਨਹੀਂ ਲੱਗੇ ਸਨ। ਉਹ ਸਾਰਾ ਸਾਲ ਝਿੜਕਾ ਵੀ
ਖਾਦੇ ਰਹੇ ਤੇ ਫਿਰ ਫੇਲ੍ਹ ਵੀ ਹੋ ਗਏ। ਫੇਰ ਉਹ ਡਾਕਟਰ ਬਣਨ ਦਾ ਸਪਨਾ
ਦਿਲ ਦੀ ਵਿਹਲੀ ਪਈ ਥਾਂ ਵਿੱਚ ਦੱਬ ਕੇ ਸਕੂਲੋ ਹੀ ਹੱਟ ਗਿਆ। ਬਾਣੀਆ ਦੇ
ਮੁੰਡੇ ਨੇ ਸਿਵਲ ਹਸਪਤਾਲ ਅੱਗੇ ਚਾਹ ਦੀ ਰੇਹੜੀ ਲਗਾ ਲਈ।"[3]

ਇਸੇ ਤਰ੍ਹਾ ਅੱਜ-ਕੱਲ੍ਹ ਇਹ ਆਮ ਦੇਖਣ ਨੂੰ ਮਿਲਦਾ ਹੈ, ਕਿ ਯੂਨੀਵਰਸਿਟੀਆਂ ਵਿੱਚ ਜੋ ਪ੍ਰੋਫੈਸਰ ਹਨ, ਉਹ ਵਿਦਿਆਰਥੀ ਨੂੰ ਕਿਵੇਂ ਲੁੱਟਦੇ ਹਨ ਤੇ ਉਨ੍ਹਾਂ ਨੂੰ ਵਿੱਦਿਆ ਪ੍ਰਦਾਨ ਕਰਨ ਲਈ ਕਿਵੇਂ ਕੰਨੀ ਕਤਰਾਉਦੇ ਹਨ ਤੇ ਜੇਕਰ ਉਨ੍ਹਾਂ ਕੋਲ ਕੋਈ ਪੜ੍ਹਨਾ ਚਾਹੁੰਦਾ ਹੈ, ਤਾਂ ਉਹ ਉਸਤੋਂ ਵਾਧੂ ਫੀਸਾਂ ਭਾਲਦੇ ਹਨ, ਜਾਂ ਉਨ੍ਹਾਂ ਵਿਦਿਆਰਥੀਆਂ ਨੂੰ ਗਲਤ ਸਲਾਹ ਦਿੰਦੇ ਕਿ ਉਹ ਆਪਣਾ ਗਾਈਡ ਇਹ ਚੁਣ ਲੈਣ ਤਾਂ ਕਿ ਉਹ ਵਿਦਿਆਰਥੀ ਉਨ੍ਹਾਂ ਕੋਲ ਦੁਆਰਾ ਵਾਪਸ ਆਵੇ, ਇਸ ਕਰਕੇ ਜੋ ਬੱਚੇ ਪੜ੍ਹਨ ਦੇ ਕਾਬਿਲ ਹੁੰਦੇ ਹਨ। ਉਹ ਸਹੀ ਗਾਈਡ ਨਾ ਮਿਲਣ ਕਰਕੇ ਆਪਣੀ ਪੜ੍ਹਾਈ ਅਧੂਰੀ ਛੱਡ ਜਾਂਦੇ ਸਤਰਾ ਹਨ ਜਾਂ ਫਿਰ ਮਹਿੰਗੇ ਗਈਡ ਦੀ ਫੀਸ ਨਹੀਂ ਦੇ ਪਾਉਂਦੇ। ਇਸੇ ਤਰ੍ਹਾਂ ਅਸੀਂ 'ਵੀਹਵੀਂ ਸਦੀ ਦੀ ਆਖਰੀ ਕਥਾ' ਨਾਵਲ ਵਿੱਚ ਦੇਖ ਸਕਦੇ ਹਾਂ ਕਿ ਕਦੋਂ ਨਵਦੀਪ ਪੀ. ਐਚ. ਡੀ

ਕਰਨ ਲਈ ਡਾ.ਮਹਿਰ ਸਿੰਘ ਕੋਲ ਜਾਂਦਾ ਹੈ, ਤਾਂ ਉਹ ਉਸ ਨੂੰ ਆਪਣੀਆਂ ਗੱਲਾਂ -ਗੱਲਾਂ ਵਿੱਚ ਨਵਜੀਤ ਨੂੰ ਉਲਝਾ ਕਿ ਰੱਖ ਦਿੰਦਾ ਹੈ ਤੇ ਉਸ ਨੂੰ ਅਲੱਗ-ਅਲੱਗ ਪ੍ਰਕਾਰ ਦੀਆਂ ਸਲਾਹਾ ਦਿੰਦਾ ਹੈ ਤੇ ਉਲਝਾਉਦਾ ਕਹਿੰਦਾ ਹੈ ਕਿ:-

" ਨਵਦੀਪ ਮੇਰੀ ਸਮੱਸਿਆ ਇਹ ਹੈ ਕਿ ਮੇਰੇ ਕੋਲ ਪਹਿਲਾ ਹੀ ਛੇ ਵਿਦਿਆਰਥੀ
ਹੈਗੇ ਨੇ। ਕੋਈ ਵੀ ਪ੍ਰੋ: ਛੇ ਤੋਂ ਵੱਧ ਵਿਦਿਆਰਥੀ ਨਹੀਂ ਲੈ ਸਕਦਾ, ਇਹ ਰੂਲ
ਪਿੱਛੇ ਜਿਹੇ ਹੀ ਸੈਨੇਟ ਵਿੱਚ ਪਾਸ ਹੋਇਐ। ਮੈ ਇਸ ਰੂਲ ਨੂੰ ਪਾਸ ਕਰਵਾਉਣ
ਵਾਲਿਆ ਵਿੱਚ ਸ਼ਾਮਲ ਸੀ ਡਾ. ਮਿਹਰ ਕੁਝ ਪਲਾਂ ਲਈ ਚੁੱਪ ਕਰਕੇ ਫੇਰ ਬੋਲੇ:-
'' ਤੂੰ ਇਸ ਤਰ੍ਹਾਂ ਕਰ ਡਾ. ਜਸਵੀਰ ਸਿੰਘ ਕੋਲ ਚਲਾ ਜਾਂਹ, ਉਹ ਤੈਨੂੰ ਲੈ ਲੈਣਗੇ
ਉਨ੍ਹਾਂ ਕੋਲ ਜਗ੍ਹਾਂ ਹੈ, ਬਾਕੀ ਮੇਰੇ ਨਾਲ ਜਦੋਂ ਮਰਜੀ ਡਿਸ-ਕਸ ਕਰ ਲਿਆ ਕਰੀ।''[4]

ਇਸ ਤਰ੍ਹਾਂ ਇੰਨ੍ਹਾ ਸਤਰਾਂ ਤੋਂ ਸਾਫ ਸੱਪਸ਼ਟ ਹੋ ਜਾਂਦਾ ਹੈ, ਕਿ ਕਿਵੇਂ ਪ੍ਰੋਫੈਸਰ ਵਿਦਿਆਰਥੀਆਂ ਨੂੰ ਭੜਕਾਉਦੇ ਹਨ, ਤੇ ਉਨ੍ਹਾਂ ਨੂੰ ਗਲਤ ਗਾਇਡ ਕਰਦੇ ਹਨ, ਤਾਂ ਕਿ ਉਹ ਆਪਣਾ ਫਾਇਦਾ ਪ੍ਰਾਪਤ ਕਰ ਸਕਣ। ਨਾਵਲਕਾਰ ਨੇ ਸਾਡੇ ਸਾਹਮਣੇ ਇਸ ਸੱਚਾਈ ਨੂੰ ਖੁੱਲ੍ਹ ਕਿ ਬਾਆਨ ਕੀਤਾ ਹੈ। ਇਸ ਵਿੱਚ ਸਾਨੂੰ ਪਤਾ ਚੱਲਦਾ ਹੈ ਕਿ ਪੰਜਾਬ ਦੇ ਜੋ ਵਿਦਵਾਨ ਹਨ , ਕਿਵੇਂ ਆਉਣ ਵਾਲੇ ਭਵਿੱਖ ਨੂੰ ਡੋਬ ਰਹੇ ਹਨ, ਤੇ ਅਜਿਹੇ ਵਿਦਵਾਨਾਂ ਦੇ ਕਾਰਨ ਹੀ ਪੰਜਾਬ ਦੇ ਨੌਜਵਾਨ ਵਰਗ ਨੂੰ ਕੋਈ ਵੀ ਰੋਸ਼ਨੀ ਦਿਖਾਈ ਨਹੀਂ ਦਿੰਦੀ।

ਅੱਜ ਦੇ ਸਮੇਂ ਵਿੱਚ ਬਹੁਤੇ ਲੇਖਕ ਸੱਚਾਈ ਨੂੰ ਬਿਆਨ ਕਰਨ ਤੋਂ ਡਰਦੇ ਹਨ, ਜਾਂ ਫਿਰ ਕੁਝ ਖਾਸ ਜੱਥੇਬੰਦੀਆਂ ਨਾਲ ਰਲ ਕੇ ਹੀ ਚੱਲਦੇ ਹਨ ਤੇ ਉਨ੍ਹਾਂ ਬਾਰੇ ਸਿਰਫ ਚੰਗਾ ਲਿਖਦੇ ਹਨ , ਤੇ ਉਨ੍ਹਾਂ ਨੂੰ ਮਾੜਾ ਸਾਬਿਤ ਕਰਨ ਨਹੀਂ ਦਿੰਦੇ, ਤੇ ਜੇਕਰ ਕੋਈ ਹੋਰ ਉਨ੍ਹਾਂ ਦੇ ਰਸਤੇ ਵਿੱਚ ਰੁਕਾਵਟ ਬਣਨ ਦੀ ਕੋਸ਼ਿਸ ਕਰਦਾ ਹੈ, ਤਾਂ ਉਹ ਉਸ ਨੂੰ ਵੀ ਖਰੀਦਣ ਦੀ ਕੋਸ਼ਿਸ ਕਰਦੇ ਹਨ, ਤਾਂ ਕਿ ਉਨ੍ਹਾਂ ਦੀ ਸੱਚਾਈ ਸਾਹਮਣੇ ਨਾ ਆ ਸਕੇ। ਜਿਸ ਕਾਰਨ ਕਿ ਉਹ ਬਾਕੀਆ ਨੂੰ ਰੋਕਣ ਦਾ ਯਤਨ ਕਰਦੇ ਹਨ , ਕੁੱਝ ਗੱਲਾਂ ਜੋ ਕਿ ਲੇਖਕ ਨੇ ਸਾਡੇ ਸਾਹਮਣੇ ਨਾਵਲ ਵਿੱਚ ਪੇਸ਼ ਕੀਤੀਆ ਹਨ, ਅਸੀਂ ਉਨ੍ਹਾਂ ਨੂੰ ਦੇਖ ਸਕਦੇ ਹਾਂ ਜਦੋਂ ਨਵਦੀਪ ਦਾ ਟਾਕਰਾ ਡਾ. ਗਾਂਧੀ ਨਾਲ ਹੁੰਦਾ ਹੈ, ਤੇ ਉਹ ਉਸ ਨੂੰ ਕਹਿੰਦਾ ਹੈ ਕਿ:-

"ਨਵਦੀਪ ਮੈ ਤੇਰਾ ਉਹ ਲੇਖ ਪੜ੍ਹਿਆ ਸੀ ਜਿਸ ਵਿੱਚ ਤੂੰ ਲੈਫਟਿਸਟ ਸਟੂਡੈਂਟ
ਯੂਨੀਅਨਾਂ ਨੂੰ ਰਲ ਕੇ ਕੰਮ ਕਰਨ ਸੰਬੰਧੀ ਕੁਝ ਸੁਝਾਅ ਦਿੱਤੇ ਸੀ ਪਰ ਮੇਰੇ ਇੱਕ
ਗੱਲ ਸਮਝ ਨਹੀਂ ਆਈ ਕਿ ਆਪਾਂ ਨਕਸਲੀਆਂ ਦੀਆਂ ਸਟੂਡੈਂਟ ਜੱਥੇਬੰਦੀਆਂ
ਨਾਲ ਰਲਕੇ ਕਿਵੇਂ ਚੱਲ ਸਕਦੇ ਆਂ? ਉਨ੍ਹਾਂ ਨਾਲ ਤਾਂ ਆਪਣਾ ਵਿਚਾਰਧਾਰਕ
ਪਾੜਾ ਹੀ ਏਨਾ ਜ਼ਿਆਏ ਕਿ ਸੋਚਿਆਂ ਵੀ ਨਹੀਂ ਜਾਂ ਸਕਦਾ?'' ਡਾਂ ਗਾਂਧੀ ਨੇ
ਪੈਂਦੀ ਸੱਟੇ ਇਸ ਤਰ੍ਹਾਂ ਦੀ ਗੱਲਬਾਤ ਸ਼ੁਰੂ ਕਰ ਲਈ ਸੀ।''[5]

ਇਸ ਨਾਵਲ ਵਿੱਚ ਸਾਨੂੰ ਜੋ ਅਜੋਕੇ ਸਮੇਂ ਵਿੱਚ ਸਿੱਖਿਆ ਦਿੱਤੀ ਜਾਂ ਰਹੀ ਹੈ ਉਨ੍ਹਾਂ ਲਈ ਜੋ ਬੁਕਸ ਜਾਂ ਕਿਤਾਬਾਂ ਲਗਾਈਆਂ ਜਾਂਦੀਆਂ ਹਨ' ਉਹ ਬਹੁਤ ਮਹਿੰਗੀਆਂ ਤੇ ਪਹੁੰਚ ਤੋਂ ਬਾਹਰ ਹੁੰਦੀਆਂ ਹਨ , ਤੇ ਉਨ੍ਹਾਂ ਵਿੱਚੋਂ ਬਹੁਤ ਕਿਤਾਬਾਂ ਅਧਿਆਪਕਾਂ ਦੀਆਂ

ਆਪਣੀਆਂ ਹੀ ਛਪਵਾਈਆਂ ਹੁੰਦੀਆਂ ਹਨ, ਜੋ ਕਿ ਉਹ ਵਿਦਿਆਰਥੀਆਂ ਨੂੰ ਬਾਅਦ ਵਿੱਚ ਮਹਿੰਗੀਆਂ ਲੈਣ ਲਈ ਮਜ਼ਬੂਰ ਕਰਦੇ ਹਨ ਤੇ ਕਹਿ ਦਿੰਦੇ ਹਨ ਕਿ ਉਹ ਉਨ੍ਹਾਂ ਨੂੰ ਮੁਫਤ ਦਿੱਤੀਆਂ ਗਈਆਂ ਹਨ। ਅਜਿਹੀ ਹੀ ਉਦਾਹਰਣ ਅਸੀਂ ਨਾਵਲ ਵਿੱਚ ਪੇਸ਼ ਕੀਤੀ ਗਈ ਦੇਖ ਸਕਦੇ ਹਾਂ ਜਦੋਂ ਨਵਦੀਪ ਮੈਡਮ ਕੋਲ ਜਾਂਦਾ ਹੈ ਤੇ ਉਸ ਨੂੰ ਮਿਲਦਾ ਹੈ ਤਾਂ ਮੈਡਮ ਨੇ ਕੀ ਕੀਤਾ:-

'' ਮੈਡਮ ਨੇ ਆਪਣੀ ਨਵੀਂ ਛਪੀ ਕਵਿਤਾ ਦੀ ਕਿਤਾਬ ਉੱਤੇ ਕੁੱਝ ਸ਼ਬਦ ਲਿਖਕੇ ਨਵਦੀਪ ਨੂੰ ਦੇ ਦਿੱਤੀ।

'' ਮੈਡਮ, ਕਿੰਨੇ ਪੈਸੇ ਦੇਣੇ ਪੈਣੇ? ਉਸਨੇ ਪੁਛਿਆਂ।

'' ਨਵਦੀਪ, ਪਹਿਲੀਆਂ ਕਿਤਾਬਾਂ ਤੇ ਤਾਂ ਬਹੁਤ ਖਰਚਾਂ ਆ ਗਿਆ ਸੀ ਪਰ ਗਿੱਲ ਸਾਹਿਬ ਨੇ ਇਸ ਪਬਲਿਸ਼ਰ ਦਾ ਛਾਪਿਆ ਇੱਕ ਨਾਵਲ ਸਿਲੇਬਸ ਵਿੱਚ ਲਗਵਾਇਆ, ਇਸ ਕਰਕੇ ਇਹ ਕਿਤਾਬ ਮੁਫਤ ਹੀ ਛਪੀ ਹੈ, ਪੰਜਾਂਹ ਕੁ ਕਾਪੀਆ ਮੈ ਖਰੀਦੀਆਂ ਜ਼ਰੂਰ ਨੇ ਅੱਧੇ ਰੇਟ ਵਿੱਚ, ਸਮਝ ਕੌਂਸਟ ਪਰਾਈਜ਼ ਤੇ।''[6]

ਇਸੇ ਤਰ੍ਹਾਂ ਇਸ ਤੋਂ ਇਲਾਵਾ ਨਾਵਲਕਾਰ ਨੇ ਨਾਵਲ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਦਿਖਾਏ ਗਏ ਪੇਸ਼ ਕੀਤਾ ਹੈ। ਅਜੋਕੇ ਦੌਰ ਵਿੱਚ ਜੇਕਰ ਕੋਈ ਨੌਜਵਾਨ ਪੜਿਆ ਵੀ ਹੈ ਤਾਂ ਉਸ ਨੂੰ ਪੂਰੀ ਤਨਖਾਹ ਦਿੱਤੀ ਨਹੀਂ ਜਾਂਦੀ, ਤੇ ਉਸਦੇ ਬਦਲੇ ਉਲਟਾ ਜ਼ਿਆਦਾ ਕੰਮ ਲਿਆ ਜਾਂਦਾ ਹੈ। ਤੇ ਆਦਮੀ ਨੂੰ ਮਜ਼ਬੂਰੀ ਬਸ ਘੱਟ ਆਮਦਨ ਤੇ ਵੀ ਕੰਮ ਕਰਨਾ ਪੈਦਾ ਹੈ, ਕਿਉਂਕਿ ਰੁਜ਼ਗਾਰ ਦੇ ਸਾਧਨ ਘੱਟ ਹਨ ਇਸੇ ਤਰ੍ਹਾਂ ਇਸ ਨੂੰ ਅਸੀਂ ਨਾਵਲ ਦੀਆਂ ਸਤਰਾਂ ਦੁਆਰਾ ਵੀ ਦੇਖ ਸਕਦੇ ਹਾਂ ਜਦੋਂ ਨਵਦੀਪ ਦੇ ਨਵਾਂ-ਨਵਾਂ ਸਕੂਲ ਜੁਆਇਨ ਕਰਨ ਤੇ ਉਸ ਨੂੰ ਦੱਸਦੀ ਹੈ ਕਿ:-

'' ਪੜੀ ਜਾਂਇਉ ਇਸ ਨੌਕਰੀ ਤੇ ਰਹਿਕੇ ਤਾਂ ਜ਼ਿੰਦਗੀ ਤਬਾਹ ਕਰਨ ਆਲੀ ਗੱਲ ਐ,

'' ਮੈਡਮ ਨੇ ਪਤਾ ਨਹੀਂ ਕਿਸ ਅਣਪੱਤ ਨਾਲ ਕਿਹਾ।

'' ਇੰਨ੍ਹਾਂ ਥਕਾ ਦਿੰਦੇ ਨੇ ਕਿ ਘਰੇ ਜਾਂ ਕੇ ਆਪਣੇ ਬੱਚੇ ਵੀ ਨਹੀਂ ਪੜ੍ਹਾ ਹੁੰਦੇ, ਕਾਪੀਆਂ ਈ ਬੜੀਆ ਹੁੰਦੀਆਂ ਨੇ ਚੈੱਕ ਕਰਨ ਲਈ, ਤੇ ਤਨਖਾਹ ਰੋ ਪੱਟ ਕੇ ਦਿੰਦੇ ਐ............।''[7]

ਇਸੇ ਤਰ੍ਹਾਂ ਇਸ ਵਿੱਚ ਨਾਵਲਕਾਰ ਨੇ ਦੱਸਿਆਂ ਹੈ, ਕਿ ਕਿਵੇਂ ਘੱਟ ਵੇਤਨ ਤੇ ਵੱਧ ਕੰਮ ਕਰਨਾ ਪੈਦਾ ਹੈ, ਤੇ ਜਿਸ ਨਾਲ ਆਮ ਵਿਅਕਤੀਆਂ ਦੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੋ ਪਾਉਂਦੀਆਂ।

ਇਸਤੋਂ ਇਲਾਵਾ ਬਲਜਿੰਦਰ ਨਸਰਾਲੀ ਨੇ ਸਾਨੂੰ ਦੱਸਿਆ ਹੈ ਕਿ ਕਿਵੇਂ ਕਾਬਿਲ ਵਿਦਿਆਰਥੀ ਕਈ ਵਾਰ ਪੈਸੇ ਨਾ ਹੋਣ ਕਾਰਨ ਵਧੀਆ ਕਾਲਜਾਂ ਜਾਂ ਯੂਨੀਵਰਸਿਟੀਆਂ ਤੋਂ ਆਪਣੀ ਪੜਾਈ ਪੂਰੀ ਨਹੀਂ ਕਰ ਪਾਉਂਦੇ। ਯੂਨੀਵਰਸਿਟੀਆਂ ਵਿੱਚ ਹੋਸਟਲਾਂ ਦੇ ਖਰਚੇ ਤੇ ਫੀਸਾਂ ਜ਼ਿਆਦਾ ਹੋਣ ਕਾਰਨ ਵਿਦਿਆਰਥੀ ਡਰਦੇ ਹਨ। ਇਸ ਤਰਾਂ ਨਾਵਲ ਵਿੱਚ ਨਾਵਲਕਾਰ ਨੇ ਇਸ ਸਥਿਤੀ ਨੂੰ ਨਵਦੀਪ ਦੇ ਜ਼ਰੀਏ ਸਾਡੇ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਨਵਦੀਪ ਇੱਕ ਕਾਬਿਲ ਵਿਦਿਆਰਥੀ ਤਾਂ ਹੈ। ਪ੍ਰੰਤੂ ਉਸ ਕੋਲ ਫ਼ੀਸ ਤੇ ਹੋਸਟਲ ਦਾ ਖਰਚਾ ਨਾ ਦੇਣ ਹੋ ਕਰਕੇ ਉਹ ਦੁਵਿਧਾ ਵਿੱਚ ਫਸਿਆ ਹੋਇਆ ਦਿਖਾਈ ਦਿੰਦਾ ਹੈ:-

'' ਨਵਦੀਪ ਤਾਂ ਜ਼ੇ ਕਰਜ਼ੇ ਤੋਂ ਡਰਦਾ ਦੁਵਿਧਾ ਵਿੱਚ ਹੀ ਸੀ ਕਿ ਯੂਨੀਵਰਸਿਟੀ ਤੋਂ ਐਮ.ਏ
ਕਰੇ ਜਾਂ ਕਾਲਜਾਂ ਤੋਂ। ਲੁਧਿਆਣੇ ਦੇ ਗੌਰਮਿੰਟ ਕਾਲਜ ਤੋਂ ਬਹੁਤ ਸਸਤੀ ਪੈਣੀ ਸੀ।
ਪਰ ਮਾਸਟਰ ਬਲਵੀਰ ਨੇ ਉਸ ਨੂੰ ਯੂਨੀਵਰਸਿਟੀ ਤੋਂ ਪੜਨ ਦੀ ਸਲਾਹ ਦਿੱਤੀ ਸੀ।
ਕਾਲਜ ਦੇ ਕੁਝ ਹੋਰ ਮੁੰਡੇ ਵੀ ਯੂਨੀਵਰਸਿਟੀ ਜਾਂ ਰਹੇ ਸਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
ਵਿੱਚ ਅਜੇ ਦਾਖਲੇ ਚੱਲ ਰਹੇ ਸਨ। ਨਵਦੀਪ ਫੀਸਾਂ ਤੇ ਹੋਸਟਲਾਂ ਦੇ ਕਰਜ਼ੇ ਤੋਂ ਡਰਦਾ
ਯੂਨੀਵਰਸਿਟੀ ਜਾਣ ਤੋਂ ਝਿਜਕ ਰਿਹਾ ਸੀ।''[8]

ਇਸਤੋਂ ਇਲਾਵਾ ਨਾਵਲਕਾਰ ਨੇ ਸਾਡੇ ਸਾਹਮਣੇ ਰਿਸ਼ਵਤਖੋਰੀ ਨੂੰ ਪੇਸ਼ ਕੀਤਾ ਹੈ। ਵਿਦਿਆਰਥੀ ਜਿੰਨ੍ਹਾਂ ਮਰਜ਼ੀ ਦਿਲ ਲਗਾ ਕਿ ਪੜ੍ਹ ਲਵੇ ਜਾਂ ਜਿੰਨ੍ਹਾਂ ਮਰਜ਼ੀ ਕਾਬਿਲ ਹੀ ਕਿਉਂ ਨਾ ਹੋਵੇ , ਉਸ ਨੂੰ ਨੌਕਰੀ ਲੈਣ ਲਈ ਅੰਤ ਵਿੱਚ ਰਿਸ਼ਵਤ ਦੇਣੀ ਹੀ ਪੈਦੀ ਹੈ । ਜੇਕਰ ਅਸੀਂ ਇਸ ਅਕਾਰ ਦੀਆਂ ਨਵੀਆਂ ਨੀਤੀਆਂ ਦੇਖੀਏ। ਤਾਂ ਸਰਕਾਰ ਦੀਆਂ ਗਲਤ ਨੀਤੀਆ ਕਾਰਨ ਪੰਜਾਬ ਦੀ ਜਵਾਨੀ ਤੇ ਕਿਸਾਨੀ ਦੋਵੇ ਬਰਵਾਦ ਹੋ ਗਈਆਂ ਹਨ । ਅੱਜ ਹਰ ਜਗ੍ਹਾਂ ਥਾਂ-ਥਾਂ ਤੇ ਰਿਸ਼ਵਤ ਲੈਦੇ ਦਿਖਾਈ ਦਿੰਦੇ ਹਨ। ਅੱਜ ਕੋਈ ਵੀ ਕੰਮ ਰਿਸ਼ਵਤ ਤੋਂ ਬਿਨ੍ਹਾਂ ਹੋਣਾ ਮੁਸ਼ਕਿਲ ਹੈ। ਕਿਸੇ ਵੀ ਵਿਭਾਗ ਦੀ ਗੱਲ ਕਰ ਲਉ ਜਾਂ ਉਹ ਵਿੱਦਿਅਕ ਅਦਾਰੇ ਹਨ ਜਾਂ ਫਿਰ ਹੋਰ ਕੋਈ ਵੀ ਅਦਾਰਾ ਹੋਵੇ। ਰਿਸ਼ਵਤ ਬਿੰਨ੍ਹਾਂ ਨੌਕਰੀਆਂ ਮਿਲਣੀਆ ਬਹੁਤ ਹੀ ਜ਼ਿਆਦਾ ਮੁਸ਼ਕਿਲ ਹਨ । ਨਾਵਲ ਵਿੱਚ ਵੀ ਬਲਜਿੰਦਰ ਨੇ ਸਾਡੇ ਸਾਹਮਣੇ ਇਸੇ ਹੀ ਗੱਲ ਨੂੰ ਪੇਸ਼ ਕੀਤਾ ਹੈ। ਜਦੋਂ ਨਵਦੀਪ ਜਿਵੇਂ-ਜਿਵੇਂ ਕਰਕੇ ਪੜ੍ਹਾਈ ਤਾਂ ਪੂਰੀ ਕਰ ਲੈਂਦਾ ਹੈ, ਪ੍ਰੰਤੂ ਜਦੋਂ ਨੌਕਰੀ ਲੈਣ ਦੀ ਵਾਰੀ ਆਉਂਦੀ ਹੈ ਤਾਂ ਉਸ ਨੂੰ ਉਸਦੇ ਲਈ ਸਿਫਾਰਸ ਤੋਂ ਰਿਸ਼ਵਤ ਦੀ ਜ਼ਰੂਰਤ ਪੈਦੀ ਹੈ । ਨਵਦੀਪ ਦਾ ਪਿਤਾ ਨਵਦੀਪ ਦੀ ਨੌਕਰੀ ਲਈ ਸ਼ਿਫਾਰਸ ਕਰਦਿਆ ਤੇ ਰਿਸ਼ਵਤ ਦੇਣ ਦੀ ਗੱਲ ਕਰਦਾ ਹੋਇਆਂ ਨਵਦੀਪ ਨੂੰ ਸਮਝਾਉਣ ਦੀ ਕੋਸ਼ਿਸ ਕਰਦਾ ਹੈ। ਪ੍ਰੰਤੂ ਨਵਦੀਪ ਮੰਨਣ ਤੋਂ ਇਨਕਾਰ ਕਰਦਾ ਹੈ। ਪ੍ਰੰਤੂ ਉਸਦੇ ਪਿਤਾ ਨੂੰ ਪਤਾ ਹੈ ਕਿ ਅੱਜ - ਕੱਲ੍ਹ ਬਿੰਨ੍ਹਾਂ ਪੈਸਿਆਂ ਦੇ ਨੌਕਰੀ ਮਿਲਣੀ ਬਹੁਤ ਮੁਸ਼ਕਿਲ ਹੈ। ਇਸਨੂੰ ਅਸੀਂ ਹੇਠ ਲਿਖੀਆਂ ਸਤਰਾਂ ਵਿੱਚ ਨਵਦੀਪ ਦੇ ਪਿਤਾ ਦੇ ਬੋਲ ਦੇਖ ਸਕਦੇ ਹਾਂ:-

"ਇਮਾਨਦਾਰੀ ਨਾਲ ਤਾਂ ਤੂੰ ਭਾਵੇਂ ਸਾਰੀ ਉਮਰ ਫਿਰੀ ਜਾਂਹ, ਨੌਕਰੀ ਨੀ ਮਿਲਣੀ।
ਲੱਖ ਰੁਪੈ ਤੋਂ ਘੱਟ ਕੋਈ ਰਿਸ਼ਵਤ ਨੀ ਲੈਂਦਾ ਨੌਕਰੀ ਦੀ। ਰੁਪਈਆ ਆਪਣੇ ਕੋਲ ਹੈ ਨੀਂ।
ਏਥੇ ਤਾਂ ਢੰਡਾ ਈ ਕੰਮ ਆਉਣਾ ਤੀ....।''[9]

ਇਸਤੋਂ ਇਲਾਵਾ ਨਾਵਲ ਵਿੱਚ ਸਾਨੂੰ ਕਾਲਜਾਂ ਵਿੱਚ ਪੁਲਿਸ ਘੁੰਮਦੀ ਹੋਈ ਨਜ਼ਰ ਆ ਰਹੀ ਹੈ। ਜੋ ਕਿ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ। ਉਨ੍ਹਾਂ ਵਿੱਚੋਂ ਹੀ ਇੱਕ ਨਵਦੀਪ ਹੈ, ਜੋ ਕਿ ਪੁਲਿਸ ਤੋਂ ਸਾਨੂੰ ਬਚਦਾ ਹੋਇਆ ਨਜ਼ਰ ਆ ਰਿਹਾ ਹੈ । ਨਵਦੀਪ ਜੋ ਕਿ ਦਹਿਸ਼ਤ ਤੇ ਵਹਿਸ਼ਤ ਦੇ ਖਿਲਾਫ ਆਵਾਜ਼ ਉਠਾਉਣੀ ਚਾਹੁੰਦਾ ਹੈ, ਜਿਸ ਕਾਰਨ ਕਿ ਹਰ ਕੋਈ ਉਸ ਦਾ ਮੂੰਹ ਬੰਦ ਕਰ ਦੇਣਾ ਚਾਹੁੰਦਾ ਹੈ। ਪ੍ਰੰਤੂ ਨਵਦੀਪ ਫਿਰ ਵੀ ਪਿੱਛੇ ਨਹੀਂ ਹੱਟਣਾ ਚਾਹੁੰਦਾ, ਤੇ ਉਨ੍ਹਾਂ ਦੇ ਖਿਲਾਫ ਆਵਾਜ਼ ਉਠਾਉਣੀ ਚਾਹੁੰਦਾ ਹੈ। ਨਵਦੀਪ ਦੇ ਪੁਲਿਸ ਤੋਂ ਛਿਪਣ ਦਾ ਇੱਕ ਹੋਰ ਕਾਰਨ ਇਹ ਵੀ ਸੀ ਕਿ ਉਹ ਦੂਸਰੇ ਦੇਸ਼ ਤੋਂ ਆਏ ਹਨ, ਅਸੀਂ ਨਾਵਲ ਵਿੱਚ ਨਵਦੀਪ ਦੇ ਪਿੱਛੇ ਪਈ ਹੋਈ ਪੁਲਿਸ ਨੂੰ ਦੇਖ ਸਕਦੇ ਹਾਂ ਜਿਸ ਵਿੱਚ ਉਹ ਸਾਨੂੰ ਪੁਲਿਸ ਤੋਂ ਲੁਕਦਾ ਹੋਇਆਂ ਦਿਖਾਈ ਦੇ ਰਿਹਾ ਹੈ:-

''ਡਿਪਾਰਟਮੈਂਟ ਤਾਂ ਕਦੋਂ ਦਾ ਬੰਦ ਹੋ ਚੁਕਿਆ ਸੀ। ਸਿਰਫ ਈਵਨਿੰਗ ਕਾਲਜ ਦੇ ਵਿਦਿਆਰਥੀ ਏਧਰ ਉਧਰ ਘੁੰਮ ਰਹੇ ਸਨ। ਪੁਲਿਸ ਵਾਲੇ ਇਵਨਿੰਗ ਕਾਲਜ ਤੋਂ ਮੇਰੇ ਬਾਰੇ ਪਤਾ ਕਰ ਰਹੇ ਹੋਣਗੇ। ਮੈਨੂੰ ਕੀ ਕਰਨਾ ਚਾਹੀਦਾ? ਦੌੜ ਜਾਂਵਾਂ ਜਾਂ ਆਪ ਹੀ ਉਨ੍ਹਾਂ ਦੇ ਕੋਲ ਚਲੇ ਜਾਂਵਾਂ। ਬਾਪੂ ਜੀ। ਮੈਂ ਤੁਹਾਨੂੰ ਕਿੰਨ੍ਹਾਂ ਰੋਕਿਆ ਸੀ। ਉਸ ਨੂੰ ਆਪਣੀਆ ਲੱਤਾਂ ਝੂਠੀਆਂ ਪੈਦੀਆਂ ਜਾਂਪੀਆਂ। ਜਿਵੇਂ ਸੁਪਨੇ ਵਿੱਚ ਜਦੋਂ ਸੱਪ ਜਦੋਂ ਉਸਦੇ ਪਿੱਛੇ ਪੈ ਜਾਂਦਾ ਸੀ ਤਾਂ ਉਸਤੋਂ ਭੱਜ ਨਹੀਂ ਹੁੰਦਾ ਸੀ। ''[10]

ਇਸ ਤੋਂ ਇਲਾਵਾ ਨਾਵਲਕਾਰ ਨੇ ਸਾਡੇ ਸਾਹਮਣੇ ਬੇਰੁਜ਼ਗਾਰੀ ਨੂੰ ਵੀ ਪੇਸ਼ ਕੀਤਾ ਹੈ। ਬਲਜਿੰਦਰ ਨਸਰਾਲੀ ਨੇ ਸਾਡੇ ਸਾਹਮਣੇ ਇਸ ਸਮੱਸਿਆਂ ਨੂੰ ਪੇਸ਼ ਕੀਤਾ ਹੈ ਕਿ ਵਿਦਿਆਰਥੀਆਂ ਨੂੰ ਪੜ੍ਹ ਕਿ ਵੀ ਨੌਕਰੀਆਂ ਪ੍ਰਾਪਤ ਨਹੀਂ ਹੋ ਰਹੀਆਂ । ਉਹ ਬੇਰੁਜ਼ਗਾਰ ਹਨ ਤੇ ਨੌਕਰੀ ਕਰਨ ਲਈ ਥਾਂ –ਥਾਂ ਭਟਕ ਰਹੇ ਹਨ ਪ੍ਰੰਤੂ ਫਿਰ ਵੀ ਉਨ੍ਹਾਂ ਨੂੰ ਆਪਣੀ ਕਾਬਲੀਅਤ ਤੋਂ ਘੱਟ ਵੇਤਨ ਤੇ ਹੀ ਨੌਕਰੀ ਕਰਨੀ ਪੈਂਦੀ ਹੈ। ਇਸਤੋਂ ਇਲਾਵਾ ਉਨ੍ਹਾਂ ਨੂੰ ਨੌਕਰੀ ਲੈਣ ਲਈ ਵੀ ਸ਼ਹਿਰ ਜਾਣਾ ਪੈਦਾ ਹੈ। ਅਸੀਂ ਨਾਵਲ ਵਿੱਚ ਇੱਕ ਪੜਿਆ ਲਿਖਿਆ ਬੀ.ਏ. ਪਾਸ ਲੜਕਾ ਦੇਖ ਸਕਦੇ ਹਾ। ਉਹ ਨੌਕਰੀ ਲਈ ਇੱਧਰ ਉਧਰ ਭਟਕਦਾ ਹੋਇਆ ਨਜ਼ਰ ਆਉਂਦਾ ਹੈ। ਪ੍ਰੰਤੂ ਉਸ ਨੂੰ ਕਿਤੇ ਵੀ ਨੌਕਰੀ ਨਹੀਂ ਮਿਲਦੀ ਤੇ ਉਹ ਅੰਤ ਵਿੱਚ ਇੱਕ ਭੱਠੇ ਤੇ ਹੀ ਲੱਗ ਜਾਂਦਾ ਹੈ, ਇਸਨੂੰ ਅਸੀਂ ਲੇਖਕ ਦੇ ਸ਼ਬਦਾਂ ਦੁਆਰਾ ਬਿਆਨ ਕੀਤਾ ਹੋਇਆ ਦੇਖ ਸਕਦੇ ਹਾਂ:–

''ਕਿਉਂ?'' ਤੇਜਾਂ ਚੌਂਕਿਆ। ਨੌਕਰੀ ਉਸ ਲਈ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੋਣ ਵਾਲੀ ਗੱਲ ਸੀ। ਉਹ ਖੁਦ ਕਈ ਸਾਲਾਂ ਦਾ ਨੌਕਰੀ ਲੱਭਦਾ ਫਿਰ ਰਿਹਾ ਸੀ। ਦਸਵੀਂ ਕਰਦੀ ਸਾਰ ਹੀ ਉਸਨੇ ਬੈਂਕਾ ਦੇ ਪੇਪਰ ਦੇਣੇ ਸ਼ੁਰੂ ਕੀਤੇ। ਇਸ ਦੌਰਾਨ ਕਾਲਜ ਵਿੱਚ ਵੀ ਪੜਦਾ ਰਿਹਾ, ਬੀ.ਏ. ਵੀ ਹੋ ਗਈ ਪਰ ਨੌਕਰੀ ਨਹੀਂ ਮਿਲੀ। ਪਹਿਲਾਂ ਉਹ ਉਹ ਸਿਰਫ਼ ਛੁੱਟੀ ਵਾਲੇ ਦਿਨ ਆਪਣੇ ਬਾਪੂ ਨਾਲ ਇੱਟਾਂ ਦੇ ਭੱਠੇ ਤੇ ਇੱਟਾਂ ਪੱਥਦਾ ਹੁੰਦਾ ਸੀ ਹੁਣ ਤਾਂ ਬਹੁਤ ਦਿਨ ਇਹ ਹੀ ਕੰਮ ਕਰਦਾ। ਇੱਕ ਦੋ ਵਾਰ ਸ਼ਹਿਰ ਦਿਹਾੜੀ ਵੀ ਗਿਆ ਸੀ। ਪਰ ਉੱਥੇ ਉਸਦਾ ਸਾਹਮਣਾ ਆਪਣੀ ਜਮਾਤਣ ਰਹੀ ਬਾਣੀਆ ਦੀ ਕੁੜੀ ਸੀਮਾ ਨਾਲ ਹੋ ਗਿਆ। ਜਿਸ ਕਾਰਨ ਪੰਜ ਵਜੇ ਤੱਕ ਦਾ ਸਮਾਂ ਤੇਜੇ ਨੇ ਮਸਾ ਪਾਸ ਕੀਤਾ।''[11]

ਇਸਤੋਂ ਇਲਾਵਾ ਨਾਵਲ ਵਿੱਚ ਗਰੀਬੀ ਨੂੰ ਵੀ ਪੇਸ਼ ਕੀਤਾ ਕਿ ਕਿਵੇਂ ਗਰੀਬੀ ਕਾਰਨ ਲੋਕ ਆਪਣੇ ਬੱਚਿਆਂ ਨੂੰ ਤੰਗ ਹੋ ਕਿ ਪੜਾਉਂਦੇ ਹਨ ਤੇ ਬੱਚਿਆਂ ਦੀਆਂ ਫੀਸਾਂ ਦੇਣ ਕਾਰਨ ਆਪ ਆਪਣੇ ਕੱਪੜੇ ਵੀ ਹੋਰ ਨਹੀਂ ਲੈ ਸਕਦੇ ਤੇ ਫਟੇ ਪੁਰਾਣੇ ਕੱਪੜਿਆਂ ਨਾਲ ਹੀ ਸਾਰ ਲੈਂਦੇ ਹਨ। ਗਰੀਬ ਲੋਕ ਥੋੜ੍ਹਾਂ ਬਹੁਤਾ ਕਰਕੇ ਸਕੂਲ ਤਾਂ ਕਰਾ ਦਿੰਦੇ ਹਨ ਪ੍ਰੰਤੂ ਜਦੋਂ ਉਹ ਦੂਸਰਿਆ ਦੇ ਬੱਚਿਆ ਨੂੰ ਪੜਦੇ ਦੇਖਦੇ ਹਨ ਤਾਂ ਉਨ੍ਹਾਂ ਦਾ ਦਿਲ ਕਰਦਾ ਕਿ ਅਸੀਂ ਵੀ ਆਪਣੇ ਬੱਚਿਆ ਨੂੰ ਕਾਲਜਾਂ

ਵਿੱਚ ਪੜਾਈਏ ਪ੍ਰੰਤੂ ਉਨ੍ਹਾਂ ਦੀ ਇਹ ਰੀਝ ਦੀ ਰੀਝ ਹੀ ਰਹਿ ਜਾਂਦੀ ਹੈ। ਕਿਉਂਕਿ ਉਨ੍ਹਾਂ ਕੋਲ ਕਾਲਜਾਂ ਦੀਆਂ ਫੀਸਾਂ ਦੇਣ ਲਈ ਪੈਸੇ ਨਹੀਂ ਹੁੰਦੇ ਤੇ ਜਿਸ ਕਾ ਰਨ ਆਪਣੇ ਬੱਚਿਆਂ ਨੂੰ ਕੁੱਝ ਬਣਾਉਣ ਦਾ ਸੁਪਨੇ ਦਾ ਸੁਪਨਾ ਹੀ ਰਹਿ ਜਾਂਦਾ ਹੈ । ਬਲਜਿੰਦਰ ਨਸਰਾਲੀ ਨੇ ਨਾਵਲ ਵਿੱਚ ਨਾਜ਼ਰ ਦੀ ਅਜਿਹੀ ਸਥਿਤੀ ਨੂੰ ਬਿਆਨ ਕੀਤਾ ਹੈ ਜੋ ਕਿ ਗਰੀਬ ਆਦਮੀ ਹੈ , ਤੇ ਪਰ ਆਪਣੇ ਬੱਚਿਆ ਨੂੰ ਕੁੱਝ ਬਣਦੇ ਹੋਏ ਦੇਖਣਾ ਚਾਹੁੰਦਾ ਹੈ, ਅਸੀਂ ਨਾਜ਼ਰ ਦੀ ਸਥਿਤੀ ਨਾਵਲ ਵਿੱਚ ਦੇਖ ਸਕਦੇ ਹਾਂ:-

> "ਚਾਹ ਰੱਖਣ ਤੋਂ ਬਾਅਦ ਵੀ ਨਾਜ਼ਰ ਖੜ੍ਹਾ ਰਿਹਾ ਤਾਂ ਨਵਦੀਫ ਨੇ ਬਾਲਕੋਨੀ ਵਿੱਚੋਂ
> ਕੁਰਲੀ ਕਰਕੇ ਆਉਂਦਿਆਂ ਪੁੱਛਿਆ, "ਨਾਜ਼ਰ ਦੱਸ ਕੋਈ ਕੰਮ ਐ?"
> ਨਾਜ਼ਰ ਝਿਜਕਦਾ ਝਿਜਕਦਾ ਬੋਲਿਆ,"ਵੀਰ ਜੀ, ਮੇਰੇ ਕੱਪੜਿਆਂ ਦਾ ਹਾਲ ਮੰਦਾ ਹੋ ਗਿਐ,
> ਪੈਸੇ ਤਾਂ ਸਾਰੇ ਘਰੇ ਹੀ ਦੇਣੇ ਪੈਂਦੇ ਨੇ। ਬੱਚੇ ਪੜ੍ਹਦੇ ਨੇ, ਵੱਡਾ ਮੁੰਡਾ ਦੱਸਵੀਂ 'ਚ ਹੋ ਗਿਆ।
> ਮੈਂ ਏਥੇ ਤੁਹਾਡੇ ਵਰਗਿਆਂ ਨੂੰ ਪੜ੍ਹਦਾ ਦੇਖਦਾਂ ਤਾਂ ਸੋਚਦਾ ਮੇਰਾ ਮੁੰਡਾ ਵੀ ਪੜ੍ਹਕੇ ਕੁਸ਼ ਬਣੇ।
> ਇਥੋਂ ਕੋਈ ਮੁੰਡਾ ਪ੍ਰੋਫੈਸਰ ਬਣਕੇ ਨਿਕਲਦੇ, ਕੋਈ ਡਾਕਟਰ ਕੋਈ ਇੰਜੀਨੀਅਰ ਤੇ ਕੋਈ ਡੀ.ਸੀ.।
> ਮੁੰਡੇ ਨੂੰ ਪੜ੍ਹਾਉਣ ਤੇ ਮੇਰਾ ਪੂਰਾ ਜੋਰ ਲੱਗਿਆ ਪਿਐ, ਐਤਕੀ ਦੋ ਟਿਉਸ਼ਨਾਂ ਵੀ ਰਖਵਾਈਆਂ ਨੇ।
> ਮੈਂ ਤਾਂ ਇਹ ਕਹਿਣ ਲੱਗਿਆ ਤਾਂ ਬਈ ਜੇਕਰ ਕੋਈ ਬੇਕਾਰ ਸੂਟ ਹੈ ਤਾਂ...।" ਉਸਨੇ ਅਧੂਰੀ ਛੱਡ ਦਿੱਤੀ।[12]

ਇਸ ਤੋਂ ਇਲਾਵਾ ਅਸੀਂ ਨਾਵਲ ਵਿੱਚ ਕਾਲਜਾਂ ਦੇ ਪ੍ਰੋਫੈਸਰ ਵੀ ਦੇਖ ਸਕਦੇ ਹਾਂ ਕਿ ਉਹ ਲੋਕ ਸਾਹਿਤ ਦੇ ਨਾਮ ਤੇ ਕਿਵੇਂ ਕਮਾਈਆਂ ਕਰਦੇ ਹਨ। ਤੇ ਜਿਸ ਕਾਰਨ ਕਿ ਥੋੜ੍ਹੇ ਸਮੇਂ ਬਾਅਦ ਬਾਹਰ ਹੀ ਤੁਰੇ ਰਹਿੰਦੇ ਹਨ। ਅਸੀਂ ਨਾਵਲ ਵਿੱਚ ਗੱਲ ਇੱਥੇ ਤੱਕ ਪਹੁੰਚ ਗਈ ਦੇਖਦੇ ਹਾਂ ਲੇਖਕ ਆਪਣੇ ਫਾਇਦੇ ਲਈ ਵਿਦਿਆਰਥਣਾਂ ਨੂੰ ਵੀ ਪੱਟਦੇ ਹੋਏ ਦਿਖਾਈ ਦਿੰਦੇ ਹਨ। ਪ੍ਰੰਤੂ ਦੂਜੇ ਪਾਸੇ ਜਿੱਥੇ ਸਾਨੂੰ ਘਟੀਆ ਪ੍ਰੋਫੈਸਰ ਦੇਖਣ ਨੂੰ ਮਿਲਦੇ ਹਨ ਉਥੇ ਸਾਨੂੰ ਕੁੱਝ ਇਮਾਨਦਾਰ ਪ੍ਰੋਫੈਸਰ ਵੀ ਦੇਖਣ ਨੂੰ ਮਿਲਦੇ ਹਨ। ਜੋ ਕਿ ਚਾਹੁੰਦੇ ਹਨ ਕਿ ਅੱਜ ਦੀ ਨਵੀ ਪੀੜ੍ਹੀ ਕੁੱਝ ਵਧੀਆ ਲਿਖੇ ਤੇ ਉਹ ਦੋਸਤਾਂ ਤੇ ਦੁਸ਼ਮਣਾ ਦੀ ਪਛਾਣ ਕਰ ਸਕੇ । ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੀ ਆਪਸ ਵਿੱਚ ਬਣਦੀ ਦਿਖਾਈ ਨਹੀਂ ਦਿੰਦੀ ਉਹ ਇੱਕ ਦੂਜੇ ਤੋਂ ਜਲਦੇ ਹੋਏ ਦਿਖਾਈ ਦਿੰਦੇ ਹਨ ਤੇ ਇੱਕ ਦੂਜੇ ਨੂੰ ਪਿੱਛੇ ਧੱਕਣ ਦੀ ਕੋਸ਼ਿਸ ਕਰਦੇ ਹਨ। ਜਿਸ ਨਾਲ ਉਨ੍ਹਾਂ ਦਾ ਆਪਣਾ ਕਿਰਦਾਰ ਤਾਂ ਗਿਰਦਾ ਹੈ ਹੀ , ਉੱਥੇ ਦੂਜੇ ਪਾਸੇ ਵਿਦਿਆਰਥੀਆਂ ਨੂੰ ਜ਼ਿਆਦਾ ਨੁਕਸਾਨ ਹੁੰਦਾ ਦਿਖਾਈ ਦੇ ਰਿਹਾ ਹੈ। ਪ੍ਰੋਫੈਸਰ ਵਿਦਿਆਰਥੀਆਂ ਨੂੰ ਭੜਕਾਉਂਦੇ ਹੋਏ ਦਿਖਾਈ ਦੇ ਰਹੇ ਹਨ ਕਿਉਂਕਿ ਉਹ ਲਾਲਚੀ ਹਨ, ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਰਿਸ਼ਵਤ ਮਿਲਦੀ ਰਹੇ ਤੇ ਜਿਹੜੇ ਅਮੀਰ ਵਿਦਿਆਰਥੀ ਉਨ੍ਹਾਂ ਨੂੰ ਰਿਸ਼ਵਤ ਦੇ ਦਿੰਦੇ ਹਨ ਤੇ ਉਹ ਉਨ੍ਹਾਂ ਲਈ ਸੀਟਾਂ ਰੱਖ ਲੈਂਦੇ ਹਨ ਤੇ ਜੋ ਗਰੀਬ ਵਿਦਿਆਰਥੀ ਹੁੰਦੇ ਹਨ ਉਹ ਭਾਵੇ ਦੂਜੇ ਵਿਦਿਆਰਥੀਆਂ ਨਾਲੋ ਭਾਵੇ ਕਿੰਨ੍ਹੇ ਹੀ ਕਾਬਿਲ ਕਿਉਂ ਨਾ ਹੋਣ ਪ੍ਰੋਫੈਸਰ ਉਨ੍ਹਾਂ ਵਿਦਿਆਰਥੀਆ ਨੂੰ ਭਟਕਾਉਂਦੇ ਹੀ ਰਹਿੰਦੇ ਹਨ । ਅਸੀਂ ਨਾਵਲ ਵਿੱਚ ਅਜਿਹੀਆਂ ਪ੍ਰਸਥਿਤੀਆਂ ਨੂੰ ਪੇਸ਼ ਕੀਤਾ ਹੋਇਆ ਦੇਖ ਸਕਦੇ ਹਾਂ:-

> "ਦੂਜਾਂ ਦੁੱਖ ਉਨ੍ਹਾਂ ਨੂੰ ਡਾ.ਗਾਂਧੀ ਦਾ ਸੀ ਜਿਸਨੇ ਇਨ੍ਹਾਂ ਦੀ ਪੀ-ਐਚ,ਡੀ ਦੀ ਵਿਦਿਆਰਥਣ

ਪੁਸ਼ਪਿੰਦਰ ਪੱਟ ਲਈ ਸੀ। ਗੱਲ ਜੇਕਰ ਸਿਰਫ਼ ਪੱਟਣ ਤਕ ਹੀ ਸੀਮਿਤ ਹੁੰਦੀ ਤਾਂ ਉਹ ਜਰ ਲੈਂਦੇ। ਬਦਲੇ ਵਿੱਚ ਉਹ ਵੀ ਕੋਈ ਲਾਲਚ ਦੇ ਕੇ ਉਸ ਦਾ ਵਿਦਿਆਰਥੀ ਪੱਟ ਲੈਂਦੇ। ਪਰ ਢਾ, ਗਾਧੀ ਨੇ ਤਾਂ ਚਾਲੀ ਸਾਲ ਦੀ ਉਮਰ ਵਿੱਚ ਉਸ ਨਾਲ ਵਿਆਹ ਕਰ ਲਿਆ ਸੀ। ਤੇ.... ਤੇ ਜਸਵੀਰ ਸਿੰਘ ਸ਼ਾਨ ਕੁੱਝ ਵੀ ਨਹੀਂ ਕਰ ਸਕੇ ਸਨ। ਭਾਵੇਂ ਉਨ੍ਹਾਂ ਨੇ ਪੁਸ਼ਪਿੰਦਰ ਦਾ ਚੈਕ ਹੋਣ ਲਈ ਆਇਆ ਪੀ-ਐਚ . ਡੀ. ਦਾ ਖਰਡ਼ਾ ਵਾਪਸ ਨਹੀਂ ਸੀ ਦਿੱਤਾ ਪਰ ਇਹ ਕੋਈ ਏਡੀ ਬਦਲਾ- ਲਊ ਕਾਰਵਾਈ ਨਹੀਂ ਸੀ। ਡਾ. ਗਾਂਧੀ ਨੇ ਜੇਕਰ ਆਪਣੀ ਪਤਨੀ ਨੂੰ ਪੀ. ਐਚ. ਡੀ. ਕਰਵਾਉਣੀ ਹੀ ਹੋਈ ਤਾਂ ਦੋ ਚੈਪਟਰ ਕੀ ਚੀਜ਼ ਸਨ। ਉਹ ਪਤਨੀ ਦਾ ਪੂਰਾ ਥੀਸਿਸ ਆਪ ਲਿਖ ਸਕਦਾ ਸੀ।''[13]

ਇਸ ਤਰ੍ਹਾਂ ਇਸ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਕਾਲਜਾਂ ਵਿੱਚ ਰਿਸ਼ਵਤ ਜ਼ਿਆਦਾ ਵੱਧ ਗਈ ਹੈ , ਅੱਜ ਕੱਲ੍ਹ ਹਰ ਕੰਮ ਰਿਸ਼ਵਤ ਦੇ ਨਾਲ ਹੀ ਹੁੰਦਾ ਹੈ ਤੇ ਲਾਲਚ ਜ਼ਿਆਦਾ ਵੱਧ ਗਿਆ ਹੈ। ਕਾਲਜਾਂ ਵਿੱਚ ਪੜ੍ਹਾਈ ਕਰਨੀ ਬਹੁਤ ਮੁਸ਼ਕਿਲ ਜਾਪਦੀ ਹੇ। ਕਿਉਂਕਿ ਅਧਿਆਪਕ ਸਾਥ ਦਿੰਦੇ ਦਿਖਾਈ ਨਹੀਂ ਦਿੰਦੇ। ਜਿਸ ਕਾਰਨ ਵਿਦਿਆਰਥੀ ਵਧੀਆ ਪੋਸਟਾਂ ਹਾਸਿਲ ਨਹੀਂ ਕਰ ਪਾਉਂਦੇ ਤੇ ਜੇਕਰ ਕੋਈ ਵਧੀਆ ਵਿਦਿਆਰਥੀ ਲਿਖਦਾ ਹੈ ਤਾਂ ਉਸ ਨੂੰ ਲਾਲਚ ਦੇ ਕੇ ਫਸਾ ਲਿਆ ਜਾਂਦਾ ਹੈ।

ਉਪਰੋਕਤ ਚਰਚਾ ਕਰਨ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਸਾਡੀ ਅਜੋਕੀ ਸਿੱਖਿਆ ਪ੍ਰਣਾਲੀ ਕਿਹੋ ਜਿਹੀ ਹੈ। ਨਾਵਲਕਾਰ ਨੇ ਸਾਡੀ ਅਜੋਕੀ ਸਿਖਿਆ ਪ੍ਰਣਾਲੀ ਨੂੰ ਬੜ੍ਹੇ ਹੀ ਵਧੀਆ ਢੰਗ ਨਾਲ ਸਾਡੇ ਸਾਹਮਣੇ ਪੇਸ਼ ਕੀਤਾ ਹੈ ਕਿ ਕਿਵੇਂ ਅੱਜ ਦੇ ਵਿੱਦਿਅਕ ਅਦਾਰੇ ਅਮੀਰ ਸ਼੍ਰੇਣੀ ਨੂੰ ਪਹਿਲ ਦਿੰਦੇ ਹਨ ਤੇ ਗਰੀਬ ਨੂੰ ਪੁੱਛਦੇ ਵੀ ਨਹੀਂ ਤੇ ਨਾਵਲ ਵਿੱਚ ਨਾਵਲਕਾਰ ਨੇ ਭ੍ਰਿਸ਼ਟਾਚਾਰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ ਕਿ ਵਿੱਦਿਅਕ ਸੰਸਥਾਵਾਂ ਕਿਵੇਂ ਪੜ੍ਹਾਈ ਦੇ ਨਾਮ ਤੇ ਜੋਰ ਐਡਮੀਸ਼ਨਾਂ ਸਕੂਲਾਂ ਜਾਂ ਕਾਲਜਾਂ ਵਿੱਚ ਕਰਦੀਆਂ ਹਨ, ਉਨ੍ਹਾਂ ਦੇ ਲਈ ਕਿੰਨੀ ਰਿਸ਼ਵਤ ਲੈਦੇ ਹਨ ਤੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਨਾ ਪੜ੍ਹਾ ਕਿ ਟਿਊਸ਼ਨਾਂ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਜਾਂਦਾ ਹੈ। ਜਿਸ ਕਾਰਨ ਕਿ ਅਮੀਰ ਵਰਗ ਦੇ ਬੱਚੇ ਤਾਂ ਟਿਊਸ਼ਨਾਂ ਦੁਆਰਾ ਆਪਣੀ ਪੜ੍ਹਾਈ ਪੂਰੀ ਕਰ ਜਾਂਦੇ ਹਨ। ਜਦਕਿ ਗਰੀਬ ਸ਼੍ਰੇਣੀ ਦੇ ਵਿਦਿਆਰਥੀ ਜਾਂ ਤਾਂ ਫਿਰ ਫੇਲ੍ਹ ਹੋ ਜਾਂਦੇ ਹਨ, ਜਾਂ ਫਿਰ ਸਕੂਲ ਛੱਡ ਕਿ ਕੰਮ ਕਰਨ ਲੱਗ ਜਾਂਦੇ ਹਨ, ਜਿਸ ਕਾਰਨ ਕਿ ਉਹ ਅਨਪੜ੍ਹ ਹੀ ਰਹਿ ਜਾਂਦੇ ਹਨ, ਜਿਸ ਕਾਰਨ ਕਿ ਬਾਅਦ ਵਿੱਚ ਉਨ੍ਹਾਂ ਨੂੰ ਇਸ ਦੀ ਭਰਪਾਈ ਵੀ ਕਰਨੀ ਪੈਦੀ ਹੈ । ਇਸਤੋਂ ਇਲਾਵਾ ਨਾਵਲਕਾਰ ਨੇ ਜੋ ਯੂਨੀਵਰਸਿਟੀਆਂ ਦੇ ਵਿਦਵਾਨ ਹਨ , ਉਹ ਕਿਵੇਂ ਵਿਦਿਆਰਥੀਆਂ ਤੇ ਟੀਚਰਾਂ ਨੂੰ ਬੰਜਰ ਹੋਇਆਂ ਦਿਖਾਇਆਂ ਗਿਆ ਹੈ। ਜਿਸਤੋਂ ਪਤਾ ਚੱਲਦਾ ਹੈ ਕਿ ਅਜਿਹੇ ਵਿਦਵਾਨਾਂ ਕਾਰਨ ਹੀ ਪੰਜਾਬ ਦੇ ਨੌਜਵਾਨ ਵਰਗ ਨੂੰ ਰੌਸ਼ਨੀ ਦਾ ਰਸਤਾ ਦਿਖਾਈ ਨਹੀਂ ਦਿੰਦਾ ਤੇ ਉਹ ਇਸੇ ਪ੍ਰਕਾਰ ਹੀ ਭਟਕਦੇ ਰਹਿ ਜਾਂਦੇ ਹਨ। ਇੰਨ੍ਹਾਂ ਸਭ ਪਿੱਛੇ ਜੋ ਕਾਰਨ ਹਨ , ਉਹ ਸਾਡੀਆਂ ਸਰਕਾਰਾਂ ਹਨ, ਜਿੰਨ੍ਹਾਂ ਦੇ ਨਿਯਮ ਸਹੀ ਨਹੀਂ ਹਨ , ਜਿਸ ਕਾਰਨ ਹੀ ਭਿਸ਼੍ਰਟਾਚਾਰ ਫੈਲਿਆਂ ਹੋਇਆਂ ਹੈ ਤੇ ਉਨ੍ਹਾਂ ਦੁਆਰਾ ਇਸ ਤੇ ਕੋਈ ਵੀ ਬੰਦਸ਼ ਨਹੀਂ ਲਗਾਈ ਗਈ ਹੈ। ਜਦ ਤੱਕ ਅਸੀਂ ਆਪਣੇ ਦੇਸ਼ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਨਹੀਂ ਕਰਾਗੇ ਤੇ ਅਨਪੜ੍ਹਤਾ ਨੂੰ ਨਹੀਂ ਹਟਾਵਾਗੇ। ਅਸੀਂ ਆਪਣੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੇ ਨਹੀਂ ਪਾ ਸਕਦੇ। ਬਲਜਿੰਦਰ ਨਸਰਾਲੀ ਨੇ ਸਾਨੂੰ ਨਾਵਲ ਦੇ ਦੁਆਰਾ

ਦੱਸਣ ਦੀ ਕੋਸ਼ਿਸ ਕੀਤੀ ਹੈ ਕਿ ਸਾਨੂੰ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਨੌਜਵਾਨ ਪੀੜ੍ਹੀ ਨੂੰ ਕੁੱਝ ਲਿਖਣ ਦੀ ਜ਼ਰੂਰਤ ਹੈ। ਸਾਨੂੰ ਇਸਦੇ ਲਈ ਕਦਮ ਉਠਾਉਣ ਦੀ ਜ਼ਰੂਰਤ ਹੈ। ਜੇਕਰ ਅਸੀਂ ਇਸਦੇ ਖਿਲਾਫ਼ ਆਵਾਜ਼ ਨਹੀਂ ਉਠਾਵਾਗੇ ਤਾਂ ਅਸੀਂ ਇਸੇ ਤਰ੍ਹਾਂ ਹੀ ਰੁਲਦੇ ਰਹਾਗੇ।

# ਹਵਾਲੇ ਤੇ ਟਿੱਪਣੀਆਂ

1.ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ, ਪੰਨਾ-104

2.ਉਹੀ ਪੰਨਾ-131

3.ਉਹੀ ਪੰਨਾ-159

4.ਉਹੀ ਪੰਨਾ-164

5.ਉਹੀ ਪੰਨਾ-120

6.ਉਹੀ ਪੰਨਾ-200

7.ਉਹੀ ਪੰਨਾ-209

8.ਉਹੀ ਪੰਨਾ-98

9.ਉਹੀ ਪੰਨਾ-104

10.ਉਹੀ ਪੰਨਾ-123

11.ਉਹੀ ਪੰਨਾ-139

12.ਉਹੀ ਪੰਨਾ-157

13.ਉਹੀ ਪੰਨਾ-160

# ਅਧਿਆਇ-ਤੀਜਾ

# ਨਾਵਲ ਵਿੱਚ ਪੇਸ਼ ਕਿਸਾਨੀ ਸੰਕਟ ਦਾ ਦੁਖਾਂਤ

## ਅਧਿਆਇ-ਤੀਜਾ ਨਾਵਲ

## ਵਿੱਚ ਪੇਸ਼ ਕਿਸਾਨੀ ਸੰਕਟ ਦਾ ਦੁਖਾਂਤ

ਕਿਸਾਨ ਇੱਕ ਉਹ ਸੰਘਰਸਸ਼ੀਲ ਸ਼ਖਸੀਅਤ ਹੈ, ਜੋ ਆਪਣੀ ਪੂਰੀ ਜ਼ਿੰਦਗੀ ਦੇਸ਼ ਲਈ ਅੰਨ ਪੈਦਾ ਕਰਨ ਵਿੱਚ ਹੀ ਲਗਾ ਦਿੰਦਾ ਹੈ। ਜਿਸ ਕਾਰਨ ਕਿ ਉਸ ਨੂੰ ਅੰਨਦਾਤਾ ਵੀ ਕਿਹਾ ਜਾਂਦਾ ਹੈ। ਕਿਸਾਨ ਦੀ ਪੂਰੀ ਜ਼ਿੰਦਗੀ ਬਚਪਨ ਤੋਂ ਲੈ ਕੇ ਮਿੱਟੀ ਵਿੱਚ ਹੀ ਗੁਜ਼ਰ ਜਾਂਦੀ ਹੈ। ਕਿਸਾਨ ਮਿੱਟੀ ਵਿੱਚ ਖੇਡਦਾ-ਖੇਡਦਾ ਹੀ ਵੱਡਾ ਹੁੰਦਾ ਹੈ ਤੇ ਆਪਣੇ ਬਜ਼ੁਰਗਾਂ ਤੋਂ ਆਪਣੀ ਵਿਰਾਸਤ ਸੰਭਾਲ ਲੈਂਦਾ ਹੈ। ਜੋ ਇਸ ਮਿੱਟੀ ਦੀ ਹੀ ਹੁੰਦੀ ਹੈ। ਕਿਸਾਨ ਦਾ ਜੀਵਨ ਬਹੁਤ ਮਿਹਨਤ ਤੇ ਮੁਸ਼ਕਲਾ ਨਾਲ ਭਰਿਆ ਹੁੰਦਾ ਹੈ। ਇਸ ਗੱਲ ਦਾ ਸਿਰਫ ਕਿਸਾਨ ਹੀ ਅੰਦਾਜ਼ਾ ਲਗਾ ਸਕਦਾ ਹੈ। ਜੋ ਫ਼ਸਲ ਨੂੰ ਬੀਜਣ ਤੇ ਵੱਡਣ ਤੱਕ ਬਹੁਤ ਘਾਟੇ ਝੱਲਦਾ ਹੈ, ਹਾੜ ਦੀ ਧੁੱਪ ਆਪਣੇ ਸਰੀਰ ਤੇ ਝੱਲਦਾ ਹੈ, ਪੋਹ ਦੀਆਂ ਰਾਤਾਂ ਕਦੇ ਕੁਦਰਤੀ ਮੁਸੀਬਤਾਂ ਬਣਾਉਟੀ ਬੀਜ ਆਦਿ ਅਜਿਹੀਆਂ ਕਈ ਪ੍ਰਕਾਰ ਦੀਆਂ ਮੁਸ਼ਕਿਲਾ ਦਾ ਸਾਹਮਣਾ ਕਰਕੇ ਕਿਸਾਨ ਫ਼ਸਲ ਉਗਾਉਂਦਾ ਹੈ। ਰੀਝਾ ਨਾਲ ਪਾਲੀ ਹੋਈ ਫ਼ਸਲ ਨੂੰ ਜਦ ਕੋਈ ਕਿਸਾਨ ਦੇਖਦਾ ਹੈ ਤਾਂ ਉਸਦੇ ਚੇਹਰੇ ਤੇ ਜੋ ਖੁਸ਼ਹਾਲੀ ਆਉਂਦੀ ਹੈ। ਸ਼ਾਇਦ ਹੋਰ ਕੋਈ ਉਸਦਾ ਅੰਦਾਜ਼ਾ ਵੀ ਨਹੀਂ ਲਗਾ ਸਕਦਾ। ਉਸ ਸਮੇਂ ਕਿਸਾਨ ਦਾ ਮਨ ਲਹਿਰਾਉਂਦਾ ਹੈ। ਪ੍ਰੰਤੂ ਜਦੋਂ ਕੋਈ ਕੁਦਰਤੀ ਕਰੋਪੀ ਆਉਂਦੀ ਹੈ, ਤਾਂ ਉਸਦੇ ਦਿਲ ਤੇ ਕੀ ਬੀਤਦੀ ਹੈ, ਸ਼ਾਇਦ ਹੀ ਅਸੀਂ ਬਿਆਨ ਕਰ ਸਕੀਏ।

ਇਹ ਸਭ ਕੁਝ ਸਹਿਣ ਕਰਨ ਤੋਂ ਬਾਅਦ ਸੁੱਖਾ ਸੁਖ ਕੇ ਕਿਸਾਨ ਫ਼ਸਲ ਨੂੰ ਲੈ ਕੇ ਮੰਡੀ ਜਾਂਦਾ ਹੈ ਤਾਂ ਉਸ ਸਮੇਂ ਵੀ ਉਸ ਨੂੰ ਬਹੁਤ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਮਹੀਨਾ-ਮਹੀਨਾ ਉਸਦੀ ਫਸਲ ਮੰਡੀਆਂ ਵਿੱਚ ਪਈ ਰੁਲਦੀ ਰਹਿੰਦੀ ਹੈ। ਕਈ ਵਾਰ ਮੰਡੀਆਂ ਦੇ ਅਧਿਕਾਰੀ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਅਜੇ ਫਸਲ ਚੰਗੀ ਤਰ੍ਹਾਂ ਸੁੱਕੀ ਨਹੀਂ ਹੈ। ਇਸਨੂੰ ਚੰਗੀ ਤਰ੍ਹਾਂ ਸੁਕਾਉ। ਬੜੀ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਕਿਸਾਨ ਫਸਲ ਦੀ ਆਮਦਨ ਦਾ ਹਿਸਾਬ ਲਗਾਉਂਦਾ ਹੈ। ਪ੍ਰੰਤੂ ਜਦੋਂ ਫਸਲ ਦੀ ਆਮਦਨ ਦੇਖਦਾ ਹੈ, ਤਾਂ ਉਸ ਨੂੰ ਉਸਦੀ ਜਦੋਂ ਆਮਦਨ ਜ਼ਿਆਦਾ ਲੱਗੀ ਨਜ਼ਰ ਆਉਂਦੀ ਹੈ ਤਾਂ ਉਸ ਨੂੰ ਆਮਦਨ ਤੋਂ ਜ਼ਿਆਦਾ ਖ਼ਰਚਾ ਹੋਇਆ ਦੇਖ ਕਿ ਕਿਸਾਨ ਨੂੰ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈਦਾ ਹੈ। ਕਿਸਾਨ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਅਤੇ ਅੱਗੇ ਖੇਤਾਂ ਵਿੱਚ ਫ਼ਸਲ ਉਗਾਉਣ ਲਈ ਵੱਧ ਤੋਂ ਵੱਧ ਕਰਜ਼ੇ ਲੈਂਦਾ ਹੈ ਤੇ ਉਹ ਇੰਨ੍ਹੇ ਕਰਜ਼ੇ ਲੈ ਲੈਂਦਾ ਹੈ ਕਿ ਉਹ ਆਪਣੀ ਜ਼ਮੀਨ ਦੇ ਮੁੱਲ ਨਾਲੋ ਵੀ ਟੱਪ ਜਾਂਦਾ ਹੈ ਤੇ ਜਿਸ ਕਾਰਨ ਉਸਦੇ ਹੱਥ ਵਿੱਚ ਕੁਝ ਵੀ ਨਹੀਂ ਰਹਿੰਦਾ ਤੇ ਜਿਸ ਕਾਰਨ ਖੁਦਖੁਸ਼ੀ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਰਹਿੰਦਾ। ਬਸ ਇੰਨ੍ਹਾਂ ਹੀ ਕਿਸਾਨ ਦੀ ਜ਼ਿੰਦਗੀ ਦਾ ਜੀਵਨ ਚੱਕਰ ਹੈ। ਜੋ ਬਚਪਨ ਤੋਂ ਲੈ ਕੇ ਚੱਲਦਾ ਹੈ ਤੇ ਮਿੱਟੀ ਵਿੱਚ ਖੇਡਦਿਆਂ ਹੋਇਆ ਅਖਿਰ ਵਿੱਚ ਉਸ ਮਿੱਟੀ ਵਿੱਚ ਮਿੱਟੀ ਹੋ ਜਾਂਦਾ ਹੈ।

ਕਿਸਾਨਾਂ ਦੀ ਹਾਲਤ ਦੇਸ਼ ਵਿੱਚ ਬਹੁਤ ਮਾੜੀ ਹੋ ਚੁੱਕੀ ਹੈ। ਕਿਸਾਨਾਂ ਦੀ ਖੁਦ ਖੁਸ਼ੀ ਦੇ ਮਾਮਲਿਆਂ ਵਿੱਚ ਭਾਰਤ ਦੇ ਕਿਸਾਨਾਂ ਨੂੰ ਵੀ ਖੁਦਖੁਸ਼ੀ ਕਰਨ ਦੇ ਵਿੱਚ ਸੁਪਰੀਮ ਕੋਰਟ ਨੂੰ ਵੀ ਦਖਲ ਅੰਦਾਜ਼ੀ ਦੀ ਲੋੜ ਪਈ ਹੈ। ਕਿਸਾਨਾਂ ਦੇ ਕਰਜ਼ੇ ਲੈਣ ਦਾ ਮੱਖ ਕਾਰਨ ਵਧੀਆ ਬੀਜ ਲੈਣਾ ਵੀ ਸੀ , ਤਾਂ ਕਿ ਉਹ ਆਪਣੀਆਂ ਫ਼ਸਲਾਂ ਦਾ ਉਤਪਾਦਨ ਕਰ ਸਕੇ। ਉਤਪਾਦਨ ਵਧਾਉਣ ਲਈ ਉਸਨੂੰ ਵਧੀਆਂ ਰਸਾਇਣਿਕ ਖਾਂਦਾ ਅਤੇ ਬੀਜਾਂ ਦੀ ਜ਼ਰੂਰਤ ਸੀ, ਤੇ ਨਵੇਂ ਖੇਤੀ ਦੇ ਢੰਗ ਅਪਣਾਉਣ ਦੀ ਜ਼ਰੂਰਤ ਸੀ। ਜਿਸਦੇ ਸਿੱਟੇ ਵਜੋਂ

ਦੇਸ਼ ਵਿੱਚ ਹੌਲੀ -ਹੌਲੀ ਰਵਾਇਤੀ ਖੇਤੀ ਦੀ ਥਾਂ ਰਸਾਇਣਿਕ ਖਾਂਦਾ ਨੇ ਲੈ ਲਈ । ਹਰੀ ਕ੍ਰਾਂਤੀ ਦੀ ਲੋੜ ਸਾਨੂੰ ਇਸ ਲਈ ਪਈ ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਕਾਫੀ ਗਿਣਤੀ ਵਿੱਚ ਭੁੱਖਮਰੀ ਵੱਧ ਗਈ ਸੀ। ਜਿਸ ਕਾਰਨ ਕਿ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ। ਤੇ ਅੰਨ ਦੀ ਸਮੱਸਿਆ ਪੈਦਾ ਹੋ ਗਈ। ਰਵਾਇਤੀ ਖੇਤੀ ਇੰਨੀ ਵਧੀਆ ਨਹੀਂ ਸੀ ਕਿ ਉਹ ਲੋਕਾਂ ਨੂੰ ਪੇਟ ਭਰ ਅੰਨ ਦੇ ਸਕੇ। ਅਜਿਹੇ ਹਾਲਾਤਾਂ ਵਿੱਚ ਸਰਕਾਰਾਂ ਨੂੰ ਦੂਜੇ ਦੇਸ਼ਾਂ ਤੋਂ ਅੰਨ ਦੀ ਜ਼ਰੂਰਤ ਪਈ ਤੇ ਜਿਸ ਕਾਰਨ ਦੂਜੇ ਦੇਸ਼ਾਂ ਵਿੱਚੋਂ ਅੰਨ ਖਰੀਦਿਆ ਜਾਣ ਲੱਗਾ। ਪ੍ਰੰਤੂ ਇਹ ਵੀ ਜ਼ਿਆਦਾ ਸਮਾਂ ਨਾ ਚੱਲ ਸਕਿਆ। ਕਿਉਂਕਿ ਦੇਸ਼ ਦੀਆਂ ਭੋਜਨ ਪ੍ਰਤੀ ਲੋੜਾ ਪੂਰੀਆ ਕਰਨ ਦੀ ਕੋਈ ਵੀ ਟਿਕਾਊ ਨੀਤੀ ਨਹੀਂ ਸੀ। ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਸਰਕਾਰ ਨੇ ਹਰੀ ਕ੍ਰਾਂਤੀ ਦੀ ਨੀਂਹ ਰੱਖੀ।

ਇਸ ਸਾਰੇ ਘਟਨਾ ਕ੍ਰਮ ਤੋਂ ਬਾਅਦ ਵਿੱਚ ਕੁਝ ਕੁ ਇਲਾਕਿਆ ਵਿੱਚ ਰਸਾਇਣਿਕ ਖੇਤੀ ਨੂੰ ਸ਼ੁਰੂ ਕਰ ਦਿੱਤਾ ਗਿਆ ਸੀ ਜਿਸ ਵਿੱਚ ਬੀਜ਼ਾਂ ਵਿੱਚ ਸੁਧਾਰ, ਰਸਾਇਣਿਕ ਖਾਂਦਾ ਅਤੇ ਆਧੁਨਿਕ ਢੰਗ ਨਾਲ ਖੇਤੀ ਤੇ ਕੀਟਨਾਸ਼ਕ ਦਵਾਈਆਂ ਹਰੀ ਕ੍ਰਾਂਤੀ ਦੇ ਮੁੱਖ ਹਿੱਸੇ ਹਨ। ਇਸਦੇ ਸਿੱਟੇ ਵਜੋਂ ਦੇਸ਼ ਵਿੱਚ ਵੱਡੀਆਂ -ਵੱਡੀਆਂ ਖੇਤੀਬਾੜੀ ਯੂਨੀਵਰਸਿਟੀਆਂ ਆਦਿ ਦੀ ਸਥਾਪਨਾ ਕੀਤੀ ਗਈ ਤੇ ਕਿਸਾਨਾਂ ਲਈ ਨਵੇਂ ਖੇਤੀ ਲਈ ਸੰਦ ਅਤੇ ਰਸਾਇਣਕ ਖਾਂਦਾ, ਟਰੈਕਟਰ, ਕੀੜੇਮਾਰ ਦਵਾਈਆਂ, ਖੇਤਾਂ ਵਿੱਚ ਟਿਊਬਲ ਲਗਵਾਉਣ ਲਈ ਖੇਤੀ ਕਰਜ਼ਿਆਂ ਦੀ ਵਿਵਸਥਾ ਕਰਨ ਦੀ ਕੋਸ਼ਿਸ ਕੀਤੀ ਗਈ। ਪੂਰੀਆਂ ਮੁਸ਼ਕਿਲਾਂ ਤੋਂ ਬਾਅਦ ਹਰੀ ਕ੍ਰਾਂਤੀ ਪੂਰੀ ਤਰ੍ਹਾਂ ਕਿਸਾਨਾਂ ਉੱਪਰ ਛਾ ਗਈ। ਆਮ ਕਿਸਾਨਾਂ ਲਈ ਹਰੀ ਕ੍ਰਾਂਤੀ ਦੇ ਸਿੱਟੇ ਕਿਸੇ ਚਮਤਕਾਰ ਤੋਂ ਘੱਟ ਨਹੀਂ ਸਨ। ਫ਼ਸਲਾਂ ਦੇ ਝਾੜ ਵਿੱਚ ਬਹੁਤ ਜ਼ਿਆਦਾ ਵਾਧਾ ਹੋ ਗਿਆ । ਜਿਸਦੇ ਸਿੱਟੇ ਵਜੋਂ ਕਿਸਾਨਾਂ ਕੋਲ ਕਾਫ਼ੀ ਵੱਡੀ ਗਿਣਤੀ ਵਿੱਚ ਪੈਸਾ ਆਉਣਾ ਸ਼ੁਰੂ ਹੋ ਗਿਆ। ਜਿਸਦਾ ਪ੍ਰਭਾਵ ਸਾਨੂ ਕਿਸਾਨੀ ਜੀਵਨ ਵਿੱਚ ਆਮ ਦੇਖਣ ਨੂੰ ਨਜ਼ਰ ਆਉਣ ਲੱਗਾ। ਉਨ੍ਹਾਂ ਨੇ ਜ਼ਿੰਦਗੀ ਦੀਆਂ ਸਭ ਸੁੱਖ ਸਹੂਲਤਾਂ ਮਾਣਨੀਆ ਸ਼ੁਰੂ ਕਰ ਦਿੱਤੀਆ। ਜਿੰਨ੍ਹਾਂ ਭਾਰੇ ਸ਼ਾਇਦ ਉਨ੍ਹਾਂ ਨੇ ਕਦੀ ਵੀ ਸੋਚਿਆ ਵੀ ਨਹੀ ਸੀ। ਉਹ ਕਿਸਾਨਾਂ ਦੀ ਜ਼ਿੰਦਗੀ ਮਿਹਨਤ ਪੱਖੋਂ ਕਾਫ਼ੀ ਸੌਖੀ ਹੋ ਗਈ। ਕਿਉਂਕਿ ਹੁਣ ਗੱਡਿਆਂ ਦੀ ਜਗ੍ਹਾਂ ਹੁਣ ਮਸ਼ੀਨਾਂ ਨੇ ਲੈ ਲਈ ਸੀ। ਖੇਤੀ ਦਾ ਕੰਮ ਹੁਣ ਮਸ਼ੀਨਾਂ ਨਾਲ ਹੋਣ ਲੱਗ ਪਿਆ ਸੀ।

ਹਰੀ ਕ੍ਰਾਂਤੀ ਦਾ ਪ੍ਰਭਾਵ ਜ਼ਿਆਦਾ ਲੰਬਾ ਸਮਾਂ ਨਾ ਚੱਲ ਸਕਿਆ। ਕਿਸਾਨਾਂ ਦੀ ਜ਼ਿੰਦਗੀ ਵਿੱਚ ਖੁਸ਼ੀ ਥੋੜਾਂ ਸਮਾਂ ਹੀ ਰਹੀ। ਹਰੀ ਕ੍ਰਾਂਤੀ ਦੇ 15 ਕੁ ਸਾਲ ਬਾਅਦ ਹੀ ਹਰੀ ਕ੍ਰਾਂਤੀ ਢਹਿੰਦੀ ਗਈ। ਰਸਾਇਣਿਕ ਮਾਡਲ ਜ਼ਿਆਦਾ ਸਮਾਂ ਟਿਕ ਨਾ ਸਕਿਆ। ਖੇਤੀ ਦੇ ਇਸ ਰਸਾਇਣਿਕ ਮਾਡਲ ਕਾਰਨ ਕਿਸਾਨ ਹੋਰ ਡੂੰਘੇ ਤੋਂ ਡੂੰਘੇ ਕਰਜ਼ਿਆ ਵਿੱਚ ਫਸਦੇ ਹੀ ਚਲੇ ਗਏ। ਜਿਸ ਕਾਰਨ ਉਨ੍ਹਾਂ ਵਿੱਚ ਖੁਦਖੁਸ਼ੀ ਦੀ ਪ੍ਰਿਵਿਰਤੀ ਪ੍ਰਵੇਸ਼ ਕਰ ਗਈ। 10-15 ਸਾਲਾਂ ਵਿੱਚ ਪੰਜਾਬ ਦੇ 20,000 ਕਿਸਾਨ ਕਰਜ਼ਿਆਂ ਤੋਂ ਛੁਟਕਾਰਾ ਪਾ ਉਣ ਲਈ ਆਤਮ ਹੱਤਿਆ ਕਰਨ ਲੱਗੇ ਤੇ 10-12 ਸਾਲ ਵਿੱਚ ਦੋ ਲੱਖ ਕਿਸਾਨਾਂ ਨੇ ਆਤਮ ਹੱਤਿਆ ਕਰ ਲਈ। ਹਰੀ ਕ੍ਰਾਂਤੀ ਨੇ ਸਾਡੀ ਸਮਾਜਿਕ ਸਥਿਤੀ ਨੂੰ ਬਿਲਕੁਲ ਬਿਗਾੜ ਕੇ ਰੱਖ ਦਿੱਤਾ। ਲੋਕਾਂ ਵਿਚਲੀ ਭਾਈਚਾਰਕ ਸਾਂਝ ਤੇ ਵਟਾਦਰਾ ਪ੍ਰਣਾਲੀ ਹਰੀ ਕ੍ਰਾਂਤੀ ਦੇ ਕਾਰਨ ਖਤਮ ਹੋ ਗਈ। ਤੇ ਸਾਰਾ ਜੋ ਵੀ ਹੁਣ ਲੈਣ ਦੇਣ ਸੀ ਉਹ ਹੁਣ ਪੈਸਿਆਂ ਦੇ ਰੂਪ ਵਿੱਚ ਹੋ ਗਿਆ ਸੀ। ਖੇਤੀ ਦੇ ਮਸ਼ੀਨੀ ਕਰਨ ਕਰਕੇ ਕਾਮੇ ਹੌਲੀ- ਹੌਲੀ ਕਰਕੇ ਖੇਤੀ ਤੋਂ ਬਾਹਰ ਨਿਕਲ ਗਏ । ਤੇ ਨਦੀਨ ਨਾਸ਼ਕ ਦਵਾਈਆਂ ਨੇ ਵੀ ਮਜ਼ਦੂਰਾਂ ਨੂੰ ਖੇਤੀ ਤੋਂਬਾਹਰ ਕਰ ਦਿੱਤਾ। ਵਰਤਮਾਨ ਸਮੇਂ ਵਿੱਚ ਕਿਸਾਨ ਤੇ ਖੇਤੀ ਦੇ ਮਜ਼ਦੂਰਾਂ ਵਿਚਕਾਰ ਹਰ ਵਕਤ ਤਣਾਅ ਰਹਿੰਦਾ ਹੈ। ਪਹਿਲਾ ਜੋ ਕਿ ਕਿਸਾਨ

ਤੇ ਮਜ਼ਦੂਰ ਦਾ ਨੂੰਹ ਮਾਸ ਦਾ ਰਿਸ਼ਤਾ ਸੀ। ਹੁਣ ਉਹ ਸਿਰਫ ਇੱਕ ਖਹਿਬੜ ਭਰਿਆ ਰਿਸ਼ਤਾ ਦਿਖਾਈ ਦਿੰਦਾ ਹੈ। ਸਿਰਫ ਇਹ ਹੀ ਨਹੀਂ, ਬਲਕਿ ਖੇਤੀ ਸੰਦਾ ਤੇ ਉਦਯੋਗਾਂ ਨੇ ਲਘੂ ਉਦਯੋਗਾਂ ਨੂੰ ਵੀ ਬੰਦ ਕਰ ਦਿੱਤਾ ਹੈ। ਇਸ ਸਾਰੇ ਘਟਨਾਕ੍ਰਮ ਵਿੱਚ ਕਿਸਾਨ ਕੁਝ ਸਮੇਂ ਲਈ ਖੁਸ਼ ਤਾਂ ਹੋਇਆ ਪ੍ਰੰਤੂ ਬਹੁਤ ਲੋਕਾਂ ਦੀ ਵੱਡੀ ਗਿਣਤੀ ਇਸ ਚੱਕਰ ਵਿੱਚ ਬੇਕਾਰ ਤੇ ਬੇਰੁਜ਼ਗਾਰ ਹੋ ਗਈ।

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਵਾਤਾਵਰਨ ਵਿੱਚ ਪਰਿਵਰਤਨ ਆਉਣ ਲੱਗੇ। ਪੰਜਾਬ ਦੀ ਧਰਤੀ ਦਾ ਪਾਣੀ ਬਹੁਤ ਤੇਜ਼ੀ ਨਾਲ ਘਟਣ ਲੱਗਾ। ਉਸ ਵਿੱਚ ਰਸਾਇਣਿਕ ਖਾਂਦਾ ਦੇ ਅੰਸ਼ ਛੁਟ ਗਏ। ਆਲ਼ੇ-ਦੁਆਲੇ ਵਿੱਚ ਫ਼ਸਲਾਂ ਤੇ ਛਿੜਕੀਆ ਜਾਣ ਵਾਲੀਆ ਦਵਾਈਆ ਦੀ ਮਿਲਾਵਟ ਹੋਣੀ ਸ਼ੁਰੂ ਹੋ ਗਈ, ਜੋ ਹੁਣ ਤੱਕ ਵੀ ਹੈ।

ਅੱਜ ਖੇਤੀਬਾੜੀ ਦਾ ਕੰਮ ਘਾਟੇ ਵਿੱਚ ਜਾਂ ਰਿਹਾ ਹੈ। ਕਿਸਾਨੀ ਨੂੰ ਠੀਕ ਭਾਅ ਨਾ ਮਿਲਣ ਕਰਕੇ ਖੇਤੀ ਦੇ ਕਰਜ਼ੇ ਲਗਾਤਾਰ ਵੱਧਦੇ ਜਾਂ ਰਹੇ ਹਨ। ਬਦਲਵਾ ਰੁਜ਼ਗਾਰ ਪ੍ਰਾਪਤ ਨਾ ਹੋਣ ਕਰਕੇ ਕਿਸਾਨਾਂ ਦੀ ਹਾਲਤ ਡਾਵਾਡੋਲ ਜਿਹੀ ਹੁੰਦੀ ਜਾਂ ਰਹੀ ਹੈ। ਕਿਸਾਨ ਕਰਜ਼ੇ ਦੇ ਬੋਝ ਨਾਲ ਦੱਬਿਆਂ ਪਿਆ ਹੈ। ਜਿਸ ਕਾਰਨ ਕਿ ਪੰਜਾਬ ਦੀ ਕਿਸਾ ਨ ਸਭ ਤੋਂ ਵੱਧ ਕਰਜ਼ਾਈ ਦਿਖਾਈ ਦੇ ਰਿਹਾ ਹੈ। ਬਹੁਤ ਕਰਜ਼ਾਂ ਇਸ ਵਿੱਚੋਂ ਆੜ੍ਹਤੀਆਂ ਦਾ ਹੈ ਅਤੇ ਬਾਕੀ ਦਾ ਸ਼ਾਹੂਕਾਰਾਂ ਦੁਆਰਾ ਦਿੱਤਾ ਗਿਆ ਹੈ। ਇਹ ਦੋਨੇ ਮਿਲ ਕੇ ਇਸਤੋਂ ਵੀ ਜ਼ਿਆਦਾ ਲੈਦੇ ਹਨ। ਕਰਜ਼ਿਆਂ ਦੇ ਹੇਠਾ ਦੱਬੇ ਹੋਣ ਕਾਰਨ ਲੱਖਾਂ ਕਿਸਾਨਾਂ ਉੱਪਰ ਸੰਕਟ ਆ ਰਹੇ ਹਨ ਤੇ ਉਹ ਖੁਦਖੁਸ਼ੀਆਂ ਕਰ ਰਹੇ ਹਨ। ਇਸ ਖੇਤੀ ਦੇ ਘਾਟੇ ਹੋਣ ਨਾਲ ਛੋਟੀ ਕਿਸਾਨੀ ਦੇ ਨਾਲ ਖੇਤ ਮਜ਼ਦੂਰ ਵੀ ਪ੍ਰਭਾਵਿਤ ਹੋ ਰਿਹਾ ਹੈ। ਕਿਉਂਕਿ ਇਹ ਮਜ਼ਦੂਰ ਖੇਤੀ ਤੋਂ ਇਲਾਵਾ ਹੋਰ ਕੰਮ ਨਹੀਂ ਕਰ ਸਕਦੇ। ਖੇਤੀ ਤੋਂ ਦੂਰ ਜੋ ਕਿਸਾਨ ਭੱਜ ਰਹੇ ਹਨ, ਉਸਦਾ ਇੱਕ ਮੁੱਖ ਕਾਰਨ ਪ੍ਰਾਈਵੇਟ ਕੰਪਨੀਆਂ ਵੱਲੋਂ ਕਿਸਾਨਾਂ ਦੀ ਜੋ ਕੀਮਤੀ ਜ਼ਮੀਨ ਹੈ, ਉਸ ਨੂੰ ਸਸਤੇ ਭਾਅ ਤੇ ਖ ਰੀਦ ਲੈਣਾ ਵੀ ਹੈ। ਸਰਕਾਰ ਨੇ ਅੰਗਰੇਜ਼ਾਂ ਦੇ ਕਾਲ ਦਾ ਕਾਨੂੰਨ ਭੂਮੀ ਤੇ ਲਾਗੂ ਰੱਖਿਆਂ, ਜਿਸ ਕਾਰਨ ਸਰਕਾਰ ਨੇ ਜ਼ਿਮੀਦਾਰ ਵਰਗ ਜਾਂ ਸਰਮਾਏਦਾਰ ਵਰਗ ਤੇ ਕਾਰਪੋਰੇਟਾਂ ਦੁਆਰਾ ਕਿਸਾਨਾਂ ਦੀਆਂ ਜ਼ਮੀਨਾਂ ਦੀ ਲੁੱਟ ਕਰਵਾਈ। ਜਿਸ ਵਿੱਚ 80 ਫੀਸਦੀ ਕਿਸਾਨਾਂ ਦੀ ਕੋਈ ਰਾਏ ਨਹੀਂ ਹੁੰਦੀ।

ਖੇਤੀ ਅਤੇ ਸੰਕਟ ਕਿਸਾਨੀ ਸੰਕਟ ਨਾਲ ਸੰਬੰਧਿਤ ਕੀਤੇ ਖੋਜ ਦੇ ਤੱਥਾਂ ਦੁਆਰਾ ਪਤਾ ਚੱਲਦਾ ਹੈ , ਕਿ ਪੰਜਾਬ ਦੇ ਜ਼ਿਆਦਾਤਰ ਛੋਟੇ ਕਿਸਾਨੀ ਵਰਗ, ਖੇਤੀ ਮਜ਼ਦੂਰ ਅਤੇ ਪਿੰਡ ਦੇ ਛੋਟੇ ਕਾਰੀਗਰ ਜੋ ਕਿ ਕਰਜ਼ੇ ਹੇਠ ਹਨ ਤੇ ਗਰੀਬੀ ਵਿੱਚ ਹੀ ਜਨਮ ਲੈਂਦੇ ਹਨ, ਕਰਜ਼ੇ ਕਰਕੇ ਗਰੀਬੀ ਵਿੱਚ ਦਿਨ ਕੱਟਦੇ ਹਨ ਤੇ ਜਿਸ ਕਾਰਨ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਕਰਜ਼ੇ ਦੀ ਬੰਨੀ ਹੋਈ ਪੰਡ ਅਤੇ ਜ਼ਿਆਦਾ ਗਰੀਬੀ ਛੱਡ ਕੇ ਮੁਸੀਬਤਾਂ ਤੇ ਤੰਗੀਆਂ ਵਾਲੀ ਮੌਤ ਨਾਲ ਹੀ ਮਰ ਜਾਂਦੇ ਹਨ । ਇਸ ਵਿੱਚ ਕੋਈ ਵੀ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਨਾ ਕੇਵਲ ਪੰਜਾਬ ਬਲਕਿ ਸਾਰਾ ਭਾਰਤ ਖੇਤੀ ਅਤੇ ਕਿਸਾਨੀ ਸੰਕਟ ਵਿੱਚ ਫਸੇ ਹੋਏ ਹਨ ਤੇ ਤ੍ਰਾਸਦੀ ਇਹ ਹੈ ਕਿ ਇਹ ਸੰਕਟ ਜੋ ਕਿ ਘਟਣਾ ਚਾਹੀਦਾ ਹੈ, ਉਹ ਵੱਧ ਰਿਹਾ ਹੈ। ਇਸਤੋਂ ਇਲਾਵਾ ਜ਼ਿਆਦਾਤਰ ਕਿਸਾਨ ਖੇਤੀ ਕਰਕੇ ਬਾਹਰ ਜਾਂ ਚੁੱਕੇ ਹਨ ਤੇ ਵੱਡੀ ਗਿਣਤੀ ਵਿੱਚ ਜ਼ਿਆਦਾ ਲੋਕ ਆਪਣੇ ਬੱਚਿਆਂ ਨੂੰ ਖੇਤੀ ਵਿੱਚ ਨਹੀਂ ਰਹਿਣ ਦੇਣਾ ਚਾਹੁੰਦੇ।

ਪੰਜਾਬ ਦਾ ਕਿਸਾਨ ਦੇਸ਼ ਦਾ ਅੰਨਦਾਤਾ ਕਹਿਲਾਉਂਦਾ ਹੈ। ਹਰੀ ਕ੍ਰਾਂਤੀ ਨਾਲ ਦੇਸ਼ ਵਿੱਚ ਹਰਾ ਇਨਕਲਾਬ ਆਇਆਂ । ਖੇਤੀਬਾੜੀ ਦੇ ਖੇਤਰ ਵਿੱਚ ਤੱਰਕੀ ਹੋਈ, ਨਵੇਂ-ਨਵੇਂ ਤਕਨੀਕੀ ਸਾਧਨ ਆਏ, ਜਿਸ ਨਾਲ ਕਿ ਵਿਸ਼ਵ ਦੇ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਹੋਇਆਂ ਵਿਸ਼ੇਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ। ਹਰੀ ਕ੍ਰਾਂਤੀ ਦੌਰਾਨ ਕਿਸਾਨਾਂ ਨੂੰ ਅਨਾਜ ਦੀਆਂ ਉੱਨਤ ਕਿਸਮਾਂ, ਸਿੰਚਾਈ ਦੇ ਸਾਧਨਾਂ ਦਾ ਵਿਕਾਸ ਹੋਇਆ, ਅਤੇ ਬਨਾਉਟੀ ਖਾਦਾਂ ਅਤੇ ਕੀੜੇਮਾਰ ਦਵਾਈਆਂ ਉਪਲੱਬਧ ਕਰਵਾਈਆਂ ਗਈਆਂ। ਹਰੀ ਕ੍ਰਾਂਤੀ ਨੇ ਪੁਰਾਣੇ ਢੰਗ ਨੂੰ ਬਦਲ ਕੇ ਰੱਖ ਦਿੱਤਾ ਅਤੇ ਖੇਤੀ ਦੇ ਉਤਪਾਦਨ ਨੂੰ ਵਧਾਉਣ ਲਈ ਵਧੀਆ ਰਸਾਇਣਾਂ ਦੀ ਵਰਤੋਂ ਨੂੰ ਮਨਜ਼ੂਰੀ ਮਿਲ ਗਈ ਸੀ। ਜਿਸ ਕਾਰਨ ਕਿ ਦੇਸ਼ ਵਿੱਚ ਹੌਲੀ-ਹੌਲੀ ਪੁਰਾਣੀ ਖੇਤੀ ਦੀ ਥਾਂ ਰਸਾਇਣਿਕ ਖੇਤੀ ਨੇ ਲੈ ਲਈ। ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਦੇਸ਼ ਵਿੱਚ ਪੁਰਾਣੇ ਢੰਗ ਨਾਲ ਕੀਤੀ ਜਾਣ ਵਾਲੀ ਖੇਤੀ ਦਾ ਕਤਲ ਕਰਨ ਵਾਲੇ ਖੇਤੀ ਪ੍ਰਬੰਧ ਨੂੰ ਹੀ ਹਰੀ ਕ੍ਰਾਂਤੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਆਮ ਕਿਸਾਨਾਂ ਲਈ ਹਰੀ ਕ੍ਰਾਂਤੀ ਦੇ ਜੋ ਸ਼ੁਰੂਆਤੀ ਨਤੀਜੇ ਸਨ, ਉਹ ਕਿਸੇ ਵੀ ਚਮਤਕਾਰ ਤੋਂ ਘੱਟ ਪ੍ਰਤੀਤ ਨਹੀਂ ਹੁੰਦੇ ਸਨ। ਕਿਉਂਕਿ ਫਸਲਾਂ ਦੇ ਝਾੜ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਸੀ। ਜਿਸਦੇ ਨਤੀਜੇ ਕਾਰਨ ਕਿਸਾਨ ਵਰਗ ਕੋ ਲ ਪੈਸਾ ਜ਼ਿਆਦਾ ਆਉਣ ਲੱਗਾ। ਪ੍ਰੰਤੂ ਇਸ ਪੈਸੇ ਦਾ ਪ੍ਰਭਾਵ ਕਿਸਾਨਾਂ ਤੇ ਸਾਨੂੰ ਆਮ ਦੇਖਣ ਨੂੰ ਨਜ਼ਰ ਆਉਂਦਾ ਹੈ। ਉਨ੍ਹਾਂ ਨੂੰ ਜ਼ਿੰਦਗੀ ਦੀਆਂ ਸਭ ਸੁੱਖ ਸਹੂਲਤਾਂ ਮਿਲਣੀਆਂ ਸ਼ੁਰੂ ਹੋ ਗਈਆਂ ਅਤੇ ਜਿਸ ਕਾਰਨ ਘਰ ਪੱਕੇ ਹੋ ਗਏ ਤੇ ਬੱਚਿਆਂ ਨੂੰ ਪੜਾਉਣ ਦਾ ਰੁਝਾਨ ਵੱਧ ਗਿਆ ਤੇ ਜ਼ਿੰਦਗੀ ਪਹਿਲਾ ਦੇ ਮੁਕਾਬਲੇ ਮਿਹਨਤ ਦੇ ਪੱਖ ਤੋਂ ਸੁਖਾਲੀ ਹੋ ਗਈ, ਕਿਉਂਕਿ ਹੁਣ ਖੇਤੀ ਦਾ ਬਹੁਤ ਕੰਮ ਮਸ਼ੀਨਾਂ ਦੁਆਰਾ ਬਹੁਤ ਸੌਖੇ ਢੰਗ ਨਾਲ ਹੋਣ ਲੱਗ ਪਿਆ ਸੀ।

ਬਲਜਿੰਦਰ ਨਸਰਾਲੀ ਦੇ ਨਾਵਲ 'ਵੀਹਵੀ ਸਦੀ ਦੀ ਆਖਰੀ ਕਥਾ' ਵਿੱਚ ਲੇਖਕ ਨੇ ਹਰੀ ਕ੍ਰਾਂਤੀ ਦੇ ਪ੍ਰਭਾਵ ਨੂੰ ਪੇਸ਼ ਕੀਤਾ ਹੈ ਕਿ ਹਰੀ ਕ੍ਰਾਂਤੀ ਆਉਣ ਨਾਲ ਕਿਵੇਂ ਹਰਾਂ ਇਨਕਲਾਬ ਆ ਗਿਆ ਸੀ ਤੇ ਕਿਵੇਂ ਸਭ ਕੁੱਝ ਇਕਦਮ ਬਦਲ ਗਿਆ, ਖੇਤੀਬਾੜੀ ਦੇ ਢੰਗ ਤਰੀਕੇ ਬਦਲ ਗਏ ਤੇ ਲੋਕਾਂ ਦੇ ਰਹਿਣ-ਸਹਿਣ ਵਿੱਚ ਪਰਿਵਰਤਨ ਆ ਗਿਆ ਤੇ ਮਿਹਨਤ ਘੱਟ ਗਈ ਅਤੇ ਜਿਸ ਨਾਲ ਕਿ ਕਿਸਾਨਾਂ ਨੇ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲਾ ਦਿਵਾਉਣਾ ਸ਼ੁਰੂ ਕਰ ਦਿੱਤਾ। ਨਾਵਲ ਵਿੱਚ ਨਾਵਲਕਾਰ ਨੇ ਹਰੀ ਕ੍ਰਾਂਤੀ ਦੇ ਪ੍ਰਭਾਵ ਨੂੰ ਵੀ ਸਾਡੇ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਕੀਤਾ ਹੈ, ਕਿ ਜਿੱਥੇ ਹਰੀ ਕ੍ਰਾਂਤੀ ਆਉਣ ਨਾਲ ਲੋਕ ਖੇਤਾਂ ਦੀ ਕਦਰ ਜਾਣਨ ਲੱਗ ਪਏ ਸਨ, ਉੱਥੇ ਦੂਸਰੇ ਪਾਸੇ ਰੁਜ਼ਗਾਰ ਦੇ ਸਾਧਨ ਘੱਟ ਗਏ ਸਨ ਤੇ ਕਰਜ਼ੇ ਵੀ ਵੱਧ ਗਏ ਹਨ ਤੇ ਲਾਲਚ ਵਿੱਚ ਆਂ ਕਿ ਪ੍ਰਕ੍ਰਿਤੀ ਨਾਲ ਛੇੜਛਾੜ ਵੀ ਕਰ ਰਹੇ ਹਨ, ਜਿਸ ਨੂੰ ਅਸੀਂ ਨਾਵਲ ਵਿੱਚ ਪੇਸ਼ ਕੀਤਾ ਦੇਖ ਸਕਦੇ ਹਾਂ:-

" ਹਰਾ ਇਨਕਲਾਬ ਆ ਰਿਹਾ ਸੀ, ਲੋਕ ਖੇਤਾਂ ਦੀ ਕਦਰ ਜਾਂਨਣ ਲੱਗੇ ਸਨ ਤੇ ਲਾਲਚ ਵੱਸ

> ਦਰੱਖਤ ਵੱਢ- ਵੱਢ ਫਸਲ ਵਾਸਤੇ ਵਿਹਲੇ ਕਰਾਈ ਜਾਂ ਰਹੇ ਸਨ। ਪਿੰਡ ਦੇ ਕਈ ਬੰਦੇ ਦਰੱਖਤ ਵੱਢਣ ਦਾ ਧੰਦਾ ਕਰਦੇ। ਉਹ ਠੇਕਾ ਹੀ ਲੈ ਲੈਂਦੇ। ਵੱਡੇ ਦਰੱਖਤਾਂ ਦੇ ਟੋਟੇ ਕਰਕੇ ਟਰਾਲੀ ਭਰਕੇ ਸ਼ਹਿਰ ਦੀ ਮੰਡੀ ਵੇਚਦੇ।"[1]

ਹਰੀ ਕ੍ਰਾਂਤੀ ਨੇ ਸਮਾਜਕ, ਵਾਤਾਵਰਨ ਤੇ ਸਿਹਤਾਂ ਉੱਪਰ ਮਾੜਾ ਪ੍ਰਭਾਵ ਵੀ ਪਾਇਆ ਜੋ ਕਿ ਲੰਮਾ ਸਮਾਂ ਚੱਲ ਨਾ ਸਕਿਆ। ਖੇਤੀ ਦਾ ਰਸਾਇਣਕ ਮਾਡਲ ਟਿਕ ਨਾ ਸਕਿਆ ਤੇ ਖੇਤੀ ਇੰਨ੍ਹਾਂ ਸਾਧਨਾ ਦੁਆਰਾ ਕਿਸਾਨ ਕਰਜ਼ਿਆ ਦੀ ਦਲਦਲ ਵਿੱਚ ਫਸ ਗਏ ਸਨ ਤੇ ਜਿਸ ਕਾਰਨ ਕਿ ਕਈ ਕਿਸਾਨ ਖੁਦਕੁਸ਼ੀ ਕਰ ਰਹੇ ਸਨ, ਤੇ ਕਈ ਕਿਸਾਨ ਕਿਸਾਨੀ ਖੇਤੀ ਤੋਂ ਦੂਰ ਹੋ ਗਏ ਸਨ। ਨਾਵਲ ਵਿੱਚ ਲੇਖਕ ਨੇ ਉਸ ਸਮੇਂ ਨੂੰ ਬਿਆਨ ਕੀਤਾ ਹੈ ਕਿ ਕਿਸ ਨਵਦੀਪ ਦਾ ਪਿਤਾ ਜੋ ਕਿ ਹਰੀ ਕ੍ਰਾਂਤੀ ਦੇ ਇਨਕਲਾਬ ਕਾਰਨ ਪਹਿਲਾ ਟਰੈਕਟਰ ਲੈ ਲੈਂਦਾ ਹੈ, ਤੇ ਜਿਸਦੇ ਸਿਰ ਤੇ ਉਸਦੇ ਘਰ ਦਾ ਗੁਜ਼ਾਰਾ ਚੱਲਦਾ ਸੀ। ਪ੍ਰੰਤੂ ਬਾਅਦ ਵਿੱਚ ਉਹ ਕਰਜ਼ਾ ਉਤਾਰ ਨਹੀਂ ਪਾਉਂਦਾ ਤੇ ਜਿਸ ਕਾਰਨ ਕਿ ਉਸਨੇ ਟਰੈਕਟਰ ਵੇਚਣਾ ਚਾਹਿਆਂ ਤੇ ਖੇਤੀ ਤੋਂ ਦੂਰ ਹੋ ਗਿਆ। ਅਸੀਂ ਨਾਵਲ ਵਿੱਚ ਇਸਦੀ ਪੇਸ਼ ਕੀਤੀ ਪੇਸ਼ਕਾਰੀ ਦੇਖ ਸਕਦੇ ਹਾਂ:-

> " ਦੂਜਾਂ ਟਰੈਕਟਰ ਅਜੇ ਕਰਜ਼ੇ ਦੀਆਂ ਕਿਸ਼ਤਾਂ ਤੋਂ ਫਰੀ ਨਹੀਂ ਸੀ ਹੋਇਆ ਕਿ ਬਾਪੂ ਅਤੇ ਚਾਚੇ ਦੇ ਜੁਆਕ ਵਿਆਹੇ ਜਾਣ ਲਈ ਤਿਆਰ ਸਨ। ਪਹਿਲੇ ਹੀ ਵਿਆਹ ਨੇ ਟੱਬਰ ਸਿਰ ਜਿਹੜਾ ਕਰਜ਼ਾ ਚਾੜਿਆਂ ਉਹ ਲੱਖਣਾ ਤਾਂ ਕੀ ਵਿਆਜ਼ ਪੈ ਕੇ ਦਿਨੋਂ- ਦਿਨ ਹੋਰ ਨਿੱਗਰ ਹੁੰਦਾ ਗਿਆ। ਕਰਜ਼ਾ ਇੱਕ ਅਜਿਹਾ ਛਲੇਡਾ ਬਣ ਗਿਆਂ ਜਿਹੜਾ ਕਦੇ ਘਰ ਵਿੱਚ ਕਲੇਸ਼ ਬਣਕੇ ਉਭਰਦਾ ਤੇ ਕਦੇ ਬਾਪੂ ਦੇ ਸੁਪਨਿਆਂ ਦੇ ਚਿੱਤਰਪਟ ਤੇ ਪਤਾ ਨਹੀਂ ਕੀ ਕੀ ਰੂਪ ਵਟਾਉਂਦਾ। ਅਖੀਰ ਉਹ ਅੱਤ ਹੋਏ ਟਰੈਕਟਰ ਵਿਕਿਆ ਤੇ ਫਿਰ ਚਾਰੇ ਦੀ ਜ਼ਮੀਨ ਦਾ ਇਹ ਖੂਜਾਂ ਬੈਅ ਹੋਇਆ, ਤੇ ਬਾਪੂ ਨੇ ਵੀ ਇਸੇ ਕਰਕੇ ਛੱਡੀ ਤੇ ਖੇਤੀ ਨੂੰ ਹੰਭਲਾ ਮਾਰਿਆ ਸੀ।"[2]

ਹਰੀ ਕ੍ਰਾਂਤੀ ਕਾਰਨ ਸਾਡਾ ਸਮਾਜਿਕ ਤਾਣਾ- ਬਾਣਾ ਵੀ ਪੂਰੀ ਤਰ੍ਹਾਂ ਨਾਸ਼ ਹੋ ਗਿਆ। ਲੋਕਾਂ ਵਿੱਚ ਭਾਈਚਾਰਕ ਸਾਂਝ ਅਤੇ ਵਟਾਦਰਾਂ ਪ੍ਰਣਾਲੀ ਵੀ ਹਰੀ ਕ੍ਰਾਂਤੀ ਕਾਰਨ ਵਿਗੜ ਗਈ, ਸਾਰਾ ਜੋ ਵੀ ਲੈਣ ਦੇਣ ਸੀ, ਉਹ ਪੈਸਿਆ ਦੇ ਰੂਪ ਵਿੱਚ ਹੋਣ ਲੱਗ ਪਿਆ ਸੀ। ਇਸਤੋਂ ਇਲਾਵਾ ਜੋ ਕਿਸਾਨ ਤੇ ਮਜ਼ਦੂਰ ਸਨ, ਉਹ ਇੱਕ ਦੂਜੇ ਨਾਲ ਲੜਦੇ ਝਗੜਦੇ ਆਉਂਦੇ ਹਨ, ਜਦਕਿ ਪਹਿਲਾ ਕਦੇ ਇੰਨ੍ਹਾਂ ਦਾ ਆਪਸ ਵਿੱਚ ਨੂੰਹ ਮਾਸ ਵਾਲਾ ਰਿਸ਼ਤਾ ਹੁੰਦਾ ਸੀ। ਇਸਤੋਂ ਇਲਾਵਾ ਉਨ੍ਹਾਂ ਨੇ ਛੋਟੇ ਉਦਯੋਗਾਂ ਕਿ ਲਘੂ ਉਦਯੋਗਾਂ ਨੂੰ ਵੀ ਖਤਮ ਕਰ ਦਿੱਤਾ ਸੀ। ਇਸੇ ਤਰ੍ਹਾਂ ਅਸੀਂ ਨਾਵਲ ਵਿੱਚ ਪੇਸ਼ ਨਵਦੀਪ ਤੇ ਉਸਦੇ ਪਿਤਾ ਦੇ ਚਾਚਿਆਂ ਦੁਆਰਾ ਤਨਾਅ ਦੇਖ ਸਕਦੇ ਹਾਂ। ਕਿਸ ਤਰ੍ਹਾਂ ਉਨ੍ਹਾਂ ਦੀ ਭਾਈਚਾਰਕ ਸਾਂਝ ਖਤਮ ਹੋ ਗਈ ਸੀ , ਤੇ ਨਵਦੀਪ ਨੂੰ ਉਸਦੇ ਘਰਦਿਆਂ ਵੱਲੋਂ ਘਰ ਤੋਂ ਬਾਹਰ ਕੱਢ ਦਿੱਤਾ

ਗਿਆ ਸੀ, ਕਿਉਂਕਿ ਨਵਦੀਪ ਉਨ੍ਹਾਂ ਦੇ ਇਸ ਫੈਸਲੇ ਦੇ ਖਿਲਾਫ ਸੀ ਕਿ ਕਰਜ਼ਾ ਲੈ ਕਿ ਇੰਨ੍ਹਾਂ ਵਿਆਹ ਨਹੀਂ ਕੀਤਾ ਜਾਂਵੇਗਾ। ਕਰਜ਼ੇ ਕਾਰਨਾ ਦੋ ਪਰਿਵਾਰਾ ਵਿੱਚ ਦਰਾੜ ਪੈ ਜਾਂਦੀ ਹੈ, ਇਸਨੂੰ ਅਸੀਂ ਨਾਵਲ ਵਿੱਚ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ:-

> " ਪੰਜਾਂ ਸਾਲਾ ਵਿੱਚ ਮਸਾਂ - ਮਸਾਂ ਕਰਕੇ ਪੈਸੇ ਲੱਗੇ ਸਨ ਕਿ ਉਨ੍ਹਾਂ ਨੇ ਛੋਟੇ ਮੁੰਡੇ ਲਈ ਜੋਤੀ ਦਾ ਰਿਸ਼ਤਾ ਮੰਗ ਲਿਆ ਸੀ। ਵਿਆਹ ਜੋਤੀ ਦਾ ਵੀ ਚੰਗਾ ਕਰਨਾ ਪੈਣਾ ਸੀ, ਪਰ ਮੁੰਡੇ ਵਾਲੇ ਤਕੜੇ ਤੇ ਲਾਲਚੀ ਸਨ, ਨਵਦੀਪ ਦੀ ਬੀਬੀ ਤਾਂ ਏਨੇ ਤਕੜੇ ਘਰ ਨਾਲ ਮੱਥਾ ਲਾਉਣ ਦੇ ਪਹਿਲਾ ਹੀ ਵਿਰੁੱਧ ਸੀ। ਸੰਜਵ ਸ਼ਿੰਹ ਤੇ ਨਵਦੀਪ ਵੀ ਏਨਾ ਵੱਡਾ ਵਿਆਹ ਕਰਨ ਦੇ ਹੱਕ ਵਿੱਚ ਨਹੀਂ ਸਨ ਗੱਲ ਅੱਡ ਹੋਣ ਤੱਕ ਅੱਪੜ ਗਈ ਸੀ। ਅੱਡ ਹੋਣ ਸਮੇਂ ਦੋਵਾਂ ਪਰਿਵਾਰਾਂ ਵਿੱਚ ਕੁੜਿਤਣ ਏਨੀ ਵੱਧ ਗਈ ਸੀ ਕਿ ਚਾਚੇ ਨੇ ਉਨ੍ਹਾਂ ਨੂੰ ਮੰਗਣੇ ਵਿੱਚ ਨਹੀਂ ਸੱਦਿਆਂ ਸੀ।"[3]

ਇਸਤੋਂ ਇਲਾਵਾ ਇਸ ਨਾਵਲ ਵਿੱਚ ਪੇਸ਼ ਅਨਪੜਤਾਂ ਨੂੰ ਸਾਡੇ ਸਾਹਮਣੇ ਬਹੁਤ ਵਧੀਆ ਢੰਗ ਨਾਲ ਉਭਾਰ ਕੇ ਪੇਸ਼ ਕੀਤਾ ਹੈ ਕਿ ਕਿਵੇਂ ਅਮੀਰ ਵਰਗ ਅਨਪੜ੍ਹ ਤੇ ਭੋਲੇ- ਭਾਲੇ ਲੋਕਾਂ ਦੀਆਂ ਅੱਖਾਂ ਤੇ ਪੱਟੀ ਬੰਨ ਦਿੰਦੇ ਹਨ ਤੇ ਉਨ੍ਹਾਂ ਨੂੰ ਆਪਣੀਆਂ ਮਿੱਠੀਆਂ-ਮਿੱਠੀਆਂ ਤੇ ਝੂਠੀਆਂ ਗੱਲਾਂ, ਝੂਠੇ ਵਾਦਿਆ ਵਿੱਚ ਫਸਾਉਂਦੇ ਹਨ ਤੇ ਉਨ੍ਹਾਂ ਦੀਆਂ ਜ਼ਮੀਨਾ ਤੇ ਕਿਵੇ ਹੱਕ ਜਮਾਉਂਦੇ ਹਨ। ਇਸ ਨਾਵਲ ਵਿੱਚ ਗਰੀਬ ਵਰਗ ਦਾ ਅਮੀਰ ਵਰਗ ਦੁਆਰਾ ਸ਼ੋਸਣ ਕੀਤਾ ਦਿਖਾਇਆ ਗਿਆ ਹੈ। ਉਨ੍ਹਾਂ ਕੋਲੋਂ ਸਸਤੇ ਰੇਟ ਤੇ ਫਸਲਾਂ ਲੈ ਕੇ ਉਨ੍ਹਾਂ ਨੂੰ ਦੁਗਣੇ ਰੇਟ ਤੇ ਵੇਚਣਾ, ਤੇ ਉਨ੍ਹਾਂ ਸਿਰ ਕਰਜ਼ੇ ਦਾ ਇੰਨ੍ਹਾਂ ਵਿਆਹ ਪਾ ਦੇਣਾ ਕਿ ਜਿਸ ਨੂੰ ਉਹ ਪੂਰੀ ਜ਼ਿੰਦਗੀ ਉਤਾਰ ਨਹੀਂ ਪਾਉਂਦੇ ਤੇ ਜਿਸ ਕਾਰਨ ਉਹ ਜ਼ਿੰਮੀਦਾਰ ਵਰਗ ਜਾਂ ਸਰਮਾਏਦਾਰ ਵਰਗ ਦੇ ਅਧੀਨ ਹੋ ਜਾਂਦੇ ਹਨ ਤੇ ਦੱਬੇ ਤੇ ਕੁਚਲੇ ਜਾਂਦੇ ਹਨ। ਉਹ ਅਨਪੜ੍ਹਤਾ ਦਾ ਫਾਇਦਾ ਉਠਾਉਂਦੇ ਹਨ ਤੇ ਉਨ੍ਹਾਂ ਨਾਲ ਝੂਠੇ ਵਾਇਦੇ ਕਰਦੇ ਹਨ ਤੇ ਉਨ੍ਹਾਂ ਝੂਠਾ ਰੁਜ਼ਗਾਰ ਦੇਣ ਦਾ ਦਾਅਵਾ ਕਰਦੇ ਹਨ। ਇਸੇ ਤਰ੍ਹਾਂ ਦੀ ਝਲਕ ਲੇਖਕ ਦੁਆਰਾ ਅਸੀਂ ਨਾਵਲ ਵਿੱਚ ਪੇਸ਼ ਕੀਤੀ ਗਈ ਦੇਖ ਸਕਦੇ, ਕਿ ਕਿਵੇਂ ਕੋਆਪਰੇਟਿਵ ਮਿਲ ਵਾਲੇ ਲੋਕਾਂ ਨੂੰ ਭਰਮਾਉਦੇਂ ਹਨ :-

> "ਹਾ ਜੀ ਸਰਪੰਚ ਸਾਹਿਬ , ਪੰਚ ਸਾਹਿਬਾਨ ਅਤੇ ਪਿੰਡ ਦੇ ਮੁਹਤਬਰ ਵਾਸਿਉ, ਅਸੀਂ ਬੁੱਢੇਵਾਲ ਕੋਆਪਰੇਟਿਵ ਸ਼ੂਗਰ ਮਿਲ ਵੱਲੋਂ ਆਏ ਹਾਂ , ਮੇਰੇ ਨਾਲ ਸਾਡੀ ਮਿਲ ਦੇ ਡਿਪਟੀ ਮੈਨੇਜਰ ਸਰਦਾਰ ਜਗਦੇਵ ਸਿੰਘ ਜੀ ਅਤੇ ਹੋਰ ਜਿੰਮੇਵਾਰ ਅਧਿਕਾਰੀ ਆਏ ਨੇ, ਇਸ ਇਲਾਕੇ ਵਿੱਚ ਨੇੜੇ ਤੇੜੇ ਕੋਈ ਸ਼ੂਗਰ ਮਿਲ ਨਹੀਂ ਹੈ, ਮੈ ਖੁਦ ਤੁਹਾਡੇ ਇਲਾਕੇ ਦੇ ਪਿੰਡ ਧਮੋਟ ਦਾ ਰਹਿਣ ਵਾਲਾ ਹਾਂ।
>
> ਆਪਾਂ ਸਾਰੇ ਕਿਸਾਨ ਭਰਾਂ ਜੀਰੀ ਅਤੇ ਕਣਕ ਬੀਜ- ਬੀਜ ਕੇ ਲਗਾਤਾਰ ਘਾਟਾ ਖਾਂ ਰਹੇ ਹਾਂ।

ਇੰਨ੍ਹਾਂ ਫਸਲਾਂ ਦਾ ਝਾੜ ਹਰੇਕ ਸਾਲ ਘੱਟ ਰਿਹੈ ਤੇ ਭਾਅ ਵੱਧ ਨਹੀਂ ਰਿਹਾ। ਗੱਲ ਮੁਕਾਈਏ ਬਈ

ਆਪਣੇ ਇਲਾਕੇ ਵਿੱਚ ਇੱਕ ਸ਼ੂਗਰ ਮਿੱਲ ਜ਼ਰੂਰ ਚਾਹੀਦੀ ਐ।"[4]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੇਸ਼ ਕੀਤਾ ਕਿਸਾਨਾਂ ਦੁਆਰਾ ਲਏ ਗਏ ਕਰਜ਼ੇ ਨੂੰ ਵੀ ਦੇਖ ਸਕਦੇ ਹਾਂ, ਕਿ ਕਿਵੇਂ ਉਹ ਕਰਜ਼ਿਆਂ ਦੇ ਭਾਰ ਹੇਠ ਦੱਬਿਆਂ ਹੋਇਆਂ ਦਿਖਾਈ ਦਿੰਦਾ ਹੈ ਤੇ ਆਪਣੀ ਕੁੜੀ ਦੇ ਵਿਆਹ ਲਈ ਵੱਧ ਤੋਂ ਵੱਧ ਕਰਜ਼ਾ ਲੈਂਦਾ ਹੈ। ਜਿਸ ਕਾਰਨ ਕਿ ਨਵਦੀਪ ਤੇ ਉਸਦੀ ਮਾਂ ਉਸਦੇ ਖਿਲਾਫ ਸਨ। ਜਿਸ ਕਾਰਨ ਉਹ ਅਲੱਗ ਵੀ ਹੋ ਜਾਂਦੇ ਹਨ। ਕਰਜ਼ੇ ਲੈਣ ਦਾ ਮੁੱਖ ਕਾਰਨ ਇਹ ਵੀ ਹੈ ਕਿ ਪਹਿਲਾ ਕਿਸਾਨ ਜ਼ਮੀਨ ਵਹਾਉਣ ਜਾਂ ਫਸਲਾਂ ਦਾ ਝਾੜ ਵਧਾਉਣ ਲਈ ਕਰਜ਼ੇ ਤਾਂ ਲੈ ਲੈਂਦੇ ਹਨ, ਪ੍ਰੰਤੂ ਬਾਅਦ ਵਿੱਚ ਕਿਸਾਨ ਆਪਣੀਆਂ ਫਸਲਾਂ ਵੇਚਣ ਲਈ ਮੰਡੀਆਂ ਵਿੱਚ ਰੁਲਦੇ ਵੀ ਦਿਖਾਈ ਦਿੰਦੇ ਹਨ । ਖੇਤੀਬਾੜੀ ਸੰਬੰਧੀ ਸਰਕਾਰਾਂ ਵੱਲੋਂ ਜੋ ਨੀਤੀਆਂ ਕਿਸਾਨਾਂ ਲਈ ਬਣਾਇਆ ਹਨ, ਉਸ ਕਾਰਨ ਛੋਟੇ ਕਿਸਾਨ ਆਪਣੀ ਜ਼ਮੀਨ ਗਵਾ ਬੈਠੇ ਹਨ। ਕਰਜ਼ਿਆ ਦੀ ਮਾਰ ਤੋਂ ਬਾਹਰ ਕੱਢਣ ਲਈ ਕਿਸਾਨਾਂ ਲਈ ਕੋਈ ਯੋਜਨਾਵਾਂ ਵੀ ਨਹੀ ਬਣਾਈਆਂ ਗਈਆਂ ਜਿਸ ਕਾਰਨ ਕਿ ਵੱਡੀ ਗਿਣਤੀ ਵਿੱਚ ਜੋ ਕਿਸਾਨ ਹਨ, ਉਹ ਆਪਣੇ ਬੱਚਿਆਂ ਨੂੰ ਹੁਣ ਖੇਤੀ ਵਿੱਚ ਰੱਖਣਾ ਨਹੀਂ ਚਾਹੁੰਦੇ। ਇਸਤੋਂ ਇਲਾਵਾ ਨਾਵਲਕਾਰ ਨੇ ਨਾਵਲ ਵਿੱਚ ਸਾਡੇ ਸਾਹਮਣੇ ਸਾਂਝੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਹਾਲਤ ਨੂੰ ਵੀ ਉਜਾਂਗਰ ਕੀਤਾ ਹੈ ਕਿ ਸਾਂਝੀ ਖੇਤੀ ਕਰਨ ਨਾਲ ਲੜਾਈ ਝਗੜੇ ਸ਼ੁਰੂ ਹੋ ਜਾਂਦੇ ਹਨ ਤੇ ਭਰਾਵਾਂ ਵਿੱਚ ਵੀ ਦਰਾੜਾ ਵੱਧ ਜਾਂਦੀਆਂ ਹਨ। ਇਸਨੂੰ ਅਸੀਂ ਨਾਵਲ ਵਿੱਚ ਵੀ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ –

" ਅੱਡ ਹੋਣ ਤੋਂ ਬਾਅਦ ਟਰੈਕਟ ਤੇ ਖੇਤੀਬਾੜੀ ਦੇ ਹੋਰ ਸਾਰੇ ਸੰਦ ਸਾਂਝੇ ਹੀ ਰੱਖੇ ਗਏ ਸਨ।

ਪਰ ਪਹਿਲਾ ਵਾਲੀ ਗੱਲ ਨਹੀਂ ਸੀ ਰਹੀ। ਮੇਰ ਤੇਰ ਵੱਧ ਗਈ ਸੀ। ਨਿੱਕੀ- ਨਿੱਕੀ ਗੱਲ ਤੇ

ਝਗੜਾ ਹੋ ਜਾਂਦਾ। ਹਰ ਕੋਈ ਪਹਿਲਾ ਆਪਣਾ ਕੰਮ ਨਿਬੇੜਨਾ ਚਾਹੁੰਦਾ। ਡੀਜ਼ਲ ਪਿੱਛੇ

ਵੀ ਝਗੜਾ ਹੁੰਦਾ।"[5]

ਨਾਵਲਕਾਰ ਨੇ ਨਾਵਲ ਵਿੱਚ ਅਨਪੜਤਾ ਨੂੰ ਸਾਹਮਣੇ ਸਨਮੁੱਖ ਕਰਨ ਦਾ ਯਤਨ ਕੀਤਾ ਹੈ, ਕਿ ਕਿਵੇਂ ਸਰਕਾਰੀ ਮੁਲਾਜ਼ਮ ਅਨਪੜ੍ਹ ਤੇ ਭੋਲੇ - ਭਾਲੇ ਤੇ ਗਰੀਬ ਵਰਗ ਜਾਂ ਮੱਧ ਵਰਗ ਦੇ ਲੋਕਾਂ ਨੂੰ ਦੱਸ ਕੁੱਝ ਹੋਰ ਦਿੰਦੇ ਹਨ ਤੇ ਕਰਦੇ ਕੁੱਝ ਹੋਰ ਹਨ । ਜਿਸ ਕਾਰਨ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਅਮੀਰ ਵਰਗ ਦੇ ਲੋਕ ਉਨ੍ਹਾਂ ਨੂੰ ਦਿਖਾਉਂਦੇ ਕੁਝ ਹੋਰ ਹਨ ਤੇ ਕਰਦੇ ਕੁਝ ਹੋਰ ਹਨ । ਨਾਵਲਕਾਰ ਨੇ ਇਸਨੂੰ ਸਾਡੇ ਸਾਹਮਣੇ ਨਾਵਲ ਵਿੱਚ ਬੜੇ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿੱਚ ਪੇਸ਼ ਕੀਤਾ ਹੈ:-

"ਅਗਲੇ ਦਿਨ ਪਿੰਡ ਦੀ ਜ਼ਮੀਨ ਐਕਵਾਇਰ ਕਰਨ ਸੰਬੰਧੀ ਰਾਸ਼ਟਰਪਤੀ ਦਾ ਹੁਕਮ

ਅਖ਼ਬਾਰਾ ਵਿੱਚ ਛਪਿਆਂ। ਅਖ਼ਬਾਰ ਦੇ ਅੰਦਰਲੇ ਪੂਰੇ ਪੰਨੇ ਉੱਤੇ ਜ਼ਮੀਨ ਦੇ ਸਮੇਤ ਛਪੇ

ਇਸ ਇਸ਼ਤਿਉਹਾਰ ਵਿੱਚ ਇਹ ਸ਼ਪੱਸਟ ਲਿਖਿਆ ਸੀ ਕਿ ਮਿੱਲ ਦੀ ਉਸਾਰੀ ਤੇ ਮਾਲਕੀ

ਦਾ ਅਧਿਕਾਰ ' ਐਕਸ ਸਰਵਿਸ ਮੈਨਜ਼ ਬੋਰਡ ਪੰਜਾਬ' ਨੂੰ ਦਿੱਤਾ ਗਿਆ ਹੈ। ਲੋਕਾਂ ਨੇ ਖੁਸ਼ੀ ਤਾਂ ਮਨਾਈ ਪਰ ਉਨ੍ਹਾਂ ਨੂੰ 'ਐਕਸ ਸਰਵਿਸ ਮੈਨਜ਼ ਬੋਰਡ' ਵਾਲੀ ਗੱਲ ਸਮਝ ਨਹੀਂ ਆਈ। ਇਹ ਗੱਲ ਨਵਦੀਪ ਤੇ ਕਰਨਬੀਰ ਵਰਗੇ ਪੜੇ ਲਿਖੇ ਸਾਰੇ ਮੁੰਡਿਆਂ ਨੂੰ ਸਮਝ ਆ ਗਈ। ਉਹ ਚੁੱਪ ਰਹੇ ਤੇ ਗੋਗੀ ਦੀ ਉਡੀਕ ਕਰਨ ਲੱਗੇ।"[6]

ਨਾਵਲਕਾਰ ਨੇ ਨਾਵਲ ਵਿੱਚ ਮਜ਼ਦੂਰ ਕਿਸਾਨਾਂ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ , ਕਿ ਕਿਵੇਂ ਕਿਸਾਨ ਮਜ਼ਦੂਰ ਸਾਰਾ ਸਾਲ ਆਪਣੇ ਖੇਤ ਨੂੰ ਵਾਹੁਦੇ , ਸਿੰਜਦੇ ਤੇ ਪਿੰਜਦੇ ਹਨ, ਤੇ ਆਪਣੀ ਫ਼ਸਲ ਨੂੰ ਪੈਦਾ ਕਰਨ ਉਸਦੀ ਸੰਭਾਲ ਕਰਨ ਵਿੱਚ ਦਿਨ ਰਾਤ ਇੱਕ ਕਰ ਦਿੰਦੇ ਹਨ, ਕਿਉਂਕਿ ਇਸ ਤੋਂ ਇਸਤੋਂ ਇਲਾਵਾ ਉਨ੍ਹਾਂ ਕੋਲ ਹੋਰ ਰੁਜ਼ਗਾਰ ਦਾ ਕੋਈ ਸਾਧਨ ਵੀ ਨਹੀਂ ਬੱਚਦਾ। ਕਿਸਾਨ ਆਪਣੀ ਫਸਲ ਨੂੰ ਵੱਡਾ ਕਰਨ ਲਈ ਜਾਂ ਉਸ ਵਿੱਚ ਰਸਾਇਣਿਕ ਖਾਂਦਾ ਪਾਉਣ ਲਈ ਆੜਤੀਏ ਕੋਲ ਕਰਜ਼ਾ ਲੈਂਦਾ ਹੈ। ਪ੍ਰੰਤੂ ਉਸ ਨੂੰ ਕੁੱਝ ਵੀ ਅੰਤ ਵਿੱਚ ਪ੍ਰਾਪਤ ਨਹੀਂ ਹੁੰਦਾ। ਨਾਵਲਕਾਰ ਨੇ ਕਿਸਾਨਾਂ ਦੀ ਅਜਿਹੀ ਹਾਲਤ ਨੂੰ ਨਾਵਲ ਵਿੱਚ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦੇ ਦਿਖਾਇਆਂ ਹੈ, ਕਿ ਕਿਵੇਂ ਸੱਜਣ ਸਿੰਘ ਆਪਣੀ ਫਸਲ ਪੱਕਣ ਦੀ ਖੁਸ਼ੀ ਮਨਾਉਦਾ ਜਦੋਂ ਕਰਜ਼ੇ ਨੂੰ ਲਾਉਣ ਬਾਰੇ ਸੋਚਦਾ ਹੈ, ਤਾਂ ਉਸ ਕੋਲ ਸਭ ਲੈਣ ਦੇਣ ਕਰਕੇ ਕੁਝ ਵੀ ਬਚਿਆ ਨਹੀਂ ਰਹਿੰਦਾ :-

" ਸੱਜਣ ਸਿੰਘ ਨੇ ਇੰਨ੍ਹੀ ਇੱਕਠੀ ਰਕਮ ਕਦੇ ਨਹੀਂ ਸੀ ਦੇਖੀ। ਫਸਲ ਤਾਂ ਉਸਨੇ ਤਿੰਨ- ਤਿੰਨ ਲੱਖ ਦੀ ਵੀ ਵੇਚੀ ਸੀ ਪਰ ਉਹ ਤਾਂ ਘਰ ਬਾਅਦ ਵਿੱਚ ਆਉਦੀ ਸੀ, ਪਹਿਲਾ ਦੇਣੇ ਲੈਣੇ ਵਿੱਚ ਨਿਬੜ ਜਾਂਦੀ ਸੀ। ਫਸਲ ਪੱਕੀ ਤੇ ਜਦੋਂ ਉਹ ਖੇਤਾਂ ਵਿੱਚ ਗੇੜਾ ਮਾਰਦਾ ਤਾਂ ਇੱਕ ਵਾਰ ਮੰਨ ਖਿੜ ਉਠੱਦਾ ਭਰੇ- ਭਰੇ ਖੇਤ ਉਸ ਨੂੰ ਅੰਦਰ ਤੱਕ ਹੁਲਾਮ ਕਰ ਦਿੰਦੇ ਪਰ ਇਹ ਹਾਲਤ ਬਹੁਤੀ ਦੇਰ ਨਾ ਰਹਿੰਦੀ ਫਿਰ ਪਤਾ ਨਹੀਂ ਕਿਧਰੋਂ ਬੰਸੀ ਬਾਣੀਏ ਦੀ ਤੇ ਮਿੱਠੂ ਭਾਪੇ ਵਰਗੇ ਚਿਹਰੇ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ। ਫਿਰ ਉਹ ਹਿਸਾਬ ਲਾਉਣ ਲੱਗਦਾ- ਆਹ ਕੀਲਾ ਤਾਂ ਮਿੱਠੂ ਭਾਪੇ ਤੋਂ ਲਿਆਦੇ ਕੱਪੜਿਆਂ ਦੀ ਭੇਟ ਚੜ੍ਹਾਗਾਂ, ਔਹ ਚਾਰ ਕੀਲੇ ਕਸਤੂਰੀ ਦੀ ਆੜਤ ਨੇ ਖਾ ਜਾਂਣੇ ਨੇ ਐਤਕੀ ਡੀਜ਼ਲ ਵੀ ਕਸਤੂਰੀ ਦੀਆਂ ਪਰਚੀਆ ਤੇ ਹੀ ਲਿਆ ਹੋਇਐ ਸਾਰਾ।"[7]

ਬਲਜਿੰਦਰ ਨਸਰਾਲੀ ਨੇ ਵੀਹਵੀ ਸਦੀ ਦੀ ਆਖਰੀ ਕਥਾ ਵਿੱਚ ਸਾਂਝੀ ਖੇਤੀ ਕਾਰਨ ਖੂਨ ਦੇ ਰਿਸ਼ਤਿਆਂ ਵਿੱਚ ਟਕਰਾਅ ਨੂੰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਕਿ ਸਾਂਝੀ ਖੇਤੀ ਕਾਰਨ ਆਪਸ ਵਿੱਚ ਵਟਵਾਰੇ ਦੀਆਂ ਗੱਲਾਂ ਹੋਣ ਲੱਗ ਜਾਂਦੀਆਂ ਹਨ' ਤੇ ਭਰਾਂ -

ਭਰਾਂ ਤੋਂ ਦੂਰ ਹੋ ਜਾਂਦੇ ਹਨ, ਤੇ ਝਗੜੇ ਹੋਣ ਲੱਗਦੇ ਹਨ। ਨਾਵਲ ਵਿੱਚ ਅਸੀਂ ਦੇਖ ਸਕਦੇ ਹਾ ਕਿ ਨਵਦੀਪ ਦੇ ਪਿਤਾ ਜੋ ਕਿ ਆਪਣੇ ਭਰਾ ਨਾਲ ਟਰੈਕਟਰ ਦਾ ਵਟਵਾਰਾ ਕਰਨਾ ਚਾਹੁੰਦਾ ਹੈ। ਪ੍ਰੰਤੂ ਨਵਦੀਪ ਇਹ ਵਟਵਾਰਾ ਨਹੀਂ ਹੋਣ ਦੇਣਾ ਚਾਹੁੰਦਾ ਸੀ। ਜਿਸ ਕਾਰਨ ਕਿ ਉਹ ਆਪਣੇ ਬਾਪੂ ਤੇ ਚਾਚੇ ਦੀ ਆਪਸ ਵਿੱਚ ਸੁਲਾ ਕਰਾਉਣੀ ਚਾਹੁੰਦਾ ਹੈ, ਤੇ ਆਪਣੇ ਚਾਚੇ ਨੂੰ ਕਹਿੰਦਾ ਹੈ, ਕਿ ਜੇਕਰ ਜ਼ਿਆਦਾ ਰਕਮ ਦਾ ਕੋਈ ਪੰਗਾ ਪਵੇ ਤਾਂ ਉਸ ਨੂੰ ਛੱਡ ਦੇਣੀ ਚਾਹੀਦੀ ਹੈ। ਅਸੀਂ ਨਾਵਲ ਵਿੱਚ ਦੇਖਦੇ ਹਾ ਕਿ ਪਹਿਲਾ-ਪਹਿਲ ਨਵਦੀਪ ਦੇ ਪਿਤਾ ਤੇ ਚਾਚੇ ਜਿੰਨ੍ਹਾ ਨੇ ਕਿ ਸਾਂਝੀ ਖੇਤੀ ਦਾ ਚੱਕਣ ਬਹੁਤ ਵਧੀਆ ਚੱਕਿਆ ਸੀ ਤੇ ਜਿਸ ਕਾਰਨ ਕਿ ਉਹ ਪਿੰਡ ਵਾਲਿਆ ਲਈ ਇੱਕ ਮਿਸਾਲ ਸਨ। ਪ੍ਰੰਤੂ ਬਾਅਦ ਵਿੱਚ ਦੋਨਾ ਵਿੱਚ ਹਿਸਾਬ ਕਿਤਾਬ ਦੀਆਂ ਗੱਲਾਂ ਹੋਣ ਲੱਗ ਪੈਦੀਆਂ ਹਨ। ਜਿਸ ਨੂੰ ਕਿ ਅਸੀਂ ਨਾਵਲ ਵਿੱਚ ਪੇਸ਼ ਕੀਤਾ ਦੇਖ ਸਕਦੇ ਹਾਂ :-

> " ਬਾਪੂ ਜੀ ਹੋ ਗਿਆ ਹਿਸਾਬ ਚਾਚੇ ਨਾਲ ? " ਉਹ ਗੋਡੀ ਕਰਦੇ ਬਾਪੂ ਸਰਸਰੀ ਹੀ ਖੜੋ ਗਿਆ ਸੀ।
>
> " ਹੋ ਗਿਆ ਹਿਸਾਬ। ਨਿਬੜ ਗਿਆ ਸਾਰਾ ਕੁਝ। ਇਸ ਤਰ੍ਹਾਂ ਤਾਂ ਚਾਹੇ ਚਾਰ ਵਾਰ ਹਿਸਾਬ ਕਰਲੈ। ਪੰਜ ਹਜ਼ਾਰ ਨੂੰ ਰਗੜਾ ਲਾ ਗਿਆ। ਤੈਨੂੰ ਕਿਹਾ ਤੀ ਬਈ ਛੁੱਟੀ ਆਲੇ ਦਿਨ ਕਰਾਂਗੇ ਹਿਸਾਬ ਜਿਸ ਦਿਨ ਤੂੰ ਘਰ ਹੋਵੇ। ਤੇਰੇ ਤੋਂ ਤਾਂ ਉਹ ਥੋੜਾ ਬਹੁਤ ਝਿਪਦੈ" ਸੱਜਣ ਸਿਹੁੰ ਨੇ ਗੋਭੀ ਦੇ ਫੁੱਲ ਨੂੰ ਫੜ੍ਹ ਕਿ ਉਸਦੇ ਆਲੇ- ਦੁਆਲੇ ਖੁਰਪਾ ਫੇਰਕੇ ਥਾਂ ਪੋਲਾ ਕਰ ਦਿੱਤਾ।"[8]

ਇਸਤੋਂ ਸਾਨੂੰ ਪਤਾ ਚੱਲਦਾ ਹੈ ਕਿ ਨਵਦੀਪ ਦੇ ਪਿਤਾ ਦੇ ਦਿਲ ਵਿੱਚ ਆਪਣੇ ਭਰਾ ਪ੍ਰਤੀ ਕਿੰਨੀ ਜ਼ਿਆਦਾ ਨਫ਼ਰਤ ਭਰ ਜਾਂਦੀ ਹੈ, ਜਦਕਿ ਪਹਿਲਾ ਦੋਵਾਂ ਦਾ ਆਪਸ ਵਿੱਚ ਨੂੰਹ ਮਾਸ ਦਾ ਰਿਸ਼ਤਾ ਸੀ ਤੇ ਲੋਕਾਂ ਲਈ ਮਿਸਾਲ ਦੇ ਰੂਪ ਵਿੱਚ ਉਭਰ ਕਿ ਸਾਡੇ ਸਾਹਮਣੇ ਆਉਂਦੇ ਸਨ। ਪ੍ਰੰਤੂ ਹੁਣ ਉਨ੍ਹਾਂ ਦਾ ਆਪਸ ਵਿੱਚ ਇੱਟ ਪੱਥਰ ਦਾ ਰਿਸ਼ਤਾ ਬਣ ਗਿਆ ਤੇ ਇੱਕ ਦੂਜੇ ਦੇ ਪ੍ਰਤੀ ਨਫ਼ਰਤ ਭਰ ਗਈ ਦਿਖਾਈ ਦਿੰਦੀ ਹੈ।

ਨਾਵਲ ਵਿੱਚ ਸਾਨੂੰ ਖੇਤੀ ਕਰਨ ਵਾਲੇ ਨਵਦੀਪ ਦਾ ਭਰਾ ਜੋ ਕਿ ਖੇਤੀ ਕਰਨ ਵਾਲੇ ਨਵਦੀਪ ਦਾ ਭਰਾ ਜੋ ਕਿ ਖੇਤੀ ਕਰਦਾ ਹੈ, ਹਰੀ ਕ੍ਰਾਂਤੀ ਕਾਰਨ ਫ਼ਸਲਾਂ ਵੀ ਝੂਮਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ । ਪ੍ਰੰਤੂ ਹਰਜਾਪ ਨਾਲ ਦੀ ਨਾਲ ਫ਼ਸਲਾਂ ਵਿੱਚ ਵੀ ਡੁੱਬੀ ਜਾਂ ਰਿਹਾ ਹੈ। ਕਿਉਂਕਿ ਉਸ ਨੂੰ ਹੋਰ ਕੋਈ ਵੀ ਕੰਮ ਨਹੀਂ ਹੈ। ਉਸਨੇ ਪੜਾਈ ਬਹੁਤ ਸਮੇਂ ਤੋਂ ਛੱਡੀ ਹੋਈ ਹੈ ਤੇ ਆਪਣੇ ਪਿਤਾ ਜੀ ਨਾਲ ਖੇਤੀ ਵਿੱਚ ਹੱਥ ਵਟਾਉਂਦਾ ਹੈ ਤੇ ਕਹਿੰਦਾ ਹੈ ਕਿ ਉਹ ਆਪਣੇ ਭੈਣ ਦੇ ਵਿਆਹ ਦੀ ਟੈਨਸ਼ਨ ਨਾ ਲੈਣ। ਉਹ ਇਸਦਾ ਕਰਜ਼ਾ ਇਵੇਂ ਹੀ ਦੋ ਕਿਸ਼ਤਾਂ ਵਿੱਚ ਚੁਕਾ ਦੇਵੇਗਾ। ਜਦਕਿ ਨਵਦੀਪ ਇਸਦੇ ਖਿਲਾਫ ਸੀ ਤੇ ਉਹ ਹਰਜਾਪ ਨੂੰ ਨਸ਼ਾ ਕਰਨ ਤੋਂ ਰੋਕਣਾ ਚਾਹੁੰਦਾ

ਹੈ। ਪ੍ਰੰਤੂ ਹਰਜਾਂਪ ਨਵਦੀਪ ਤੋਂ ਕਿਸੇ ਵੇਲੇ ਕੈਪਸੂਲ ਲਈ ਪੈਸੇ ਵੀ ਮੰਗਦਾ ਹੈ। ਅਸੀਂ ਨਾਵਲ ਵਿੱਚ ਇਸਨੂੰ ਪੇਸ਼ ਕੀਤਾ ਦੇਖ ਸਕਦੇ ਹਾਂ:-

> "ਨਵਦੀਪ ਨੇ ਦੁਆਰਾ ਉਸ ਪਾਸੇ ਨਹੀਂ ਦੇਖਿਆ। ਉਸ ਨੂੰ ਉਸ ਨੂੰ ਫੌਜੀ ਦੀਆਂ ਅੱਖਾਂ ਦਾ ਸਾਹਮਣਾ ਕਰਨਾ ਮੁਸ਼ਕਲ ਜਾਂਪਿਆਂ। ਖੇਤਾਂ ਵਿੱਚ ਹਰੀਆਂ ਕਚੂਰ ਕਣਕਾਂ ਨਿਸਰ ਰਹੀਆ ਸਨ। ਠੰਡ ਪਲੋ - ਪਲ ਵੱਧਦੀ ਜਾਂ ਰਹੀ ਸੀ। ਖੱਬੇ ਪਾਸੇ ਸ਼ਿਵ ਮੰਦਰ ਵਿੱਚੋਂ ਹੱਲ ਦੀ ਆਵਾਜ਼ ਆ ਰਹੀ ਸੀ। ਮੰਦਰ ਨਾਲ ਲੱਗਦੇ ਬਾਗ ਦੀ ਬਾੜ ਕੋਲ ਚਾਰ ਪੰਜ ਜਾਂਣੇ ਸੁੱਖਾ ਮਲ ਰਹੇ ਸਨ। ਨਵਦੀਪ ਨੇ ਧਿਆਨ ਨਾਲ ਦੇਖਿਆ ਤਾਂ ਉਨ੍ਹਾਂ ਵਿੱਚ ਹਰਜਾਂਪ ਵੀ ਖੜ੍ਹਾ ਦਿਸਿਆਂ। ਉਹ ਤੇਜ਼ੀ ਨਾਲ ਹੱਥ ਚਕਾਉਂਦਾ ਹੋਇਆ ਸੁੱਖੇ ਦੇ ਪੱਤਿਆਂ ਨੂੰ ਵਿਚਕਾਰ ਮਸਲੀ ਜਾਂ ਰਿਹਾ ਸੀ। ਕਿਸੇ ਨੇ ਉਸ ਨੂੰ ਨਵਦੀਪ ਵੱਲ ਇਸ਼ਾਰਾ ਕਰਦੇ ਕੁੱਝ ਕਿਹਾ। ਹਰਜਾਂਪ ਨੇ ਹੱਥ ਮਲਕਦਿਆ ਪਿੱਛੇ ਵੱਲ ਝਾਤੀ ਮਾਰੀ ਤਾਂ ਨਵਦੀਪ ਨੂੰ ਉਸਦਾ ਸ਼ਰਮਿੰਦਗੀ ਭਰਿਆ ਹੱਸਦਾ ਚਿਹਰਾ ਦਿਸਿਆ। ਉਂਜ ਉਹ ਹੁਣ ਸ਼ਰਮਿੰਦਗੀਆਨ ਤੋਂ ਪਾਰ ਲੰਘ ਚੁੱਕਾ ਸੀ। ਨਵਦੀਪ ਨੇ ਉਸ ਨੂੰ ਹਮੇਸ਼ਾ ਮਹੁੱਬਤ ਕੀਤੀ ਸੀ। ਇਸ ਮਹੁਬਤ ਸਦਕਾ ਹੀ ਉਹ ਥੁੜੇ - ਟੁੱਟੇ ਕਦੇ ਨਵਦੀਪ ਤੋਂ ਕੈਪਸੂਲ ਖਰੀਦਣ ਲਈ ਪੈਸੇ ਮੰਗ ਲੈਂਦਾ ਸੀ।"[9]

ਇਸ ਤਰ੍ਹਾਂ ਇਸਤੋਂ ਇਲਾਵਾ ਨਾਵਲ ਵਿੱਚ ਪੇਸ਼ ਅਸੀਂ ਹਰੀ ਕ੍ਰਾਂਤੀ ਕਾਰਨ ਆਏ ਤਕਨੀਕੀ ਪੱਖ ਨੂੰ ਦੇਖਦੇ ਹਾਂ, ਜਿਸ ਕਾਰਨ ਕਿ ਲਾਭ ਤਾਂ ਹੁੰਦਾ ਹੈ। ਪਰ ਦੂਜੇ ਪਾਸੇ ਕਿਸਾਨ ਕਰਜ਼ਿਆ ਹੇਠ ਦੱਬਿਆ ਹੋਇਆ ਵੀ ਨਜ਼ਰ ਆਉਂਦਾ ਹੈ। ਨਾਵਲ ਵਿੱਚ ਅਸੀਂ ਦੇਖਦੇ ਹਾ ਕਿ ਨਵਦੀਪ ਦਾ ਪਿਤਾ ਤੇ ਉਸਦਾ ਚਾਚਾ ਸਾਂਝਾ ਟੈਕਟਰ ਤਾਂ ਲੈ ਲੈਂਦੇ ਹਨ , ਦਸ ਸਾਲ ਤੱਕ ਉਸ ਦੀਆਂ ਕਿਸ਼ਤਾਂ ਵੀ ਉਤਾਰਦੇ ਰਹਿੰਦੇ ਹਨ ਤੇ ਉਸਤੋਂ ਬਾਅਦ ਫਿਰ ਉਸ ਨੂੰ ਵੇਚ ਕਿ ਨਵਾਂ ਟ ਰੈਕਟਰ ਵੀ ਲੈਂਦੇ ਹਨ ਤੇ ਫਿਰ ਦੁਆਰਾ ਕਿਸ਼ਤਾਂ ਦੇ ਚੱਕਰ ਵਿੱਚ ਫਸ ਜਾਂਦੇ ਹਨ। ਇਸ ਤਰ੍ਹਾਂ ਕਿਸਾਨ ਸਾਨੂੰ ਕਰਜ਼ੇ ਹੇਠ ਦੱਬਿਆ ਹੋਇਆ ਦਿਖਾਈ ਦਿੰਦਾ ਹੈ ਤੇ ਇਸ ਜੰਜਾਂਲ ਵਿੱਚੋਂ ਨਿਕਲਣ ਦਾ ਉਸ ਕੋਲ ਕੋਈ ਵੀ ਰਸਤਾ ਨਹੀਂ ਬਚਦਾ ਤੇ ਕਿਸਾਨ ਕਰਜ਼ੇ ਵਿੱਚ ਹੀ ਫਸਿਆ ਰਹਿ ਜਾਂਦਾ ਹੈ। ਹਰੀ-ਘਰ ਵਿੱਚ ਟਰੈਕਟਰ ਆ ਗਏ ਸਨ। ਇਸਨੂੰ ਅਸੀਂ ਨਾਵਲ ਵਿੱਚ ਪੇਸ਼ ਕੀਤਾ ਦੇਖ ਸਕਦੇ ਹਾਂ :-

> " ਦਸ ਸਾਲਾ ਵਿੱਚ ਉਨ੍ਹਾਂ ਨੇ ਕਰਜ਼ੇ ਦੀਆਂ ਕਿਸ਼ਤਾਂ ਲਾ ਕਿ ਟਰੈਕਟਰ ਫਰੀ ਤਾਂ ਕਰ ਲਿਆ ਸੀ ਪਰ ਦੁਗਣੀ ਚਲਾਈ ਨੇ ਚਲਾਈ ਨੇ ਟਰੈਕਟਰ ਵਿੱਚ ਜਾਂਨ ਨਹੀਂ ਸੀ ਰਹਿਣ ਦਿੱਤੀ। ਦੋ ਸਾਲ ਹੋਰ ਚਲਾ ਕਿ ਉਨ੍ਹਾਂ ਨੂੰ ਟਰੈਕਰ ਵੇਚਣਾ ਪਿਆ ਸੀ। ਵੇਚਣ ਤੋਂ ਕੁੱਝ ਹੀ ਦਿਨਾਂ ਬਾਅਦ ਫੋਰਡ 3610

ਉਨ੍ਹਾਂ ਦੇ ਵਿਹੜੇ ਆਣ ਵੜਿ ਆ ਸੀ। ਫੇਰ ਸ਼ੁਰੂ ਹੋਇਆ ਸੀ ਕਿਸ਼ਤਾ ਲਾਉਣ ਦਾ ਦੌਰ ਪਰ ਹੁਣ ਘਰ – ਘਰ ਟਰੈਕਟਰ ਹੋ ਚੁੱਕੇ ਸਨ। ਕਿਰਾਏ ਵਾਲਾ ਕੋਈ ਨਹੀਂ ਸੀ ਆਉਂਦਾ। ਦਰੱਖਤ ਤਾਂ ਦੂਰ - ਦੂਰ ਤੱਕ ਪਿੰਡਾਂ ਵਿੱਚ ਦਿਖਦਾ ਮਸਾਂ ਸੀ।"[10]

ਇਸਤੋਂ ਇਲਾਵਾ ਨਾਵਲ ਵਿੱਚ ਭੋਲੇ-ਭਾਲੇ ਲੋਕਾਂ ਨੂੰ ਬੇਵਕੂਫ ਵੀ ਬਣਾਉਦਿਆ ਦਿਖਾਇਆ ਗਿਆ ਹੈ। ਕਿਉਂਕਿ ਅਸੀਂ ਨਾਵਲ ਵਿੱਚ ਨਵਦੀਪ ਦੇ ਪਿਤਾ ਨੂੰ ਦੇਖ ਸਕਦੇ ਹਾਂ ਕਿ ਉਹ ਨਵੀਂ ਜ਼ਮੀਨ ਦੇ ਲਾਲਚ ਵਿੱਚ ਪੁਰਾਣਾ ਘਰ ਹੀ ਲੈ ਲੈਂਦਾ ਹੈ। ਨਾਵਲ ਵਿੱਚ ਮਹਿੰਗਾਈ ਨੂੰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਕਿ ਕਿਵੇਂ ਕਿਸਾਨ ਆਪਣੀਆਂ ਜ਼ਮੀਨਾਂ ਤੇ ਘਰ ਵੇਚ ਕੇ ਵੀ ਨਵੀਂ ਕੋਠੀ ਦੀ ਉਸਾਰੀ ਨਹੀਂ ਕਰ ਪਾਉਂਦਾ। ਉਸਦੇ ਲਈ ਉਹ ਕਰਜ਼ੇ ਚੁੱਕਦਾ ਨਜ਼ਰ ਆਉਂਦਾ ਹੈ ਤੇ ਕੁੱਝ ਕਿਸਾਨ ਬੈਕਾਂ ਤੋਂ ਕਰਜ਼ੇ ਚੁਕਦੇ ਹੋਏ ਨਜ਼ਰ ਆਉਂਦੇ ਹਨ। ਇਸ ਸਥਿਤੀ ਨੂੰ ਵੀ ਅਸੀਂ ਨਾਵਲਕਾਰ ਦੁਆਰਾ ਨਾਵਲ ਵਿੱਚ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ :-

" ਨਵਦੀਪ ਉਨ੍ਹਾਂ ਦੇ ਖੇਤਾਂ ਵਿੱਚ ਨਵਾਂ ਮਕਾਨ ਪਾਉਂਦਾ ਸੀ। ਬਾਪੂ ਦੀ ਹੀ ਨਹੀਂ ਬਲਕਿ ਸਾਰੇ ਪਰਿਵਾਰ ਦੀ ਬੜੀ ਰੀਝ ਸੀ ਕਿ ਖੇਤਾਂ ਵਿੱਚ ਨਕਸ਼ੇ ਤੇ ਕੋਠੀ ਪਾਵਾਗੇ। ਛੋਟੀ ਜਿਹੀ। ਆਲੇ - ਦੁਆਲੇ ਸੋਹਣੇ ਫੁੱਲਾਂ ਦੇ ਬੂਟੇ , ਪਰ ਮਹਿੰਗਾਈ ਇੰਨੀ ਸੀ ਕਿ ਤਿੰਨ ਕਮਰੇ , ਰਸੋਈ ਤੇ ਬਾਥਰੂਮ ਪਾ ਕਿ ਹੀ ਉਨ੍ਹਾਂ ਦਾ ਧੂੰਆ ਨਿਕਲ ਗਿਆ ਸੀ। ਪੈਸੇ ਸਿਰ ਚੜ ਗਏ ਸਨ। ਲੋਨ ਤਾਂ ਇੱਕ ਦੋ ਬੈਕਾਂ ਤੋਂ ਵੀ ਲੈਏ ਹੋਏ ਸਨ। ਜਿਹੜੇ ਹਾੜ੍ਹੀ ਸਾਉਣੀ ਕਿਸ਼ਤਾਂ ਭਰਵਾਉਂਦੇ ਸਨ।[11]

ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤ ਵਰਗੇ ਦੇਸ਼ ਜ਼ਿਆਦਾਤਰ ਖੇਤੀ ਤੇ ਨਿਰਭਰ ਹਨ ਤੇ ਸਾਰੇ ਦੇਸ਼ ਨੂੰ ਅਨਾਜ ਪ੍ਰਾਪਤ ਕਰਾਉਣ ਦੀ ਜ਼ਿੰਮੇਵਾਰੀ ਵੀ ਕਿਸਾਨ ਨਿਭਾਉਂਦੇ ਹਨ। ਭਾਰਤ ਵਿੱਚ 1960 ਤੋਂ 1980 ਤੱਕ ਜੋ ਵੀ ਖੇਤੀ ਲਈ ਨੀਤੀ ਲਈ ਨੀਤੀ ਬਣਾਈ ਜਾਂ ਅਪਣਾਈ ਗਈ ਸੀ, ਉਹ ਕੁੱਝ ਹੱਦ ਤੱਕ ਕਿਸਾਨਾਂ ਲਈ ਸਹੀ ਸੀ ਤੇ ਕਿਸਾਨਾਂ ਦੇ ਹੱਕ ਵਿੱਚ ਸੀ। ਉਸ ਤੋਂ ਬਾਅਦ ਜੋ ਵੀ ਨੀਤੀਆਂ ਆਈਆਂ ਉਹ ਕਿਸਾਨਾਂ ਲਈ ਨੁਕਸਾਨ ਦਾਇਕ ਸਿੱਧ ਹੋਈਆ। ਨਵ-ਉਦਾਰਵਾਦੀ ਜੋ ਨੀਤੀ ਆਈ ਉਸਨੇ ਕਿਸਾ ਨਾਂ ਨੂੰ ਕਾਰਪੋਰੇਟ ਖੇਤੀ ਨੂੰ ਉਤਸ਼ਾਹਿਤ ਕੀਤਾ। 'ਵੀਹਵੀਂ ਸਦੀ ਦੀ ਆਖਰੀ ਕਥਾ ' ਵਿੱਚ ਵੀ ਨਾਵਲਕਾਰ ਨੇ ਕਿਸਾਨੀ ਸੰਕਟ ਵਿੱਚ ਫਸੇ ਨਵਜੀਤ ਦੇ ਪਿਤਾ ਜੋ ਕਿ ਕਰਜ਼ੇ ਹੇਠ ਫਸੇ ਹੋਏ ਹਨ ਤੇ ਆਪਣੀ ਲੜਕੀ ਦੇ ਵਿਆਹ ਲਈ ਸ਼ਾਹੂਕਾਰਾ ਤੋਂ ਕਰਜ਼ਾ ਲੈਂਦਾ ਤੇ ਵਿਆਹ ਕਰਦਾ ਹੈ, ਤੇ ਦੂਸਰੇ ਪਾਸੇ ਹੀ ਨਵਾਂ ਜੋ ਕਿ ਸਾਝਾ ਟਰੈਕਟਰ ਲੈਂਦਾ ਹੈ, ਉਹ ਵੀ ਕਰਜ਼ਾ ਚੁੱਕ ਕੇ ਹੀ ਲੈਦਾ ਹਨ , ਜਿਸ ਕਾਰਨ ਕਿ ਉਸਦੀਆਂ ਕਿਸ਼ਤਾਂ ਬਹੁਤ ਮੁਸ਼ਕਲ ਨਾਲ ਉਤਾਰਦਾ ਹੈ। ਇਸਤੋਂ ਇਲਾਵਾ ਨਾਵਲ ਵਿੱਚ ਸਾਂਝੀ ਵਸਤੂ ਬਾਰੇ ਦੱਸਿਆ ਗਿਆ ਹੈ, ਕਿ

ਆਪਣੀ ਚੀਜ਼ ਦਾ ਹੀ ਹਮੇਸ਼ਾ ਸੁਆਦ ਆਉਂਦਾ ਹੈ, ਇਸਤੋਂ ਇਲਾਵਾ ਨਾਵਲਕਾਰ ਨੇ ਵੀਹਵੀਂ ਸਦੀ ਵਿੱਚ ਅਨਪੜਤਾ ਨੂੰ ਦਿਖਾਇਆ ਹੈ, ਕਿ ਜੇਕਰ ਲੋਕ ਅਨਪੜ੍ਹ ਹਨ, ਤਾਂ ਉਨ੍ਹਾਂ ਦਾ ਫਾਇਦਾ ਕਿਵੇਂ ਪੜ੍ਹੇ -ਲਿਖੇ ਤੇ ਅਮੀਰ ਵਰਗ ਦੇ ਲੋਕ ਚੁੱਕਦੇ ਹਨ । ਉਹ ਉਨ੍ਹਾਂ ਦੇ ਭੋਲੇਪਨ ਤੇ ਅਨਪੜ੍ਹਤਾ ਦਾ ਫਾਇਦਾ ਉਠਾਉਂਦੇ ਹਨ, ਇਸਤੋਂ ਇਲਾਵਾ ਨਾਵਲਕਾਰ ਨੇ ਹਰੇ ਇਨਕਲਾਬ ਬਾਰੇ ਦੱਸਿਆ ਹੈ ਕਿ ਕਿਵੇਂ ਹਰਾ ਇਨਕਲਾਬ ਆਉਣ ਨਾਲ ਕਿਸਾਨਾਂ ਦੀ ਜ਼ਿੰਦਗੀ ਹੀ ਬਦਲ ਗਈ। ਇਸ ਨਾਲ ਜਿੱਥੇ ਕਿਸਾਨਾਂ ਨੂੰ ਖੁਸ਼ੀ ਹੋਈ, ਉੱਥੇ ਉਨ੍ਹਾਂ ਤੋਂ ਰੁਜ਼ਗਾਰ ਦੇ ਮੌਕੇ ਵੀ ਖੋਹ ਹੋ ਗਏ ਤੇ ਕਿਸਾਨ ਬੇਰੁਜ਼ਗਾਰ ਹੋ ਗਏ। ਕਿਉਂਕਿ ਮਜ਼ਦੂਰਾਂ ਜਾਂ ਸੀਰੀ ਦੀ ਜਗ੍ਹਾਂ ਮਸ਼ੀਨਾਂ ਨੇ ਲੈ ਲਈ। ਵੱਧ ਖਰਚੇ ਕਾਰਨ ਕਿਸਾਨ ਕਰਜ਼ੇ ਲੈਂਦੇ ਦਿਖਾਏ ਗਏ ਹਨ ਤੇ ਬਾਅਦ ਵਿੱਚ ਫਸਲ ਦੀ ਕੀਮਤ ਨਾ ਮਿਲਣ ਕਰਕੇ ਕਿਸਾਨ ਨਾ-ਖੁਸ਼ ਦਿਖਾਏ ਗਏ ਹਨ ਤੇ ਜਿਸ ਕਾਰਨ ਕਿ ਉਨ੍ਹਾਂ ਦੀ ਹਾਲਤ ਖੁਦਖੁਸ਼ੀ ਕਰਨ ਵਾਲੀ ਹੋ ਗਈ ਤੇ ਜੇਕਰ ਅੱਜ ਅਸੀਂ ਕਿਸਾਨੀ ਨੂੰ ਦੇਖਦੇ ਹਾਂ ਤਾਂ ਕਿਸਾਨ ਕਰਜ਼ਾ ਵਾਪਸ ਨਾ ਕਰਨ ਕਰਕੇ ਖੁਦਖਸ਼ੀਆਂ ਕਰਦੇ ਦਿਖਾਈ ਦਿੰਦੇ ਹਨ।

ਜਿਸ ਸਹਿਕਾਰੀ ਖੇਤੀ ਕੀਤੀ ਜਾਂਣੀ ਚਾਹੀਦੀ ਹੈ ਤੇ ਇਸਦੇ ਹੱਲ ਲਈ ਖੇਤੀ ਜ਼ਮੀਨ ਤੇ ਠੇਕੇ ਨੂੰ ਨਿਰਧਾਰਿਤ ਕਰਨ ਲਈ ਪੰਜਾਬ ਚਾਹੀਦਾ ਹੈ ਤੇ ਫਸਲੀ ਬੀਮਾ ਸ਼ੁਰੂ ਕੀਤਾ ਜਾਂਣਾ ਚਾਹੀਦਾ ਹੈ, ਤੇ ਸਹਾਇਕ ਧੰਦੇ ਜਿਵੇਂ ਕਿ ਡੇਅਰੀ ਖੇਤਰ ਨੂੰ ਵੀ ਪ੍ਰਾਸੈਸਿੰਗ ਤੇ ਮਾਰਕੀਟਿੰਗ ਨੂੰ ਵੀ ਯਕੀਨਣ ਬਣਾਉਣਾ ਚਾਹੀਦਾ ਹੈ। ਇਸਤੋਂ ਇਲਾਵਾ ਪਿੰਡਾਂ ਵਿੱਚ ਖੇਤੀ ਅਤੇ ਕਿਰਤ ਪ੍ਰਧਾਨ ਉਦਯੋਗ ਦੁਆਰਾ ਨੌਜਵਾਨ ਵਰਗ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਣੇ ਚਾਹੀਦੇ ਹਨ। ਇੰਨ੍ਹਾਂ ਸਭ ਕਦਮਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਕੁੱਝ ਸੁਧਾਰ ਕਰਕੇ ਖੁਦਖੁਸ਼ੀਆਂ ਨੂੰ ਰੋਕਿਆ ਜਾਂ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ

1.ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ, ਪੰਨਾ-92

2.ਉਹੀ ਪੰਨਾ-93

3.ਉਹੀ ਪੰਨਾ-41,42

4.ਉਹੀ ਪੰਨਾ-36

5.ਉਹੀ ਪੰਨਾ-41

6.ਉਹੀ ਪੰਨਾ-80

7.ਉਹੀ ਪੰਨਾ-100

8.ਉਹੀ ਪੰਨਾ-44

9.ਉਹੀ ਪੰਨਾ-93

10.ਉਹੀ ਪੰਨਾ-99

# ਅਧਿਆਇ-ਚੌਥਾ

# ਰਾਜਸੀ ਤੇ ਪੁਲਿਸ ਪ੍ਰਬੰਧਾਂ ਦੇ ਸੰਦਰਭ ਵਿੱਚ ਪੰਜਾਬ ਸੰਕਟ ਦਾ ਵਿਸ਼ਲੇਸ਼ਣ

## ਅਧਿਆਇ-ਚੌਥਾ ਰਾਜਸੀ

## ਤੇ ਪੁਲਿਸ ਪ੍ਰਬੰਧਾਂ ਦੇ ਸੰਦਰਭ ਵਿੱਚ ਪੰਜਾਬ ਸੰਕਟ ਦਾ ਵਿਸ਼ਲੇਸ਼ਣ

ਕਿਸੇ ਵੀ ਕੌਮੀ ਮੁਲਕ ਦਾ ਵਿਕਾਸ ਉਸ ਦੇਸ਼ ਦੀ ਸੁਰੱਖਿਆ ਪ੍ਰਣਾਲੀ ਤੇ ਨਿਰਭਰ ਕਰਦਾ ਹੈ। ਭਾਰਤ ਵਿੱਚ ਸੁਰੱਖਿਆ ਪ੍ਰਣਾਲੀ ਤਿੰਨ ਹਿੱਸਿਆਂ ਵਿੱਚ ਵੰਡੀ ਹੋਈ ਹੈ। ਭਾਰਤੀ ਪੁਲਿਸ ਸੇਵਾਵਾਂ ਜਾਂ ਆਈ . ਪੀ. ਐਸ., ਭਾਰਤੀ ਸਰਕਾਰ ਦੇ ਤਿੰਨ ਆਲ ਇੰਡੀਆ ਸਰਵਿਸਿਜ਼ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅੰਗਰੇਜ਼ਾਂ ਤੋਂ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਸਾਲ 1948 ਵਿੱਚ ਭਾਰਤੀ ਪੁਲਿਸ ਤੋਂ ਭਾਰਤੀ ਪੁਲਿਸ ਸੇਵਾਵਾਂ ਨਾ ਵਿੱਚ ਪਰਿਵਰਤਨ ਕਰ ਦਿੱਤਾ ਗਿਆ। 17 ਅਗਸਤ 1865 ਨੂੰ ਭਾਰਤ ਦੇ ਪੁਲਿਸ ਸਿਸਟਮ ਨੂੰ ਦਿਸ਼ਾ ਦੇਣ ਲਈ ਪਹਿਲਾ ਪੁਲਿਸ ਕਮਿਸ਼ਨ ਬਣਾਇਆ ਗਿਆ। ਕਾਨੂੰਨ ਨੂੰ ਕਾਇਮ ਰੱਖਣਾ, ਅਪਰਾਧ ਨੂੰ ਰੋਕਣਾ, ਤੇ ਅਪਰਾਧ ਨੂੰ ਲੱਭਣਾ ਪੁਲਿਸ ਵਿਭਾਗ ਜਾਂ ਭਾਰਤੀ ਪੁਲਿਸ ਸੇਵਾਂ ਦਾ ਕੰਮ ਹੈ।

ਪੰਜਾਬ ਪੁਲਿਸ ਦਾ ਜੇਕਰ ਅਸੀਂ ਇਤਿਹਾਸ ਦੇਖਿਏ ਤਾਂ ਇਹ ਗੌਰਵਸ਼ਾਲੀ ਰਿਹਾ ਹੈ। ਇਹ ਆਪਣੇ ਕੰਮ ਨੂੰ ਤਰਜਿਹ ਦੇਣ ਲਈ ਪ੍ਰਸਿੱਧ ਹੋਇਆ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾ ਵੀ ਪੰਜਾਬ ਪੁਲਿਸ, ਪੁਲਿਸ ਤੰਤਰ ਲਈ ਆਪਣੇ ਦਾਸ਼ ਵਿੱਚ ਪ੍ਰਸਿੱਧ ਮੰਨੀ ਜਾਂਦੀ ਹੈ। ਤੇ ਜਿਸ ਕਾਰਨ ਕਿ ਇੰਨ੍ਹਾਂ ਸਾਰੀਆ ਸ਼ਾਨਦਾਰ ਰਵਾਇਤਾਂ ਤੇ ਉੱਚੇ ਨਜ਼ਰੀਏ ਕਾਰਨ ਲਗਾਤਾਰ ਵਾਧਾ ਹੋ ਰਿਹਾ ਹੈ । 1958 ਵਿੱਚ ਅੰਗਰੇਜ਼ੀ ਰਾਜ ਵੱਲੋਂ ਪੰਜਾਬ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰਨ ਤੋਂ ਬਾਅਦ ਪੰਜਾਬ ਪੁਲਿਸ ਵੱਖਰੀ ਸੰਸਥਾ ਬਣ ਕੇ ਸਾਡੇ ਸਾਹਮਣੇ ਆਈ। 180 ਸਾਲਾਂ ਵਿੱਚ ਪੁਲਿਸ ਫੌਰਸ ਨੇ ਬਹੁਤ ਔਖੇ ਰਾਸਤਿਆਂ ਦਾ ਸਾਹਮਣਾ ਕੀਤਾ। ਕਾਨੂੰਨ ਵਿਵਸਥਾ ਨਾਲ ਸੁਲਝਣ ਦੀ ਜ਼ਿੰਮੇਵਾਰੀ ਪੁਲਿਸ ਦੇ ਸਾਹਮਣੇ ਇੱਕ ਚੁਣੌਤੀ ਹੀ ਰਹੀ ਹੈ। ਕਿਉਂਕਿ ਰਾਜ ਦੇ ਲੋਕ ਸ਼ੁਰੂ ਤੋਂ ਹੀ ਬਹਾਦਰ ਤੇ ਜੁਝਾਰੂ ਪ੍ਰਵਿਰਤੀ ਦੇ ਮਾਲਕ ਹਨ । ਪੁਲਿਸ ਦੀ ਪੁਨਰਗਠਨ ਦੀ ਤਿਆਰੀ 1898 ਵਿੱਚ ਸ਼ੁਰੂ ਹੋਈ ਸੀ। ਜਿਸ ਕਾਰਨ ਕਿ ਇੰਨਸਪੈਕਟਰ ਜਨਰਲ ਦੀਆਂ ਪੋਸਟਾਂ ਬੰਦ ਕਰ ਦਿੱਤੀਆ ਸਨ। ਪ੍ਰੰਤੂ 1902 ਵਿੱਚ ਇੰਡੀਆ ਪੁਲਿਸ ਕਮਿਸ਼ਨ ਦੀ ਸਥਾਪਤੀ ਕਰਕੇ ਇੱਕ ਨਵਾਂ ਯਤਨ ਕੀਤਾ ਗਿਆ ਸੀ। ਜਿਸ ਵਿੱਚ ਪੁਲਿਸ ਕਰਮਚਾਰੀਆ ਦੀ ਗਿਣਤੀ ਨੂੰ ਵਧਾਉਣ ਲਈ ਸਿਫ਼ਾਰਸ਼ਾ ਕੀਤੀਆ ਗਈਆ ਸਨ।

ਪ੍ਰੰਤੂ 40(50) ਦਹਾਕੇ ਦੇ ਅੰਤ ਵਿੱਚ ਪੁਲਿਸ ਸਿਸਟਮ ਵਿੱਚ ਸੁਧਾਰ ਕਰਨ ਦੀ ਬਹੁਤ ਜ਼ਰੂਰਤ ਮਹਿਸੂਸ ਹੋਈ। ਜਿਸ ਕਾਰਨ ਕਿ 1961 ਵਿੱਚ ਭਾਰਤ ਦੇ ਚੀਫ ਜਸਟਿਸ ਦੀ ਅਗਵਾਈ ਦੁਆਰਾ ਇੱਕ ਨਵੀਂ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਇਸ ਕਮਿਸ਼ਨ ਅਨੁਸਾਰ ਸਾਇੰਸ ਲੈਬੋਟਰੀ ਦੁਆਰਾ ਖੋਜ ਲਈ ਸਾਇੰਸ ਪ੍ਰਯੋਗਸ਼ਾਲਾ ਦੀ ਸਥਾਪਤੀ ਤੇ ਖੋਜ ਕੇਂਦਰ ਤੇ ਪੁਲਿਸ ਫੋਰਸ , ਮਨੁੱਖੀ ਵਿਕਾਸ ਦੀਆਂ ਵਧੀਆ ਸਕੀਮਾਂ ਲਾਗੂ ਕਰਨਾ ਸੀ। ਉਦੋਂ ਤੋਂ ਲੈ ਲੇ ਹੁਣ ਤੱਕ ਪੁਲਿਸ ਫੌਰਸ ਨੇ ਕਾਫੀ ਪ੍ਰਾਪਤੀ ਕਰ ਲਈ ਹੈ। ਭਾਵੇਂ ਕੋਈ ਵੀ ਸੰਵੇਦਨਸ਼ੀਲ ਵਾਕਿਆ ਨਾਲ ਸਿਰਜਣਾ ਹੋਵੇ ਉਸ ਲਈ ਪੁਲਿਸ ਨੇ ਸਫ਼ਲਤਾ ਪੂਰਵਕ ਕਾਬੂ ਪਾਇਆ ਹੈ। ਪਿਛਲੇ ਕੁੱਝ

ਕੁ ਸਾਲਾਂ ਤੋਂ ਪੰਜਾਬ ਪੁਲਿਸ ਨੇ ਦਹਿਸ਼ਤਵਾਦ ਦਾ ਸਫ਼ਲਤਾ ਪੂਰਵਕ ਸਾਹਮਣਾ ਵੀ ਕੀਤਾ ਹੈ। ਜਿਸ ਦੌਰਾਨ ਲਗਪਗ ਹਜ਼ਾਰਾ ਦੀ ਗਿਣਤੀ ਵਿੱਚ ਲੋਕਾਂ ਨੇ ਆਪਣੀਆ ਜਾਂਨਾਂ ਗਵਾ ਲਈਆ ਹਨ। ਹੁਣ ਆਧੁਨਿਕ ਦੌਰ ਵਿੱਚ ਕਲਾਤਮਕ ਸੀਚਨਾ ਪ੍ਰਣਾਲੀ ਦੁਆਰਾ ਤੇ ਵਧੀਆ-ਵਧੀਆ ਉਪਕਰਨਾਂ ਦੁਆਰਾ ਤੇ ਵਧੀਆ ਜਵਾਬਦੇਹ ਅਧਿਕਾਰੀ ਪੰਜਾਬ ਪੁਲਿਸ ਦਾ ਹਿੱਸਾ ਬਣ ਚੁੱਕੇ ਹਨ।

ਅੱਜ ਦੇ ਬਦਲਦੇ ਦੌਰ ਨੇ ਲੋਕਾਂ ਦੀ ਸੋਚ ਵੀ ਬਦਲ ਦਿੱਤੀ ਹੈ, ਇਸਦਾ ਕਾਰਨ ਇਹ ਹੈ ਕਿ ਅੱਜ ਉਮਰ ਨੂੰ ਤਰਜੀਹ ਦਿੱਤੀ ਹੈ। 18 ਤੋਂ 22 ਸਾਲ ਦੇ ਬੱਚਿਆਂ ਨੂੰ ਬਈਮਣਾਨ ਸੋਚ ਵਾਲੇ ਕਿਹਾ ਜਾਂਦਾ ਹੈ। ਅੱਜ ਦੇ ਬੱਚਿਆਂ ਨੇ ਹਰ ਖੇਤਰ ਵਿੱਚ ਬਹੁਤ ਵੱਡੀਆ ਪ੍ਰਾਪਤੀਆ ਕੀਤੀਆ ਹਨ। ਇਸਨੂੰ ਅਸੀਂ ਟੀ. ਵੀ. ਮੀਡੀਆ ਜਾਂ ਜਿੱਤੇ ਮਰਜ਼ੀ ਦੇਖ ਸਕਦੇ ਹਾਂ। ਅਗਰ ਅਸੀਂ ਅੱਜ ਤੋਂ ਤਿੰਨ ਚਾਰ ਸਾਲ ਪਹਿਲਾ ਦੇਖੀਏ ਤਾਂ ਹਰ ਇਨਸਾਨ ਭ੍ਰਿਸ਼ਟਾਚਾਰ ਦੇ ਖੇਲ ਨੂੰ ਆ ਪਣੀ ਜ਼ਿੰਦਗੀ ਦਾ ਅੰਗ ਸਮਝਣ ਲੱਗ ਪਏ ਸਨ । ਭਾਰਤ ਦੇ ਲੋਕ ਇਹ ਸਮਝਦੇ ਸਨ ਕਿ ਭ੍ਰਿਸ਼ਟਾਚਾਰ ਦਾ ਮਾਹੌਲ ਇਸੇ ਤਰ੍ਹਾਂ ਹੀ ਰਹੇਗਾ। ਤੇ ਇਸਦੇ ਸੁਧਰਨ ਦੇ ਅਫ਼ਸਰ ਬਹੁਤ ਘੱਟ ਹਨ। ਜਿਸ ਕਾਰਨ ਕਿ ਲੋਕ ਜ਼ਿੰਦਗੀ ਦਾ ਖਾਸ ਹਿੱਸਾ ਮੰਨ ਕਿ ਜਿਉਂਣ ਦੀ ਕੋਸ਼ਿਸ ਵੀ ਸ਼ੁਰੂ ਕਰ ਦਿੱਤੀ ਸੀ । ਜਿਵੇਂ ਕਿ ਭ੍ਰਿਸਟਾਚਾਰ ਨੂੰ ਆਪਣੇ ਜੀਵਨ ਦਾ ਹਿੱਸਾ ਹੀ ਮੰਨ ਲਿਆ ਸੀ।

ਇਸਦਾ ਕਾਰਨ ਕਿ ਰਿਸ਼ਵਤ ਤੇ ਭ੍ਰਿਸ਼ਟਾਚਾਰ ਸਾਡੇ ਰਾਜ ਨੇਤਾਵਾਂ ਦੀਆਂ ਜੜ੍ਹਾਂ ਵਿੱਚ ਰਚਿਆ ਹੋਇਆ ਹੈ। ਜਿਸ ਨੂੰ ਬਾਹਰ ਕੱਢਣਾ ਮੁਸ਼ਕਿਲ ਹੀ ਨਹੀਂ ਬਲਕਿ ਨਾਮੁਮਕਿਨ ਹੈ। ਪਰ ਇਸ ਵਿੱਚ ਗਰੀਬ ਆਦਮੀ ਜਿਸ ਕੋਲ ਰੋਟੀ, ਮਕਾਨ ਤੇ ਕੰਮ ਧੰਦਾ ਵੀ ਨਹੀਂ ਹੈ। ਉਸ ਲਈ ਰਿਸ਼ਵਤ ਦੇਣਾ ਹੋਰ ਵੀ ਔਖਾ ਕੰਮ ਹੋ ਜਾਂਦਾ ਹੈ। ਇਸਦੇ ਬਦਲਾਅ ਲਈ ਅਰਵਿੰਦ ਕੇਜ਼ਰੀਵਾਲ ਦੁਆਰਾ ਸਮਾਜ ਲਈ ਕੀਤੀਆ ਜਾਂ ਰਹੀਆ ਕੋਸ਼ਿਸਾ ਨੇ ਦੁਆਰਾ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ ਹੈ। ਇੰਨ੍ਹਾਂ ਕੋਸ਼ਿਸਾਂ ਵੱਲੋਂ ਇਹ ਸਾਬਿਤ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਭਾਰਤ ਵਰਗੇ ਦੇਸ਼ ਵਿੱਚ ਵੀ ਭ੍ਰਿਸ਼ਟਾਚਾਰ ਵਿੱਚ ਬਦਲਾਅ ਲਿਆਦਾ ਜਾਂ ਸਕਦਾ ਹੈ। ਜਿਸ ਨਾਲ ਦੇਸ਼ ਦੀ ਦਿਸਾ ਵੀ ਬਦਲੀ ਜਾਂ ਸਕਦੀ ਹੈ। ਅੱਜ ਦੇਸ਼ ਤੇ ਸਮਾਜ ਦਾ ਹਰ ਵਿਅਕਤੀ ਭ੍ਰਿਸ਼ਟਾਚਾਰ ਤੇ ਧਨ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਮਾਉਣ ਦੇ ਤਰੀਕੇ ਨੂੰ ਆਪਣਾ ਧਰਮ ਸਮਝਦਾ ਹੈ।

ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰੀ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਅਲੋਚਨਾ ਕੀਤੀ ਜਾਂਦੀ ਹੈ । ਤੇ ਕਿਹਾ ਗਿਆ ਹੈ ਕਿ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਭਾਰਤ ਲੋਕਾਂ ਦੇ ਪੱਖ ਵਿੱਚ ਕਾਨੂੰਨ ਬਣਾਉਣ ਲਈ ਅਕਸਰ ਅੱਗੇ ਹੀ ਹਮੇਸ਼ਾ ਰਹਿੰਦਾ ਹੈ। ਪ੍ਰੰਤੂ ਇੰਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਅਕਸਰ ਸਾਡੀਆ ਸਰਕਾਰਾਂ ਹਮੇਸ਼ਾ ਹੀ ਪਿੱਛੇ ਰਹਿ ਜਾਂਦੀਆਂ ਹਨ। ਸਯੁੰਕਤ ਰਾਸ਼ਟਰ ਨੇ 1948 ਵਿੱਚ ਮਨੁੱਖੀ ਅਧਿਕਾਰਾਂ ਦੀ ਯੂਨੀਵਰਸਲ ਘੋਸ਼ਣਾ ਕੀਤੀ ਸੀ। ਅਤੇ ਇਸ ਵਿੱਚ ਸੁਯੰਕਤ ਰਾਸ਼ਟਰ ਜਨਰਲ ਨੇ 39ਵੀਂ ਅਸੈਂਬਲੀ ਵਿੱਚ ਮੱਤ ਪਾਸ ਕੀਤਾ ਸੀ। ਉਸਦੇ ਬਾਅਦ ਹਰ ਦਸ ਸਾਲ ਬਾਅਦ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ। ਉਸਤੋਂ ਬਾਅਦ ਸੁਯੰਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ। ਅੱਜ ਪੂਰੀ ਦੁਨੀਆ ਵਿੱਚ ਬਹੁਤ ਸਾਰੇ ਪ੍ਰੋਗਰਾਮ ਹੋਣਗੇ ਜਿਸ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜਾਇਆਂ ਜਾਂਵੇਗਾ। ਪ੍ਰੰਤੂ

ਮਨੁੱਖੀ ਅਧਿਕਾਰ ਸਿਰਫ਼ ਭਾਸ਼ਣ ਜਾਂ ਸੈਮੀਨਾਰ ਤੱਕ ਹੀ ਸੀਮਤ ਰਹਿ ਜਾਂਦੇ ਹਨ। ਆਮ ਆਦਮੀ ਨੂੰ ਤਾਂ ਇਸਦਾ ਪਤਾ ਵੀ ਨਹੀਂ ਹੁੰਦਾ। ਕੁਦਰਤ ਨੇ ਇਨਸਾਨ ਨੂੰ ਬਣਾਉਂਦੇ ਸਮੇਂ ਵੀ ਕੋਈ ਫਰਕ ਨਹੀਂ ਰੱਖਿਆ ਸੀ , ਤੇ ਸਭ ਨੂੰ ਇੱਕੋਂ ਜਿਹਾ ਹੀ ਬਣਾਇਆ ਸੀ । ਤੇ ਇਨਸਾਨ ਨੇ ਆਪਣੇ ਲਈ ਬਹੁਤ ਸਾਰੀਆ ਮੁਸ਼ਕਿਲਾਂ ਤੇ ਵਰਗ ਬਣਾ ਲਏ ਹਨ । ਜਿਸ ਵਿੱਚ ਇੱਕ ਪਾਸੇ ਤਾਂ ਅਮੀਰ ਲੋਕ ਹਨ, ਜਿਸਦੇ ਲਈ ਸੁਵਿਧਾਵਾਂ ਵੀ ਅਧੀਨ ਹੋ ਜਾਂ ਦੀਆਂ ਹਨ ਤੇ ਦੂਸਰੇ ਪਾਸੇ ਉਹ ਸੰਸਾਰ ਹੈ, ਜੋ ਆਪਣੇ ਜੀਵਨ ਦੀਆਂ ਮੌਲਿਕ ਸੁਵਿਧਾਵਾ ਦੇ ਲਈ ਵੀ ਗੁਲਾਮ ਬਣਨ ਲਈ ਤਿਆਰ ਹੋ ਜਾਂਦਾ ਹੈ।

ਮਨੁੱਖੀ ਅਧਿਕਾਰ ਇੱਕ ਅਜਿਹਾ ਅਧਿਕਾਰ ਹੈ। ਜਿਸਦੇ ਹੋਣ ਨਾਲ ਮਨੁੱਖ ਨੂੰ ਜਿਉਣ ਦਾ ਨਵਾਂ ਅਧਿਕਾਰ ਮਿਲਦਾ ਹੈ। ਜੇਕਰ ਅਸੀਂ ਇਸਦਾ ਅਰਤ ਸਮਝੀਏ ਤਾਂ ਮਨੁੱਖੀ ਅਧਿਕਾਰ ਮਨੁੱਖ ਦੇ ਮੁੱਢਲੇ ਅਧਿਕਾਰ ਹਨ, ਜਿਸ ਦੁਆਰਾ ਮਨੁੱਖ ਨੂੰ ਜਾਂਤ , ਨਸਲ, ਲਿੰਗ, ਧਰਮ, ਰਾਸ਼ਟਰੀਅਤਾ, ਜਾਂ ਹੋਰ ਕਿਸੇ ਵੀ ਆਧਾਰ ਤੇ ਵੱਖ ਨਹੀਂ ਕੀਤਾ ਜਾਂ ਸਕਦਾ। ਹੁਣ ਵਿਸ਼ਵ ਭਾਈਚਾਰਾ ਪੂਰੀ ਤਰ੍ਹਾਂ ਨਾਲ ਜਾਂਗ੍ਰਿਤ ਹੈ ਅਤੇ ਹੁਣ ਇੱਕ ਦੇਸ਼ ਦੂਸਰੇ ਦੇਸ਼ ਦੀਆਂ ਅੰਦਰੂਨੀ ਪ੍ਰਸਥਿਤੀਆਂ ਤੋਂ ਪੂਰੀ ਤਰ੍ਹਾਂ ਨਾਲ ਜਾਂਣੂ ਹੈ । ਹੁਣ ਜੇਕਰ ਕੋਈ ਦੇਸ਼ ਗੁਪਤ ਰੂਪ ਨਾਲ ਨਾਗਰਿਕ ਦਾ ਸ਼ੋਸਣ ਕਰ ਲਵੇ, ਤੇ ਉਸ ਉੱਪਰ ਕੋਈ ਕਾਰਵਾਈ ਨਹੀਂ ਹੋਵੇਗੀ ਤਾਂ ਇਹ ਉਨ੍ਹਾਂ ਦੀ ਭੁੱਲ ਹੈ। ਜੇਕਰ ਅਸੀਂ ਵਿਸ਼ਵ ਦੇ ਪੱਧਰ ਤੇ ਦੇਖੀਏ ਤਾਂ ਮਨੁੱਖੀ ਅਧਿਕਾਰਾਂ ਦਾ ਵੱਖਰਾ-ਵੱਖਰਾ ਰੂਪ ਹੈ। ਸਾਰੇ ਮਨੁੱਖ ਸੁਤੰਤਰ ਰੂਪ ਵਿੱਚ ਜਨਮੇ ਹਨ। ਅੰਤਰਰਾਸ਼ਟਰੀ ਪੱਧਰ ਤੇ ਮਨੁੱਖੀ ਅਧਿਕਾਰ ਅਤੇ ਜੀਵਨ ਦਾ ਅਧਿਕਾਰ, ਵਿਚਾਰ ਨੂੰ ਰੱਖਣ ਤੇ ਕਹਿਣ ਦਾ ਅਧਿਕਾਰ , ਸਮਾਜਿਕ ਤੇ ਆਰਥਿਕ ਅਧਿਕਾਰ ਆਦਿ ਸ਼ਾਮਲ ਹਨ । ਅੱਜ ਦੁਨੀਆ ਦੀ ਵੱਡੀ ਆਬਾਦੀ ਵਿੱਚ ਸਮਾਜਿਕ ਨਾ ਬਰਾਬਰੀ ਵਿੱਚ ਕਿਸ ਤਰ੍ਹਾਂ ਪਿਸ ਰਹੀ ਹੈ। ਅਮੀਰ ਹੋਰ ਅਮੀਰ ਹੁੰਦਾ ਜਾਂ ਰਿਹਾ ਹੈ , ਤੇ ਗਰੀਬ ਹੋਰ ਗਰੀਬ ਹੁੰਦਾ ਜਾਂ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਲੋਕ ਆਪਣੇ ਅਧਿਕਾਰਾ ਤੋਂ ਅਣਜਾਂਨ ਹਨ।

ਪੰਜਾਬ ਪੁਲਿਸ ਨੇ ਪੁਲਿਸ ਮੈਡਲ ਲਈ ਨਵੀ ਸਿਸਟਮ ਪ੍ਰਣਾਲੀ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਤਾਂ ਕਿ ਕਿਸੇ ਯੋਗ ਪੁਲਿਸ ਅਧਿਕਾਰੀ ਦਾ ਮੈਡਲ ਕਿਸੇ ਸ਼ਰਤ ਵਿਚ ਫਸ ਕਿ ਨਾ ਰਹਿ ਜਾਂਵੇ । ਪੁਲਿਸ ਵਿਭਾਗ ਦੇ ਇੱਕ ਬੁਲਾਰੇ ਦੇ ਅਨੁਸਾਰ ਫੀਲਡ ਯੂਨੀਟਾ ਪੁਲਿਸ ਮੁੱਖ ਦਫਤਰ ਦੀ ਸਿਫਾਰਸ ਕਰਦੀ ਹੈ। ਕਈ ਵਾਰ ਯੋਗ ਅਧਿਕਾਰੀਆ ਦੀ ਮੰਗ ਵੀ ਉਜੜ ਜਾਂਦੀ ਹੈ। ਜਿਸ ਨਾਲ ਕਿ ਯੋਗ ਉਮੀਦਵਾਰਾਂ ਨੂੰ ਉਨ੍ਹਾਂ ਦਾ ਹੱਕ ਮਿਲਣ ਤੋਂ ਰਹਿ ਜਾਂਦਾ ਹੈ। ਹੁਣ ਇਸ ਯੋਗ ਉਮੀਦਵਾਰਾਂ ਦੇ ਨਾਮ ਦੀ ਸਿਫਾਰਸ਼ ਕਿਸੇ ਵੀ ਸਮੇਂ ਤੇ ਭੇਜੀ ਜਾਂ ਸਕਦੀ ਹੈ।

ਅੱਜ ਅਸੀਂ ਦੇਸ਼ ਦਾ 64ਵਾਂ ਗਣਤੰਤਰ ਦਿਵਸ ਮਨਾਉਂਦੇ ਆ ਰਹੇ ਹਾਂ ਤੇ ਜਿਸ ਕਾਰਨ ਲੋਕਾਂ ਦੇ ਮਨ੍ਹਾਂ ਵਿੱਚ ਬਹੁਤ ਸਾਰੇ ਪ੍ਰਸ਼ਨ ਵੀ ਉਠਦੇ ਹਨ। ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ 26 ਜਨਵਰੀ ਤੋਂ ਬਾਅਦ ਜੋ ਪ੍ਰਣਾਲੀ ਅਪਣਾਈ ਗਈ ਸੀ। ਕੀ ਅਸੀਂ ਉਸ

ਨੂੰ ਠੀਕ ਤਰ੍ਹਾਂ ਲਾਗੂ ਕਰ ਸਕਦੇ ਹਾਂ? ਜਦੋਂ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੁਆਰਾ ਅਸੀਂ ਜ਼ਮਹੂਰੀ ਪ੍ਰਣਾਲੀ ਦੀ ਵਿਆਖਿਆ ਕਰਦੇ ਹਾਂ ਤਾਂ ਨਿਰਾਸ਼ਾ ਹੀ ਲੱਭਦੀ ਹੈ।

ਪਿਛਲੇ 64 ਸਾਲਾਂ ਤੋਂ ਬਾਅਦ ਅਸੀਂ ਇਸ ਤਰ੍ਹਾਂ ਦਾ ਸਮਾਜ ਅਸੀਂ ਆਪਣੇ ਦੇਸ਼ ਵਿੱਚ ਬਣਾਇਆ ਦੇਖਦੇ ਹਾਂ। ਉਸ ਸੰਬੰਧ ਵਿੱਚ ਬਹੁਤ ਸਾਰੇ ਪੱਤਰਕਾਰਾਂ ਨੇ ਲਿਖਿਆ ਹੈ । ਉਨ੍ਹਾਂ ਦੱਸਿਆ ਹੈ ਕਿ ਔ ਰਤਾਂ ਨਾਲ ਕਿਵੇਂ ਛੇੜਖਾਨੀ ਹੁੰਦੀ ਹੈ ਤੇ ਹਰ ਇੱਕ ਘੰਟੇ ਬਾਅਦ ਇੱਕ ਔਰਤ ਦਹਿਸ਼ਤਗਰਦੀ ਵਿੱਚ ਫਸਦੀ ਹੈ। ਇਸ ਵਿੱਚ ਕੋਈ ਵੀ ਸ਼ੱਕ ਨਹੀਂ ਹੈ ਕਿ ਦੇਸ਼ ਦੀ ਅਮਨ ਸਿਸਟਮ ਪ੍ਰਣਾਲੀ ਕਾਫ਼ੀ ਗੰਭੀਰ ਹੈ। ਪ੍ਰੰਤੂ ਇਸਤੋਂ ਇਲਾਵਾ ਜੇਕਰ ਅਸੀਂ ਦੇਸ਼ ਦੀਆਂ ਆਰਥਕ, ਸਮਾਜਕ ਤੇ ਰਾਜਨੀਤਕ, ਪ੍ਰਾਪਤੀਆਂ ਵੱਲ ਧਿਆਨ ਮਾਰਦੇ ਹਾਂ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ, ਕਿ ਰਾਜਨੀਤਕ ਪ੍ਰਣਾਲੀ ਲੋਕਾਂ ਦੇ ਸੁਪਨੇ ਪੂਰੇ ਨਹੀਂ ਕਰ ਸਕੀ। ਜਿਹੜੀ ਪੂਰੇ ਹੋਣ ਦੀ ਲੋਕਾਂ ਨੂੰ ਆਸ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸਨੇ ਕੁੱਝ ਸਮੇਂ ਤੱਕ ਸਹੀ ਕੰਮ ਕੀਤਾ, ਪਿੰਡਾਂ ਤੇ ਸ਼ਹਿਰਾਂ ਵਿੱਚ ਨਵੇਂ ਸਕੂਲ, ਹਸਪਤਾਲ, ਸਿੱਖਿਆ ਤੇ ਸਿਹਤ ਸੇਵਾਵਾਂ ਸਹੂਲਤਾਂ ਪ੍ਰਦਾਨ ਕੀਤੀਆ। ਮੁੱਢਲੇ ਦਹਾਕੇ ਵਿੱਚ ਰਾਜਨੀਤਕ ਸਿਸਟਮ ਵੀ ਮਾੜ੍ਹਾ ਨਹੀਂ ਸੀ। ਜਿੰਨ੍ਹਾਂ ਅੱਜ ਹੋ ਗਿਆ ਹੈ। ਅੱਜ ਦਾ ਸਿਸਟਮ ਹਿੱਲ ਕੇ ਰਹਿ ਗਿਆ ਹੈ। ਚਾਹੇ ਸਕੂਲ ਦਾ ਹੋਵੇ, ਸਮਾਜ ਦਾ ਹੋਵੇ ਜਾਂ ਕਾਲਜ ਦਾ ਹੋਵੇ। ਪੁਲਿਸ ਦੀ ਦਹਿਸ਼ਤ ਗਰਦੀ ਵੱਧ ਰਹੀ ਹੈ। ਅਸੀਂ ਆਏ ਦਿਨ ਦਹਾੜੇ ਬੇਕਸੂਰ ਲੋਕਾਂ ਨਾਲ ਹੁੰਦੇ ਅੱਤਿਆਚਾਰ ਨੂੰ ਦੇਖਦੇ ਹਾਂ। ਜਿਸ ਕਾਰਨ ਕਿ ਗਰੀਬ ਵਰਗ ਤਾਂ ਉਸ ਵਿੱਚ ਪਿਸ ਕੇ ਰਹਿ ਗਿਆ ਹੈ। ਅਸੀਂ ਪੁਲਿਸ ਦੀ ਇਸ ਦਹਿਸ਼ਤ ਗਰਦੀ ਨੂੰ ਬਲਜਿੰਦਰ ਨਸਰਾਲੀ ਦੇ ਨਾਵਲ ਵੀਹਵੀਂ ਸਦੀ ਦੀ ਆਖਰੀ ਕਥਾ ਵਿੱਚ ਵੀ ਦੇਖ ਸਕਦੇ ਹਾਂ, ਉਸਨੇ ਪੁਲਿਸ ਸਿਸਟਮ ਪ੍ਰਣਾਲੀ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਪੁਲਿਸ ਭੋਲੇ-ਭਾਲੇ ਲੋਕਾਂ ਤੇ ਅੱਤਿਆਚਾਰ ਕਰਦੀ ਹੈ, ਤੇ ਉਨ੍ਹਾਂ ਦੇ ਘਰ੍ਹਾਂ ਵਿੱਚ ਬਿੰਨ੍ਹਾਂ ਕਿਸੇ ਵਜਾਂ ਕਰਕੇ ਦਖ਼ਲ ਅੰਦਾਜ਼ੀ ਕਰਦੀ ਹੈ ਅਤੇ ਉਨ੍ਹਾਂ ਨੂੰ ਬਿੰਨ੍ਹਾਂ ਕਿਸੇ ਵਜਾਂ ਦੇ ਹੀ ਚੌਕੀਆਂ ਵਿੱਚ ਲਿਜਾਂ ਕੇ ਮਾਰਪੀਟ ਕਰਦੀ ਹੈ, ਤੇ ਉਨ੍ਹਾਂ ਦੇ ਘਰਾਂ ਦੀਆਂ ਔਰਤਾਂ ਨਾਲ ਬਦਸਲੂਕੀ ਭਰਿਆ ਵਿਵਹਾਰ ਕਰਦੇ ਹਨ, ਜਿਸ ਕਾਰਨ ਕਿ ਲੋਕ ਪ੍ਰੇਸ਼ਾਨ ਹੁੰਦੇ ਹਨ ਤੇ ਆਪਣੇ ਘਰਾਂ ਤੋਂ ਦੂਰ ਰਹਿੰਦੇ ਹਨ ਤੇ ਹਰ ਸਮੇਂ ਉਨ੍ਹਾਂ ਦੇ ਸਿਰ ਤੇ ਖ਼ਤਰਾਂ ਮੰਢਰਾਉਂਦਾ ਨਜ਼ਰ ਆਉਂਦਾ ਹੈ। ਬਲਜਿੰਦਰ ਨਸਰਾਲੀ ਦੇ ਨਾਵਲ ਵਿੱਚ ਪੁਲਿਸ ਤੇ ਨਿਆਪਾਲਿਕਾ ਜੋ ਬੰਦੇ ਦਾ ਲਹੂ ਚੰਗੀ ਤਰ੍ਹਾਂ ਚੂਸ ਰਹੇ ਹਨ, ਉਸ ਸਮੇਂ ਦਹਿਸ਼ਤ ਤੇ ਵਹਿਸ਼ਤ ਸਹਿ ਰਹੇ ਲੋਕਾਂ ਦਾ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਬਲਜਿੰਦਰ ਨਸਰਾਲੀ ਨੇ ਨਾਵਲ ਵਿੱਚ ਦਿਖਾਇਆ ਹੈ ਕਿ ਸਿਸਟਮ ਪ੍ਰਣਾਲੀ ਉਸ ਸਮੇਂ ਰਾਜਸੀ ਸੱਤਾ ਤੇ ਪੰਜਾਬ ਵਿੱਚ ਸੰਕਟ ਦੀ ਹਾਲਤ ਨੂੰ ਬਿੰਨ੍ਹਾਂ ਸਮਝੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਕਾਨੂੰਨ ਤੇ ਸ਼ਾਤੀ ਦੋਵਾਂ ਨੂੰ ਹੀ ਭੰਗ ਕੀਤਾ ਹੈ। ਜਿਸ ਵਿੱਚੋਂ ਨਿਕਲਣਾ ਬਹੁਤ ਮੁਸ਼ਕਿਲ ਜਾਂਪਦਾ ਹੈ। ਨਾਵਲ ਵਿੱਚ ਪੁਲਿਸ ਵੱਲੋਂ ਕੀਤੇ ਅੱਤਿਆਚਾਰ ਨੂੰ ਅਸੀਂ ਹੇਠ ਲਿਖੀਆਂ ਸਤਰਾਂ ਵਿੱਚ ਦੇਖ ਸਕਦੇ ਹਾਂ ਜਿਸ ਵਿੱਚ ਲੋਕਾਂ ਦੇ ਮਨ੍ਹਾਂ ਵਿੱਚ ਪੁਲਿਸ ਪ੍ਰਤੀ ਖੌਫ਼ ਨਜ਼ਰ ਆਉਂਦਾ ਹੈ:-

" ਮੈੱਸ ਵੱਲ ਜਾਣ ਤੋਂ ਪਹਿਲਾਂ ਉਹ ਅੱਠ ਚਾਲੀ ਵਾਲੀਆ ਖ਼ਬਰਾਂ ਸੁਣਨ ਲਈ ਕਾਮਨ ਰੂਮ ਵਿੱਚ ਆ ਖੜੇ। ਲੁਧਿਆਣੇ ਨੇੜੇ ਇੱਕੋ ਪਿੰਡ ਵਿੱਚ ਇੱਕ ਪੁਲਿਸ ਵਾਲੇ ਦੇ ਪਰਿਵਾਰ ਦੇ ਛੇ ਮੈਬਰਾਂ ਅਤੇ ਇੱਕ ਕਮਿਉਨਿਸਟ ਆਗੂ ਨੂੰ ਖਾੜਕੂਆਂ ਵੱਲੋਂ ਮਾਰਨ ਦੀ ਖ਼ਬਰ ਸੀ। ਇਹ ਸੁਣ ਕਿ ਉਹ ਚੁੱਪ- ਚਾਪ ਬਾਹਰ ਆ ਗਏ। ਮੈੱਸ ਵੱਲ੍ਹ ਜਾਂਦਿਆ ਵੀ ਉਹ ਚੁੱਪ ਰਹੇ। ਸਾਹਮਣੇ ਬੈਂਚ ਤੇ ਥਾਵਾਂ ਖਾਂਦੇ ਚਾਰ ਅਫ਼ਰੀਕੀ ਗੱਲਾਂ ਕਰਦੇ ਹੱਸੀ ਜਾਂ ਰਹੇ ਸਨ। ਮੈੱਸ ਦੀ ਸਟੀਰੀਉ ਤੇ ਮੈਡੋਨਾ ਗਾ ਰਹੀ ਸੀ, ਲੈਟ ਮੀ ਗੋ-ਗੋ ਬੈਕ ਟੂ ਲੰਡਨ।"[1]

ਇੰਨ੍ਹਾਂ ਸਤਰਾਂ ਵਿੱਚੋਂ ਸਾਨੂੰ ਪਤਾ ਚੱਲਦਾ ਹੈ ਕਿ ਪੰਜਾਬ ਤੇ ਜੋ ਸੰਕਟ ਆਇਆ ਸੀ, ਉਹ ਤਾਂ ਆਇਆ ਹੀ ਹੈ। ਇਸਤੋਂ ਇਲਾਵਾ ਜੋ ਬਾਹਰੋ ਲੋਕ ਆ ਕਿ ਪੰਜਾਬ ਵਿੱਚ ਰਹਿ ਰਹੇ ਸਨ ਉਹ ਵੀ ਦਹਿਸ਼ਤਗਰਦੀ ਨੂੰ ਦੁਖ ਕਿ ਵਾਪਸ ਜਾਣ ਦੀ ਤਿਆਰੀ ਕਰਦੇ ਨਜ਼ਰ ਆਉਂਦੇ ਹਨ। ਉਸ ਸਮੇਂ ਦਹਿਸ਼ਤ ਇੰਨ੍ਹੀ ਜ਼ਿਆਦਾ ਵੱਧ ਗਈ ਸੀ ਕਿ ਲੋਕ ਘਰਾਂ ਵਿੱਚ ਹੀ ਹਥਿਆਰ ਰੱਖਦੇ ਸਨ,ਤਾਂ ਵੀ ਉਸ ਸਮੇਂ ਆਪਣੀ ਰਖਸ਼ਾਂ ਨਹੀਂ ਕਰ ਪਾਉਂਦੇ ਸਨ। ਕਿਉਂਕਿ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹਿੰਦੂ ਬਹੁਤ ਜ਼ਿਆਦਾ ਭੜਕ ਗਏ ਸਨ। ਜਿਸ ਕਾਰਨ ਕਿ ਉਹ ਬਿੰਨ੍ਹਾਂ ਕੁੱਝ ਸੋਚੇ ਸਮਝੇ ਬਿੰਨ੍ਹਾਂ ਹੀ ਹੱਤਾਂ ਵਿੱਚ ਕਿਰਪਾਨਾਂ, ਗੰਡਾਸੇ ਤੇ ਬੰਦੂਕਾਂ ਲੈ ਕੇ ਹੀ ਘੁੰਮਦੇ ਸਨ ਤੇ ਉਹ ਹੁੰਦੇ ਵੀ ਨੇੜੇ ਦੇ ਪਿੰਡਾਂ ਦੇ ਹੀ ਤੇ ਜਿੱਥੇ ਵੀ ਉਨ੍ਹਾਂ ਨੂੰ ਕੋਈ ਦਿਸਦਾ ਉਸ ਉੱਤੇ ਹੀ ਹੱਲਾ ਬੋਲ ਦਿੰਦੇ ਸਨ। ਉਸ ਸਮੇਂ ਇੰਝ ਲੱਗਦਾ ਹੈ ਕਿ ਜਿਵੇਂ ਕਿ ਸਮਾਂ ਇਕਦਮ ਰੁਕ ਗਿਆ ਹੋਵੇ। ਕੁੱਝ ਪਲਾਂ ਲਈ ਉਹ ਪਲ ਇੱਕ ਉਮਰ ਜਿੰਨ੍ਹੇ ਵੱਡੇ ਲੱਗਦੇ ਹਨ। ਸਿਰਾਂ ਤੇ ਲਟਕਦੀਆਂ ਤਲਵਾਰਾਂ ਬਸ ਲਾਲ ਲਕੀਰ ਬਣ ਗਈਆ ਹੀ ਨਜ਼ਰ ਆਉਂਦੀਆਂ ਦਿਖਾਈ ਦਿੰਦੀਆਂ ਹਨ।

ਨਾਵਲ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਉਸ ਸਮੇਂ ਰਿਵਾਲਵਰਾਂ ਵੱਡੇ ਘਰਾਂ ਦੇ ਮੁੰਡਿਆਂ ਜੋ ਕਿ ਆਮ ਕਾਲਜਾਂ ਵਿੱਚ ਪੜ੍ਹਦੇ ਸਨ, ਉਨ੍ਹਾਂ ਕੋਲ ਹੁੰਦੀਆਂ ਹਨ ਤੇ ਉਹ ਲੜਕੇ ਖੁੱਲੀਆਂ ਜ਼ਮੀਨਾਂ ਵਾਲੇ ਪਰਿਵਾਰਾਂ ਵਿੱਚੋਂ ਸਨ ਤੇ ਉਹ ਜੀਪਾਂ ਤੇ ਬੁਲਟ ਮੋਟਰਸਾਇਕਲਾਂ ਤੇ ਘੁੰਮਦੇ ਸਨ ਤੇ ਉਹ ਰਿਵਾਲ ਵਰਾਂ ਤੇ ਲਾਈਸੈਂਸ ਲੈ ਕਿ ਘੁੰਮਦੇ ਹਨ। ਉਹ ਕਾਲਜ ਵਿੱਚ ਐਡਮੀਸ਼ਨ ਸਿਰਫ਼ ਹੋਸਟਲ ਵਿੱਚ ਐਡਮਿਸ਼ਨ ਲੈਣ ਲਈ ਲੈਂਦੇ ਦਿਖਾਈ ਦਿੰਦੇ ਹਨ। ਉਸ ਸਮੇਂ ਦੇ ਹਾਲਾਤ ਅਜਿਹੇ ਹੋਣ ਕਰਕੇ ਨਵਦੀਪ ਜੋ ਕਿ ਯੂਨੀਵਰਸਿਟੀ ਵਿੱਚ ਪੜ੍ਹਦਾ ਹੈ, ਉਹ ਪੁਲਿਸ ਦੇ ਅਜਿਹੇ ਵਿਸ਼ਿਆਂ ਪ੍ਰਤੀ ਲਿਖਦਾ ਵੀ ਨਜ਼ਰ ਆਉਂਦਾ ਹੈ। ਜਿਸ ਵਿੱਚ ਉਹ ਪੁਲਿਸ ਦੇ ਤਸੱਦਦ ਦੀ ਗੱਲ ਕਰਦਾ ਨਜ਼ਰ ਆਉਂਦਾ ਹੈ ਪ੍ਰੰਤੂ ਉਸਦੇ ਅਧਿਆਪਕ ਜਾਂ ਪ੍ਰੋਫੈਸਰ ਉਸ ਨੂੰ ਇਸ ਵਿਸ਼ੇ ਤੇ ਨਾ ਲਿਖੇ , ਤਾਂ ਕਰਕੇ ਘੁੰਮਾਉਦੇ ਹੋਏ ਨਜ਼ਰ ਆਉਂਦੇ ਹਨ ਜਿਸ ਨੂੰ ਕਿ ਅਸੀਂ ਦੇਖ ਸਕਦੇ ਹਾਂ:-

"ਨਵਦੀਪ ਤੈਨੂੰ ਵਿਚਾਰਧਾਰਕ ਤੌਰ ਤੇ ਪਰਿਪੱਕ ਹੋਣ ਲਈ ਅਜੇ ਹੋਰ ਅਧਿਐਨ ਦੀ

ਜ਼ਰੂਰਤ ਐ। ਮੈਂ ਤੇਰੀ ਕਹਾਣੀ 'ਵਿਦਰੋਹ ਤੋਂ ਪਹਿਲਾਂ' ਪੜ੍ਹੀ ਸੀ। ਉਸ ਵਿੱਚ ਤੂੰ ਪੰਜਾਬ ਵਿੱਚ ਪੁਲਿਸ ਦੇ ਤਸ਼ੱਦਦ ਦੀ ਗੱਲ ਕਰਦਾ-ਕਰਦਾ ਖਾਲਿਸਤਾਨੀਆਂ ਦੇ ਹੱਕ ਵਿੱਚ ਭੁਗਤ ਗਿਐ। ਪੁਲਿਸ ਜਿਸ ਤਰ੍ਹਾਂ ਦੇ ਹਾਲਾਤ ਵਿੱਚ ਲੜ ਰਹੀ ਐ ਉਸ ਹਾਲਾਤ ਵਿੱਚ ਪੁਲਿਸ ਤੋਂ ਕੁੱਝ ਵਧੀਕੀਆਂ ਵੀ ਹੋਣਗੀਆਂ ਹੀ ਸੀ? "ਡਾਂ ਗਾਂਧੀ ਇੱਕ ਪੇਪਰ ਵੇਟ ਨੂੰ ਘੁਮਾਈ ਜਾਂ ਰਹੇ ਸਨ।"[2]"

ਇਸਤੋਂ ਸਾਨੂੰ ਪਤਾ ਚੱਲਦਾ ਹੈ ਕਿ ਉਸ ਸਮੇਂ ਰਾਜਨੀਤੀ ਸੱਤਾ ਵੱਲੋਂ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਕਰਕੇ ਯਥਾਰਥ ਨੂੰ ਸਾਹਮਣੇ ਲਿਆਉਣ ਤੋਂ ਰੋਕਿਆ ਜਾਂ ਰਿਹਾ ਹੈ, ਤੇ ਉਸ ਪ੍ਰਤੀ ਕੁੱਝ ਲਿਖਣ ਵੀ ਨਹੀਂ ਦਿੱਤਾ ਜਾਂ ਰਿਹਾ। ਨਾਵਲ ਵਿੱਚ ਨਵਦੀਪ ਨਾ ਦਾ ਪਾਤਰ ਜੋ ਕਿ ਪੁਲਿਸ ਦੇ ਚੁੰਗਲ ਤੋਂ ਬਚਦਾ ਹੋਇਆ ਨਜ਼ਰ ਆਉਂਦਾ ਹੈ । ਕਿਉਂਕਿ ਨਵਦੀਪ ਪੁਲਿਸ ਦੀ ਦਹਿਸ਼ਤਗਰਦੀ ਪ੍ਰਤੀ ਲਿਖਦਾ ਹੋਇਆ ਸਾਨੂੰ ਨਜ਼ਰ ਆ ਰਿਹਾ ਹੈ। ਜਿਸ ਕਾਰਨ ਕਿ ਪੁਲਿਸ ਉਸ ਨੂੰ ਲੱਭਦੀ ਹੈ ਤੇ ਨਵਦੀਪ ਦੇ ਪੁਲਿਸ ਨੂੰ ਦੇਖਦੇ ਸਾਹ ਸੁਕਦੇ ਹੋਏ ਤੇ ਉਨ੍ਹਾਂ ਦੇ ਖੌਫ਼ਨਾਕ ਕੰਮ ਕੀਤੇ ਦੇਖ ਕੇ ਉਹ ਪੁਲਿਸ ਤੋਂ ਘਬਰਾਉਂਦਾ ਹੈ ਤੇ ਲੁਕਦਾ ਹੋਇਆ ਨਜ਼ਰ ਆਉਂਦਾ ਹੈ:-

"ਪੰਜਾਂਬੀ ਡਿਪਾਰਟਮੈਂਟ ਵੱਲੋਂ ਨਜ਼ਰ ਮਾਰੀ ਤਾਂ ਡਿਪਾਰਟਮੈਂਟ ਦੇ ਬਾਹਰ ਪੁਲਿ ਦੀ ਜਿਪਸੀ ਤੇ ਦੋ- ਤਿੰਨ ਪੁਲਸੀਏ ਦੇਖਕੇ ਉਸਦੇ ਸਾਹ ਸੁੱਕ ਗਏ। ਉਸ ਨੂੰ ਇਕਦਮ ਯਕੀਨ ਹੋ ਗਿਆ ਕਿ ਪੁਲਿਸ ਜ਼ਰੂਰ ਪਿੰਡੋਂ ਆਈ ਹੋਊ। ਪਿੰਡ ਕੁੱਝ ਵੀ ਵਾਪਰ ਗਿਆ ਹੋ ਸਕਦੈ। ਕੀ ਵਾਪਰ ਸਕਦੈ? ਦ੍ਰਿਸ਼ਾਂ ਦੀ ਕਾਲਪਨਿਕ ਸਿਰਜਣਾ ਕਰਨ ਵਿੱਚ ਉਸ ਨੂੰ ਭੋਗ ਵੀ ਦਿੱਕਤ ਨਹੀਂ ਆਈ। ਅਜਿਹੇ ਦ੍ਰਿਸ਼ਾਂ ਨੂੰ ਤਾਂ ਉਹ ਸੈਕੜੇ ਵਾਰੀ ਸਿਰਜ ਚੁੱਕਾ ਸੀ। ਘਰ ਨੂੰ ਪੁਲਿਸ ਦਾ ਘੇਰਾ, ਘਰ ਵੱਲ ਅੱਗ ਵਰਸਾਉਂਦੀਆਂ ਗੋਲੀਆਂ ਕੀਲਿਆਂ ਤੇ ਸੰਗਲ ਤੜਾਉਂਦੀਆਂ ਮੱਝਾਂ। ਘਰ ਵਿੱਚੋਂ ਹੌਲੀ- ਹੌਲੀ ਉੱਪਰ ਉੱਠਦਾ ਪੁਲਿਸ ਧੂੰਆਂ। ਕਦੇ ਬੀਬੀ-ਬਾਪੂ ਦੀਆਂ ਲਾਸਾਂ ਦਿਖਾਈ ਦਿੰਦੀਆਂ ਕਦੇ ਉਨ੍ਹਾਂ ਨੂੰ ਪੁਲਿਸ ਘੜੀਸੀ ਜਾਂਦੀ ਦਿਖਾਈ ਦਿੰਦੀ। ਗੋਗੀ ਉਣੀ ਹਮੇਸ਼ਾ ਲਾਸ਼ਾ ਦੇ ਰੂਪ ਵਿੱਚ ਦਿਸਦੇ।"[3]

ਨਾਵਲ ਵਿੱਚ ਪੁਲਿਸ ਤੋਂ ਡਰ ਕੇ ਰਹਿਣਾ ਤਾਂ ਪੁਲਿਸ ਦਾ ਲੋਕਾਂ ਪ੍ਰਤੀ ਅਜਿਹਾ ਵਿਵਹਾਰ ਤਾਂ ਉਨ੍ਹਾਂ ਦਾ ਲੋਕਾ ਪ੍ਰਤੀ ਇਹ ਧਮਾਕੇ ਕਰਨੇ ਇਸ ਪਿੱਛੇ ਸਭ ਤੋਂ ਵੱਡਾ ਕਾਰਨ ਅੱਤਵਾਦ ਸੀ। ਕਿਉਂਕਿ ਪੁਲਿਸ ਨੂੰ ਲੱਗਦਾ ਸੀ ਲਿ ਪਿੱਛੋਂ ਵਾਲੇ ਅੱਤਵਾਦੀਆਂ ਨੂੰ ਆਪਣੇ ਘਰ ਵਿੱਚ ਥਾਂ ਦੇ ਰਹੇ ਹਨ। ਜਿਸ ਕਾਰਨ ਕਿ ਉਹ ਇੱਕ ਦੂਜੇ ਉੱਪਰ ਸ਼ੱਕ ਕਰ ਰਹੇ ਹਨ ਤੇ ਜਿਸ ਕਾਰਨ ਕਿ ਉਨ੍ਹਾਂ ਨੇ ਸਾਰਿਆਂ ਦਾ ਜੀਣਾ ਔਖਾਂ ਕੀਤਾ ਹੋਇਆਂ ਸੀ ਤੇ ਵਾਰ-ਵਾਰ ਲੋਕਾਂ ਤੇ ਗੋਲੀਆਂ ਦੀ ਬੁਛਾਰ ਕਰੀ ਜਾਂ ਰਹੇ ਸਨ। ਅੱਤਵਾਦ ਇੰਨ੍ਹਾਂ ਵੱਧ

ਗਿਆ ਸੀ ਕਿ ਪੁਲਿਸ ਸਿਸਟਮ ਪ੍ਰਣਾਲੀ ਨੂੰ ਸਮਝ ਨਹੀਂ ਆਂ ਰਹੀ ਸੀ, ਕਿ ਉਹ ਕੀ ਕਰੇ ਜਿਸ ਕਾਰਨ ਉਹ ਹਰ ਬਾਹਰੋਂ ਆਏ ਬੰਦੇ ਨੂੰ ਅੱਤਵਾਦੀਆਂ ਜਾਂ ਕਿਸੇ ਮਾੜੇ ਮੋਟੇ ਕੰਮ ਕਰਨ ਵਾਲੇ ਨੂੰ ਵੀ ਅੱਤਵਾਦੀਆਂ ਸਮਝਦੇ ਸਨ, ਤੇ ਬਿੰਨ੍ਹਾਂ ਸੋਚੇ ਸਮਝੇ ਸਿੱਧਾ ਹੀ ਉਸ ਨੂੰ ਗੋਲੀ ਨਾਲ ਉਡਾ ਦਿੰਦੇ ਸਨ । ਜਿਸ ਕਾਰਨ ਕਿ ਇਸਦਾ ਡਰ ਸਾਨੂੰ ਨਾਵਲ ਵਿੱਚ ਆਮ ਲੋਕਾਂ ਦੇ ਚਹਰਿਆਂ ਤੇ ਨਜ਼ਰ ਅਾਉਂਦਾ ਦਿਖਾਈ ਦਿੰਦਾ ਹੈ। ਤੇ ਇਸਨੂੰ ਅਸੀਂ ਨਾਵਲ ਵਿੱਚ ਵੀ ਦੇਖ ਸਕਦੇ ਹਾਂ:-

> " ਅਸੀਂ ...... ਮੇਰਾ ਨਾਉ ਨੱਥਾ ਸਿਉਂ ਐ। ਇਸੇ ਪਿੰਡ ਦੇ ਆ ਜੀ, " ਬੁੱਢੇ ਨੇ ਥੋੜ੍ਹਾ ਘਬਰਾਉਂਦਿਆਂ ਪਰ ਠਰੰਮੇ ਨੂੰ ਬਰਕਰਾਰ ਰੱਖਣ ਦਾ ਯਤਨ ਕਰਦਿਆ ਕਿਹਾ। ਬੁੱਢੇ ਨੇ ਏਨੇ ਉਤਰਾਅ-ਚੜਾਅ ਦੇਖੇ ਜਾਂਪਦੇ ਸਨ ਕਿ ਉਹ ਅਜਿਹੀਆ ਸਥਿਤੀਆਂ ਵਿੱਚ ਸੰਭਲਣ ਦਾ ਆਦੀ ਜਾਂਪਦਾ ਸੀ।[4]

ਪੰਜਾਬ ਵਿੱਚ ਦਹਿਸ਼ਤ ਤੇ ਵਹਿਸ਼ਤ ਵੱਧ ਤਾਂ ਗਈ ਸੀ, ਇਸਦੇ ਨਾਲ-ਨਾਲ ਪੁਲਿਸ ਵਾਲਿਆ ਦੀਆਂ ਅੱਖਾਂ ਔਰਤਾਂ ਤੇ ਵੀ ਸਨ। ਬਲਜਿੰਦਰ ਨਸਰਾਲੀ ਨੇ ਸਾਨੂੰ ਪੰਜਾਬ ਦੇ ਸੰਕਟ ਸਮੇਂ ਦੌਰਾਨ ਜੋ ਦਹਿਸ਼ਤ ਤੇ ਵਹਿਸ਼ਤ ਫੈਲੀ ਹੋਈ ਸੀ, ਉਸ ਸਮੇਂ ਪੁਲਿਸ ਵਾਲਿਆ ਦਾ ਆਤੰਕਵਾਦ ਨਾਲ ਰਲ ਕਿ ਔਰਤਾਂ ਨੂੰ ਗਲਤ ਨਜ਼ਰਾਂ ਨਾਲ ਦੇਖਦੇ ਹੋਏ ਵੀ ਦਿਖਾਇਆ ਗਿਆ ਹੈ । ਅਸੀਂ ਨਾਵਲ ਵਿੱਚ ਜਰਨੈਲ ਸਿੰਘ ਤੇ ਭੁੱਲਰ ਜਦੋਂ ਕਰਨਬੀਰ ਦੇ ਘਰ ਤਲਾਸ਼ੀ ਲੈਣ ਆਉਂਦੇ ਹਨ, ਤਾਂ ਸਮੇਂ ਜਰਨੈਲ ਸਿੰਘ ਦੀਆਂ ਅੱਖਾਂ ਕਰਨਬੀਰ ਤੇ ਟਿੱਕੀਆਂ ਹੋਈਆ ਦਿਖਾਈ ਦਿੰਦੀਆਂ ਹਨ। ਅਸੀਂ ਇਸਨੂੰ ਨਾਵਲ ਵਿੱਚ ਹੇਠ ਲਿਖਿਆ ਸਤਰ੍ਹਾਂ ਦੁਆਰਾ ਦੇਖ ਸਕਦੇ ਹਾਂ:-

> "ਜਵਾਬ, ਰੰਨ ਬੜੀ ਕਮਾਲ ਦੀ ਐ, ਜਰਨੈਲ ਸਿੰਘ ਨੇ ਹੌਲੀ ਦੇਣੀ ਭੁੱਰ ਦੇ ਕੰਨਾਂ ਵਿੱਚ ਕਿਹਾ।
>
> "ਕੌਣ?"ਭੁੱਲਰ ਦੀਆਂ ਅੱਖਾਂ ਚਮਕੀਆ, ਜਰਨੈਲ ਅਜਿਹੇ ਸੱਪ ਕੱਢਣ ਦਾ ਆਦੀ ਸੀ।"[5]

ਇਸਤੋਂ ਇਲਾਵਾ ਨਾਵਲ ਵਿੱਚ ਆਤੰਕਵਾਦ ਕਾਰਨ ਫੈਲਿਆ ਡਰ ਲੋਕਾਂ ਦੇ ਚਹਿਰੇ ਤੇ ਦੇਖ ਸਕਦੇ ਹਾ। ਜਿਸ ਕਾਰਨ ਉਨ੍ਹਾਂ ਦਾ ਧਿਆਨ ਹਮੇਸ਼ਾ ਹੀ ਉਸ ਜਗ੍ਹਾਂ ਤੇ ਟਿਕਿਆ ਰਹਿੰਦਾ ਹੈ, ਕਿ ਪਿੰਡ ਵਿੱਚ ਹੁਣ ਵੀ ਸੁੱਖ ਸਾਂਦ ਹੋਵੇ। ਅਸੀਂ ਨਾਵਲ ਵਿੱਚ ਥਾਂ-ਥਾਂ ਤੇ ਅਜਿਹੀ ਸਥਿਤੀ ਦੇਖ ਸਕਦੇ ਹਾਂ , ਜਿੱਥੇ ਕਦੀ ਨਵਦੀਪ ਘਬਰਾਇਆ ਹੋਇਆ ਦਿਖਾਈ ਦਿੰਦਾ ਹੈ, ਤੇ ਕਿਤੇ ਕਰਨਬੀਰ ਤੇ ਉਸਦੀ ਮਾਂ, ਜਿੰਨ੍ਹਾਂ ਨੂੰ ਹਮੇਸ਼ਾ ਪੁਲਿਸ ਦਾ ਹੀ ਡਰ ਰਹਿੰਦਾ ਹੈ ਤੇ ਜਿਸ ਕਾਰਨ ਉਹ ਹਮੇਸ਼ਾ ਕੁੱਝ ਨਾ ਕੁੱਝ ਲੁਕਾਉਣ ਤੇ ਹੀ ਰਹਿੰਦੇ ਹਨ, ਇੱਥੋਂ ਤੱਕ ਕਿ ਉਹ ਮੈਗਜ਼ੀਨ ਵੀ ਲੁਕਾਉਦੇ ਹਨ, ਤਾਂ ਕਿ ਪੁਲਿਸ ਵਾਲੇ ਉਨ੍ਹਾਂ ਨੂੰ ਕਾਮਰੇਡ ਨਾ ਸਮਝ ਲੈਣ। ਇੱਥੇ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਪੁਲਿਸ ਜੋ ਕਿ ਆਤੰਕਵਾਦ ਦਾ ਸਾਥ ਦੇ ਰਹੀ ਹੈ, ਤੇ ਉਨ੍ਹਾਂ ਦੇ ਇਸ਼ਾਰੇ ਤੇ ਹੀ ਨੱਚਦੀ ਹੋਈ ਦਿਖਾਈ ਦਿੰਦੀ ਹੈ। ਜਿਸ

ਕਾਰਨ ਉਹ ਕਿਤੇ ਵੀ ਜਾਂ ਕਿ ਹਮਲਾ ਬੋਲ ਦਿੰਦੇ ਹਨ, ਤੇ ਇਹ ਹੀ ਕਾਰਨ ਕਿ ਲੋਕ ਬਹੁਤ ਡਰੇ ਹੋਏ ਦਿਖਾਈ ਦਿੰਦੇ ਹਨ , ਜੇਕਰ ਆਪਣੇ ਉਹ ਪਿੰਡਾਂ ਦਾ ਕੋਈ ਵੀ ਬੰਦਾ ਆਉਂਦੇ ਦੇਖਦੇ ਹਨ , ਤਾਂ ਉਹ ਇਕਦਮ ਸਹਿਮ ਜਾਂਦੇ ਹਨ , ਅਜਿਹੀ ਹੀ ਸਥਿਤੀ ਅਸੀਂ ਨਾਵਲ ਵਿੱਚ ਪੇਸ਼ ਤੇਜੇ ਪ੍ਰਤੀ ਨਵਦੀਪ ਦੀ ਦੇਖ ਸਕਦੇ ਹਾਂ:-

"ਜਦੋਂ ਉਹ ਹੋਸਟਲ ਦੇ ਮੇਨ ਗੇਟ ਤੋਂ ਬਾਹਰ ਨਿਕਲਿਆ ਤਾਂ ਸਾਹਮਣੇ ਪਿੰਡ ਵਾਲਾ ਤੇਜਾਂ ਬੈਠਾ ਸੀ। ਬੈਠਾ- ਬੈਠਾ ਉਹ ਮੁੰਡਿਆਂ ਦੀ ਇੱਕ ਟੋਲੀ ਵੱਲ ਦੇਖੀ ਜਾਂਦਾ ਸੀ। ਨਵਦੀਪ ਦਾ ਦਿਲ ਬੈਠ ਗਿਆ। ਲੱਤਾਂ ਵਿਚ ਜਿਵੇਂ ਤੁਰਨ ਦੀ ਸੱਤਿਆ ਹੀ ਖਤਮ ਹੋ ਗਈ ਧਿਆਨ ਇਕਦਮ ਪਿੰਡ ਵੱਲ ਨੂੰ ਚਲਾ ਗਿਆ। ਪਿੰਡ ਜ਼ਰੂਰ ਪੁਲਿਸ ਦਾ ਛਾਪਾ ਪਿਆ ਹੋਊ। ਤੇਜਾਂ ਜ਼ਰੂਰ ਦੱਸਣ ਆਇਆ ਹੋਊ। ਨਵਦੀਪ ਦਾ ਮੂੰਹ ਉੱਡ ਗਿਆ। ਉਹ ਤੇਜੇ ਵੱਲ ਸਿੱਧਾ-ਸਿੱਧਾ ਝਾਕਦਾ ਉਸ ਵੱਲ ਵੱਧਦਾ ਗਿਆ। ਉਸ ਨੂੰ ਲੱਗਿਆ ਜਿਵੇਂ ਉਹ ਉੱਚੀ-ਉੱਚੀ ਰੋ ਪਵੇਗਾ। ਇੱਕ ਚੀਕ ਜਿਹੀ ਵਰਗਾ ਅੰਦਰੋਂ ਉਠਿਆ ਵੀ ਪਰ ਮੂੰਹ ਤੇ ਆ ਕਿ ਰੁਕ ਗਿਆ ਸੀ।"[6]

ਇਸਤੋਂ ਇਲਾਵਾ ਨਾਵਲ ਵਿੱਚ ਅਸੀਂ ਪੁਲਿਸ ਤੇ ਖਾਲਿਸਤਾਨ ਕਾਰਨ ਪੰਜਾਬ ਵਿੱਚ ਨਸ਼ੇ ਦੀ ਸਥਿਤੀ ਵੀ ਬਹੁਤ ਵੱਧ ਗਈ ਸੀ। ਜਿਸ ਕਾਰਨ ਇੰਨ੍ਹਾਂ ਨਸ਼ਿਆ ਦੇ ਪਿੱਛੇ ਜੋ ਹੱਥ ਸੀ, ਉਹ ਵੀ ਕਾਗਰਸ ਪਾਰਟੀ ਦਾ ਸੀ। ਐਮ. ਐਲ. ਦੇ ਠੇਕੇਦਾਰ ਰਹਿ ਚੁੱਕੇ ਮੁੰਡੇ ਨੇ ਹੀ ਠੇਕਾ ਖੋਲਿਆ ਦਿਖਾਈ ਦਿੰਦਾ ਹੈ। ਜਿਸ ਕਾਰਨ ਕਿ ਪਾਰਟੀਆਂ ਤੇ ਪੁਲਿਸ ਵਾਲੇ ਹੀ ਨਸ਼ਿਆਂ ਨੂੰ ਬੜ੍ਹਾਵਾ ਦਿੰਦੇ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ ਅਸੀਂ ਇਸਦੀ ਨਾਵਲ ਵਿੱਚ ਉਦਾਹਰਨ ਵੀ ਦੇਖ ਸਕਦੇ ਹਾਂ:-

"ਪਰ ਪਾਇਲ ਦੇ ਕਾਂਗਰਸੀ ਐਮ.ਐਲ.ਏ. ਰਹਿ ਚੁੱਕੇ ਠੇਕੇਦਾਰ ਦੇ ਮੁੰਡੇ ਨੇ ਠੇਕਾ ਮੁੜ ਖੋਲ੍ਹ ਦਿੱਤਾ। ਹੁਣ ਮਾਲਕਾਂ ਦੀ ਜੀਪ, ਹਥਿਆਰਬੰਦ ਸਿਪਾਹੀਆ ਸਮੇਤ, ਰੋਜ਼ ਦੀ ਰੋਜ਼ ਸ਼ਰਾਬ ਦੀਆਂ ਪੇਟੀਆ ਲੈ ਕਿ ਆਉਂਦੀ। ਕਰਿੰਦਾ ਦਸ ਵਜੇ ਤੋਂ ਲੈ ਕੇ ਹਨੇਰਾ ਹੋਣ ਤੱਕ ਠੇਕੇ ਰਹਿੰਦਾ। ਇੱਕ ਸਿਪਾਹੀ ਆਪਣੇ ਅੰਤਮ ਦਿਨ ਗਿਣਦਾ ਹੋਇਆ ਪਹਿਰੇ ਤੇ ਹੁੰਦਾ। ਮੂੰਹ ਹਨੇਰਾ ਹੁੰਦੀ ਸਾਰ ਹੀ ਜੀਪ ਆਉਂਦੀ ਤੇ ਕਰਿੰਦੇ ਸਮੇਤ ਬਚੀਆ ਬੋਤਲਾਂ ਚੁੱਕ ਕੇ ਲੈ ਜਾਂਦੀ। ਠੇਕੇ ਦਾ ਖੋਖਾ ਖਾਲੀ ਹੋ ਜਾਂਦਾ।"[7]

ਇਸਤੋਂ ਇਲਾਵਾ ਨਾਵਲ ਵਿੱਚ ਅਸੀਂ ਪੇਸ਼ ਕੀਤਾ ਦੇਖ ਸਕਦੇ ਹਾਂ ਕਿ ਕਿਵੇਂ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਵੀ ਦਿਖਾਇਆ ਗਿਆ ਹੈ। ਪੁਲਿਸ ਵਾਲੇ ਕਿਵੇਂ ਆਤੰਕਵਾਦ ਨਾਲ ਰਲ ਕੇ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਤੇ ਹੀ ਹੋਏ ਸਨ ਤੇ ਉਹ ਕਿਸੇ ਨਾ ਕਿਸੇ ਬਹਾਨੇ

ਜਿਵੇਂ ਕਦੀ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਤੰਗ ਕਰਨਾ ਜਾਂ ਫਿਰ ਉਨ੍ਹਾਂ ਦੇ ਘਰਾਂ ਵਿੱਚ ਛਾਪੇ ਮਾਰਨੇ ਜੇਕਰ ਕੋਈ ਬਾਹਰ ਇੱਕਲਾ ਖੇਤਾਂ ਵਿੱਚ ਕੰਮ ਕਰਨ ਜਾਂਦਾ ਹੈ ਤਾਂ ਵੀ ਪੁਲਿਸ ਵਾਲੇ ਉਨ੍ਹਾਂ ਤੇ ਲਾਠੀਚਾਰਜ ਕਰ ਦਿੰਦੇ ਹਨ ਤੇ ਉਨ੍ਹਾਂ ਨੂੰ ਚੈਨ ਨਾਲ ਕੰਮ ਵੀ ਕਰਨ ਨਹੀਂ ਦਿੰਦੇ। ਤੇ ਜਿਸ ਕਾਰਨ ਇਨ੍ਹਾਂ ਦੇ ਦਿਲ ਵਿੱਚ ਇੱਕ ਡਰ ਫੈਲਿਆ ਹੋਇਆ ਹੈ , ਜਿਸ ਕਾਰਨ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕੀ ਕਰਨ। ਨਾਵਲ ਵਿੱਚ ਨਾਵਲਕਾਰ ਨੇ ਅਜਿਹੀ ਹੀ ਸਥਿਤੀ ਨੂੰ ਸਾਡੇ ਸਨਮੁੱਖ ਕਰਨ ਦਾ ਯਤਨ ਕੀਤਾ ਹੈ। ਜਿਸ ਨੂੰ ਕਿ ਅਸੀਂ ਦੇਖ ਸਕਦੇ ਹਾ, ਜਿਸ ਵਿੱਚ ਬਲਜਿੰਦਰ ਨਸਰਾਲੀ ਨੇ ਦੱਸਿਆ ਹੈ ਕਿ ਕਿਵੇਂ ਭੁੱਲਰ ਨਾ ਦਾ ਬੰਦਾ ਲੋਕਾਂ ਕੋਲੋਂ ਰਿਸ਼ਵਤ ਦੇ ਤੌਰ ਤੇ ਪੈਸੇ ਲਈ ਜਾਂਦਾ ਹੈ:-

> "ਬੱਸ ਅੱਡੇ ਤੇ ਮਿਲਟਰੀ ਦਾ ਇੱਕ ਸਿੱਖ ਅਫ਼ਸਰ, ਪੰਜਾਬ ਪੁਲਿਸ ਦਾ ਇੱਕ ਸਿਪਾਹੀ, ਪਿੰਡ ਦਾ ਸਰਪੰਚ ਅਤੇ ਦਸ ਬਾਰਾ ਫੌਜੀ ਖੜ੍ਹੇ ਸਨ। ਉਨ੍ਹਾਂ ਨੇ ਪਿੰਡ ਦੇ ਜੱਟਾਂ ਵਾਲੇ ਪਾਸਿਉ ਇੱਕ ਸਾਈਕ ਆਉਂਦਾ ਵੇਖਿਆ। ਸਾਇਕਲ ਨੂੰ ਇੱਕ ਔਰਤ ਚਲਾ ਰਹੀ ਸੀ ਤੇ ਪਿੱਛੇ ਇੱਕ ਮਰਦ ਬੈਠਾ ਦਿਸ ਰਿਹਾ ਸੀ। ਉਨ੍ਹਾਂ ਤੋਂ ਬਿਨ੍ਹਾਂ ਸੜਕ ਤੇ ਹੋਰ ਕੋਈ ਨਹੀਂ ਸੀ। ਪੰਜਾਬ ਪੁਲਿਸ ਦੇ ਸਿਪਾਹੀ ਘਰਾਂ ਦੀ ਤਲਾਸ਼ੀ ਸ਼ੁਰੂ ਕਰ ਚੁੱਕੇ ਸਨ। ਉਨ੍ਹਾਂ ਨੂੰ ਨੇੜੇ ਆਉਂਦਿਆ ਵੇਖ ਕੇ ਪੰਜਾਬ ਪੁਲਿਸ ਦਾ ਸਿਪਾਹੀ ਚੁਸਤ ਹੋ ਕਿ ਖੜ੍ਹ ਗਿਆ। ਪਰ ਅਗਲੇ ਹੀ ਪਲ ਉਸਦੀਆਂ ਸੋਚਾਂ ਨੇ ਪਲਟਾ ਖਾਂਧਾ, 'ਜੇ ਮਿਲਟਰੀ ਅਫ਼ਸਰ ਇੰਨ੍ਹਾਂ ਨੂੰ ਲੰਘ ਜਾਣ ਦਿੰਦਾ ਤਾਂ ਆਪਾਂ ਨੂੰ ਕੀ ਲੋੜ ਐ। ਕੋਲ ਪਿੰਡ ਦਾ ਬੰਦਾ ਖੜੈ............ਭੁੱਲਰ ਭੈਣ ਦਾ ਯਾਰ ਪੈਸੇ ਤਾਂ ਸਾਰੇ ਆਪ ਡਕਾਰ ਜਾਂਦੈ, ਜੀਆ ਪਾਣ ਕਰਨ ਨੂੰ ਸਾਨੂੰ ਅੱਗੇ ਕਰ ਦਿੰਦਾ, ਅਸੀਂ ਵੀ ਉੱਤੇ ਜਾਂ ਕਿ ਲੇਖਾ ਦੇਣਾ।"[8]

ਇਸਤੋਂ ਇਲਾਵਾ ਆਤੰਕਵਾਦ ਕਾ ਰਨ ਲੋਕ ਇੰਨ੍ਹਾਂ ਜ਼ਿਆਦਾ ਡਰ ਗਏ ਸਨ ਕਿ ਉਹ ਸਕੂਲਾਂ ਜਾਂ ਕਾਲਜਾਂ ਵਿੱਚ ਆਪਣੇ ਬੱਚਿਆਂ ਨੂੰ ਭੇਜਣ ਤੋਂ ਵੀ ਡਰਦੇ ਸਨ। ਜੇਕਰ ਉਹ ਉਨ੍ਹਾਂ ਨੂੰ ਕਿਸੇ ਹੋਰ ਯੂਨੀਵਰਸਿਟੀ ਵੀ ਭੇਜਦੇ ਤਾਂ ਉੱਥੇ ਉਨ੍ਹਾਂ ਨੂੰ ਪੁਲਿਸ ਦਾ ਡਰ ਬਣਿਆ ਰਹਿੰਦਾ, ਜਿਸ ਕਾਰਨ ਕਿ ਉਹ ਦੂਜੇ ਸ਼ਹਿਰਾਂ ਵਿੱਚ ਜਾਣ ਤੋਂ ਵੀ ਡਰਦੇ ਸਨ। ਬਲਜਿੰਦਰ ਨਸਰਾਲੀ ਨੇ ਨਾਵਲ ਵਿੱਚ ਉਸ ਸਮੇਂ ਦੀ ਸਥਿਤੀ ਨੂੰ ਸਾਡੇ ਸਾਹਮਣੇ ਸਨਮੁੱਖ ਕੀਤਾ ਹੈ। ਅਸੀਂ ਨਾਵਲ ਵਿੱਚ ਕਰਨਬੀਰ ਦੇ ਪਿਤਾ ਭਰਪੂਰ ਸਿੰਘ ਨੂੰ ਦੇਖ ਸਕਦੇ ਹਾਂ। ਜਿਸ ਵਿੱਚ ਉਹ ਪੁਲਿਸ ਤੋਂ ਡਰਦਾ ਹੋਣ ਕਾਰਨ ਉਸ ਨੂੰ ਯੂਨੀਵਰਸਿਟੀ ਨਹੀਂ ਭੇਜਣਾ ਚਾਹੁੰਦਾ ਤੇ ਜਿਸ ਕਾਰਨ ਜੇਕਰ ਕੋਈ ਉਸ ਨੂੰ ਸ਼ਹਿਰ ਵੀ ਜਾਣ ਲਈ ਕਹਿੰਦਾ ਹੈ, ਤਾਂ ਵੀ ਉਹ ਨਹੀਂ ਮੰਨਦਾ ਅਸੀਂ ਨਾਵਲ ਵਿੱਚ ਹੇਠ ਲਿਖਿਆ ਸਤਰਾਂ ਦੁਆਰਾ ਦੇਖ ਸਕਦੇ ਹਾਂ:-

> "ਨਵਦੀਪ ਕਰਨਬੀਰ ਨੂੰ ਮਿਲਣ ਆਇਆ ਤਾਂ ਉਹ ਖਾਸਾ ਫਿਰ ਉਸਦੇ ਮੰਮੀ ਪਾਪਾ ਨਾਲ ਗੱਲਾਂ ਕਰਦਾ ਰਿਹਾ। ਕਰਨਬੀਰ ਨੇ ਬੀ.ਏ. ਫਾਇਨਲ ਦੇ ਪੇਪਰ ਦਿੱਤੇ ਹੋਏ ਸਨ। ਪੁਲਿਸ ਦੇ

ਉਲਝੇਵੇ ਕਾਰਨ ਭਾਵੇ ਉਹ ਬਹੁਤੇ ਵਧੀਆ ਪੇਪਰ ਨਹੀਂ ਕਰ ਸਕਿਆ ਸੀ ਪਰ ਪਾਸ ਹੋਣ ਦੀ ਪੂਰੀ ਉਮੀਦ ਸੀ। ਉਹ ਉਸ ਨੂੰ ਨਵਦੀਪ ਕੋਲ ਯੂਨੀਵਰਸਿਟੀ ਭੇਜਣਾ ਚਾਹੁੰਦੇ ਸਨ। ਚੰਡੀਗੜ੍ਹ ਰਹਿ ਕੇ ਪੜ੍ਹੇਗਾ ਤਾਂ ਪੰਜਾਬ ਦੇ ਰੋਲੇ ਗੋਲੇ ਤੋਂ ਵੀ ਦੂਰ ਰਹੇਗਾ। ਚੰਡੀਗੜ੍ਹ ਵਿੱਚ ਮੁਕਾਬਲਤਨ ਹਾਲਾਤ ਠੀਕ ਸਨ। ਪਰ ਸਮੱਸਿਆ ਇਹ ਸੀ ਕਿ ਨਵੀਪ ਹੁਣ ਪਟਿਆਲੇ ਆ ਗਿਆ ਸੀ। ਉਸਨੇ ਪੀ, ਐਚ. ਡੀ. ਹੁਣ ਪਟਿਆਲੇ ਤੋਂ ਹੀ ਕਰਨੀ ਸੀ। ਭਰਪੂਰ ਸਿੰਘ ਕਰਨ ਨੂੰ ਪਟਿਆਲੇ ਭੇਜਣ ਤੋਂ ਵੀ ਡਰਦਾ ਸੀ। ਪਟਿਆਲੇ ਵੀ ਤਾਂ ਉਹ ਹੀ ਕੁੱਝ ਸੀ। ਪੰਜਾਂਬੀ ਯੂਨੀਵਰਸਿਟੀਆ ਵਿੱਚ ਤਾਂ ਸਗੋਂ ਉਨ੍ਹਾਂ ਦੇ ਅੱਡੇ ਬਣੇ ਹੋਏ ਸਨ। ਪੁਲਿਸ ਦੇ ਛਾਪੇ ਉੱਥੇ ਆਏ ਦਿਨ ਪੈਦੇ ਸਨ।"[9]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੁਲਿਸ ਦੀ ਬੁਰੀ ਤਰ੍ਹਾਂ ਕੁੱਟ ਨੂੰ ਦੇਖ ਸਕਦੇ ਹਾਂ। ਬਲਜਿੰਦਰ ਨਸਰਾਲੀ ਨੇ ਸਾਨੂੰ ਉਸ ਸਮੇਂ ਦੀ ਪੁਲਿਸ, ਲੋਕਾਂ ਨਾਲ ਕਿਵੇਂ ਜਾਂਨਵਰਾਂ ਵਰਗਾ ਵਿਵਹਾਰ ਕਰਦੀ ਸੀ। ਅਜਿਹੀ ਨਾਵਲ ਵਿੱਚ ਪੁਲਿਸ ਦੁਆਰਾ ਕਰਨਬੀਰ ਦੀ ਹਾਲਤ ਦੇਖ ਸਕਦੇ ਹਾਂ। ਜਿਸਤੋਂ ਸਾਨੂੰ ਪਤਾ ਚੱਲਦਾ ਹੈ ਕਿ ਕਰਨਬੀਰ ਦੀ ਜ਼ਿੰਦਗੀ ਇਕਦਮ ਬਦਲ ਜਾਂਦੀ ਹੈ, ਕਰਨਬੀਰ ਹੁਣ ਇੱਕ ਤੰਦਰੁਸਤ ਇਨਸਾਨ ਨਹੀਂ ਰਿਹਾ ਸੀ। ਬਲਕਿ ਪੁਲਿਸ ਦੀ ਮਾਰ ਤੋਂ ਬਾਓਦ ਸਾਨੂੰ ਨਕਾਰਾ ਹੋਇਆ ਨਜ਼ਰ ਆਉਂਦਾ ਹੈ ਤੇ ਜਿਸ ਕਾਰਨ ਉਹ ਆਸ਼ੂ ਨਾਲ ਆਪਣੇ ਸਰੀਰਕ ਸੰਬੰਧ ਵੀ ਕਾਇਮ ਨਹੀਂ ਕਰ ਪਾਉਂਦਾ। ਅਸੀਂ ਇਸਨੂੰ ਹੇਠ ਲਿਖੀਆਂ ਸਤਰਾਂ ਦੁਆਰਾ ਦੇਖ ਸਕਦੇ ਹਾਂ:-

"ਤੈਨੂੰ ਕਿੰਨ੍ਹਾਂ ਕਿ ਕੁੱਟਿਆ ਉਨ੍ਹਾਂ ਨੇ?"

" ਕੁੱਟਿਆ! ਉਹ ਤਾਂ ਸਾਲੇ ਕਸਾਈ ਨੇ ਕਸਾਈ। ਕੁੱਟਣ ਦੀ ਉਹ ਕੋਈ ਕਸਰ ਨਹੀਂ ਛੱਡਦੇ। ਮੇਰੇ ਚੱਡੇ ਪਾੜ ਤੇ ਭਰਾਵਾ, ਜਦੋਂ ਨਾ ਹਟੇ ਤਾਂ ਮੇਰੇ ਤੋਂ ਗਾਲ੍ਹਾਂ ਨਿਕਲੀਆ ਕੁਸ਼। ਮੈ ਰੱਜ ਕਿ ਗਾਲਾਂ ਕੱਢੀਆਂ। ਉਹ ਮੇਰੀਆ ਲੱਤਾਂ ਚੌੜੀਆ ਕਰੀ ਗਏ ਤੇ ਮੈ ਗਾਲਾਂ ਕੱਢੀ ਗਿਆ। ਮੇਰਾ ਤਾਂ ਪਿਸ਼ਾਬ ਵੀ ਵਿੱਚੇ ਨਿਕਲ ਗਿਆ ਯਾਰ,"ਬੋਲਦਾ ਬੋਲਦਾ ਕਰਨਬੀਰ ਚੁੱਪ ਕਰ ਗਿਆ।[10]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਆਤੰਕਵਾਦ ਦੇ ਦੌਰਾਨ ਪੰਜਾਬ ਵਿੱਚ ਜੋ ਸੰਕਟ ਆਇਆ ਉਸ ਨਾਲ ਬਹੁਤ ਸਾਰੇ ਮਾਸੂਮ ਤੇ ਬੇਕਸੂਰ ਲੋਕਾਂ ਦੀਆਂ ਜਾਂਨਾ ਗਈਆ। ਜਿਸ ਕਾਰਨ ਕਿ ਭੌਲੇ-ਭਾਲੇ ਲੋਕ ਵੀ ਆਤੰਕਵਾਦ ਦਾ

ਸ਼ਿੰਕਾਰ ਹੋ ਗਏ। ਇੱਥੋਂ ਤੱਕ ਕਿ ਸਾਡੀ ਪੁਲਿਸ ਸਿਸਟਮ ਪ੍ਰਣਾਲੀ ਵੀ ਆਤੰਕਵਾਦ ਨਾਲ ਮਿਲਲ ਗਈ ਸੀ। ਜਿਸ ਕਾਰਨ ਕਿ ਰਿਸ਼ਵਤ ਕਾਫ਼ੀ ਵੱਧ ਗਈ ਸੀ। ਦੰਗੇ ਫਸਾਦ ਵੱਧ ਗਏ ਸਨ। ਬਲਜਿੰਦਰ ਨਸਰਾਲੀ ਨੇ ਇਸ ਸਥਿਤੀ ਨੂੰ ਖੁੱਲ੍ਹ

ਕਿ ਸਾਡੇ ਸਾਹਮਣੇ ਪੇਸ਼ ਕੀਤਾ ਹੈ, ਅਸੀਂ ਨਾਵਲ ਵਿੱਚ ਕਰਨਬੀਰ ਦੀ ਸਥਿਤੀ ਨੂੰ ਦੇਖ ਸਕਦੇ ਹਾਂ ਕਿ ਕਿਵੇਂ ਕਰਨਬੀਰ ਜੋ ਕਿ ਪੁਲਿਸ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਕਾਰਨ ਕਿ ਪੁਲਿਸ ਉਸਦੀ ਜ਼ਿੰਦਗੀ ਹੀ ਬਦਲ ਦਿੰਦੀ ਹੈ। ਪੁਲਿਸ ਉਸ ਨੂੰ ਇੰਨ੍ਹੀ ਜ਼ਿਆਦਾ ਬੇਰਹਮੀ ਨਾਲ ਮਾਰਦੀ ਹੈ ਕਿ ਕਿਸੇ ਯੋਗਾ ਨਹੀਂ ਰਹਿ ਜਾਂਦਾ। ਨਾਵਲ ਵਿੱਚ ਇੱਥੋਂ ਤੱਕ ਵੀ ਦੱਸਿਆ ਹੈ ਕਿ ਪੁਲਿਸ ਦੇ ਡਰ ਕਾਰਨ ਲੋਕ ਆਪਣੇ ਬੱਚਿਆਂ ਨੂੰ ਯੂਨੀਵਰਸਿਟੀਆਂ ਵਿੱਚ ਦਾਖਲਾ ਵੀ ਲੈਣ ਨਹੀਂ ਦਿੰਦੇ , ਕਿਉਂਕਿ ਪੁਲਿਸ ਜ਼ਿਆਦਾ ਤੋਂ ਜ਼ਿਆਦਾ ਕਾਢ ਕਰ ਰਹੀ ਹੈ ਤੇ ਵਿਦਿਆਰਥੀਆਂ ਤੇ ਔੱਤਿਆਚਾਰ ਕਰ ਰਹੀ ਹੈ । ਬਲਜਿੰਦਰ ਨਸਰਾਲੀ ਨੇ ਸਾਡੇ ਸਾਹਮਣੇ ਇਸ ਸੱਚ ਨੂੰ ਵੀ ਪੇਸ਼ ਕੀਤਾ ਹੈ ਕਿ ਆਤੰਕਵਾਦ ਕਾਰਨ ਜੋ ਦਹਿਸ਼ਤ ਤੇ ਵਹਿਸ਼ਤ ਫੈਲੀ ਹੋਈ ਸੀ। ਉਸ ਕਾਰਨ ਉਨ੍ਹਾਂ ਦੇ ਖਿਲਾਫ਼ ਕੋਈ ਲਿਖ ਵੀ ਨਹੀਂ ਸਕਦਾ ਸੀ ਤੇ ਜੇਕਰ ਉਨ੍ਹਾਂ ਦੇ ਖਿਲਾਫ਼ ਕੋਈ ਲਿਖਣਾ ਵੀ ਚਾਹੁੰਦਾ ਸੀ ਤਾਂ ਉਸ ਨੂੰ ਡਰਾ ਦਿੱਤਾ ਜਾਂਦਾ ਸੀ ਜਾਂ ਫਿਰ ਉਸ ਨੂੰ ਮਾਰ ਦਿੱਤਾ ਜਾਂਦਾ ਸੀ। ਇੱਥੋਂ ਤੱਕ ਕਿ ਜੋ ਯੂਨੀਵਰਸਿਟੀਆਂ ਵਿੱਚ ਦਾਖਲਾ ਲੈ ਦੇ ਹਨ, ਤੇ ਹੋਸਟਲਾਂ ਵਿੱਚ ਰਹਿੰਦੇ ਹਨ ਉਹ ਸਿਰਫ਼ ਤੇ ਸਿਰਫ਼ ਦਹਿਸ਼ਤ ਫੈਲਾਉਣ ਲਈ ਹੀ ਪੀ.ਜੀ ਲੈਂਦੇ ਹਨ। ਇੱਥੋਂ ਤੱਕ ਕਿ ਪੁਲਿਸ ਦੇ ਨਾਮ ਤੇ ਔਰਤਾਂ ਨਾਲ ਵੀ ਬਦਸਲੂਕੀ ਨੂੰ ਦਿਖਾਇਆ ਗਿਆ ਹੈ। ਔਰਤਾਂ ਦੀਆਂ ਇੱਜ਼ਤਾਂ ਨੂੰ ਲੁੱਟਿਆ ਗਿਆ। ਇਸ ਤਰ੍ਹਾਂ ਇਸ ਨਾਵਲ ਵਿੱਚ ਆਤੰਕਵਾਦ ਨੂੰ ਫੈਲਿਆ ਦਿਖਾਇਆ ਗਿਆ ਹੈ।

# ਹਵਾਲੇ ਤੇ ਟਿੱਪਣੀਆਂ

1. ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ, ਪੰਨਾ-114
2. ਉਹੀ ਪੰਨਾ-120
3. ਉਹੀ ਪੰਨਾ-123
4. ਉਹੀ ਪੰਨਾ-125
5. ਉਹੀ ਪੰਨਾ-128
6. ਉਹੀ ਪੰਨਾ-137
7. ਉਹੀ ਪੰਨਾ-142
8. ਉਹੀ ਪੰਨਾ-149
9. ਉਹੀ ਪੰਨਾ -173
10. ਉਹੀ ਪੰਨਾ-185

# ਅਧਿਆਇ-ਪੰਜਵਾਂ

# ਰਿਸ਼ਤਿਆਂ ਵਿੱਚ ਵੱਧ ਰਿਹਾ ਤਨਾਅ ਤੇ ਉਪਜ ਰਹੇ ਗੈਰ ਮਨੁੱਖੀ ਰਿਸ਼ਤੇ

## ਅਧਿਆਇ-ਪੰਜਵਾਂ ਰਿਸ਼ਤਿਆਂ ਵਿੱਚ ਵੱਧ ਰਿਹਾ ਤਨਾਅ ਤੇ ਉਪਜ ਰਹੇ ਗੈਰ ਮਨੁੱਖੀ ਰਿਸ਼ਤੇ

**ਕਿਸੇ** ਵੀ ਸਮਾਜ ਦੀ ਨੀਹ ਘਰ ਪਰਿਵਾਰ ਤੇ ਰਿਸ਼ਤਿਆਂ ਤੇ ਨਿਰਭਰ ਕਰਦੀ ਹੈ । ਪਰਿਵਾਰ ਰਿਸ਼ਤਿਆਂ ਦੀ ਬੁਨਿਆਦੀ ਨੀਂਹ ਹੈ। ਮਨੁੱਖ ਸੰਸਾਰ ਵਿੱਚ ਆਉਂਦਿਆ ਹੀ ਰਿਸ਼ਤਿਆਂ ਵਿੱਚ ਫਸ ਜਾਂਦਾ ਹੈ। ਇੰਨ੍ਹਾਂ ਵਿੱਚੋਂ ਸਭ ਤੋਂ ਮੋਹ ਭਰਿਆ ਰਿਸ਼ਤਾ ਮਾਂ ਦਾ ਹੁੰਦਾ ਹੈ। ਮਾਂ ਦੇ ਨਾਲ ਬੱਚੇ ਦਾ ਰਿਸ਼ਤਾ ਦੁਨੀਆ ਵਿੱਚ ਆਉਣ ਤੋਂ ਪਹਿਲਾ ਹੀ ਜੁੜ ਜਾਂਦਾ ਹੈ। ਜਦੋਂ ਬੱਚਾ ਬੋਲਣਾ ਸਿੱਖਦਾ ਹੈ ਤਾਂ ਸਭ ਤੋਂ ਪਹਿਲਾ ਸ਼ਬਦ ਜੋ ਉਸਦੇ ਮੂੰਹ ਵਿੱਚੋਂ ਨਿਕਲਦਾ ਹੈ ਉਹ ਮਾਂ ਹੁੰਦਾ ਹੈ। ਮਾਂ ਸ਼ਬਦ ਵਿੱਚ ਮਿ ਠਾਸ ਹੁੰਦੀ ਹੈ। ਜਦੋਂ ਅਸੀਂ ਕਿਸੇ ਤਕਲੀਫ ਵਿੱਚੋਂ ਗੁਜ਼ਰਦੇ ਹਾ ਤਾਂ ਆਪਣੇ -ਆਪ ਮੂੰਹ ਵਿੱਚੋਂ ਮਾਂ ਸ਼ਬਦ ਨਿਕਲਦਾ ਹੈ। ਮਾਂ ਸਾਡਾ ਗੁਰੂਅਅ ਹੁੰਦੀ ਹੈ ਜੋ ਸਾਨੂੰ ਮੁੱਢਲੀ ਸਿੱਖਿਆ ਪ੍ਰਦਾਨ ਕਰਦੀ ਹੈ।

ਇਸ ਤੋਂ ਇਲਾਵਾ ਪਰਿਵਾਰ ਸਮੂਹਿਕ ਰਿਸ਼ਤਿਆਂ ਵਿੱਚ ਬੱਝਿਆ ਹੁੰਦਾ ਹੈ। ਪਰਿਵਾਰ ਸਮਾਜ ਦੀ ਸਿਰਜਨਾ ਵਿੱਚ ਅਹਿਮ ਸਥਾਨ ਰੱਖਦਾ ਹੈ। ਪਰਿਵਾਰ ਸੰਸਾਰ ਦੀਆਂ ਮੁੱਢਲੀਆ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਪਰਿਵਾਰ ਵਿਆਹ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਜੇਕਰ ਅਸੀਂ ਆਪਣੇ ਇਤਿਹਾਸ ਵੱਲ ਦੇਖੀਏ ਤਾਂ ਪਰਿਵਾਰ ਪਹਿਲਾ ਸਮਾਜਿਕ ਸਮੂਹ ਹੈ। ਭਾਵੇਂ ਹੀ ਪਹਿਲਾ ਕਬੀਲਿਆਂ ਵਿੱਚ ਔਰਤ ਜਾਂ ਮਰਦ ਦੇ ਜਿਨਸੀ ਸੰਬੰਧ ਨਹੀਂ ਸਨ, ਪ੍ਰੰਤੂ ਇਕਹਰੇ ਜਿਨਸੀ ਸੰਬੰਧ ਪਰਿਵਾਰ ਦਾ ਰੂਪ ਧਾਰਨ ਕਰ ਰਹੇ ਹਨ। ਪਰਿਵਾਰ ਮਨੁੱਖੀ ਰਿਸ਼ਤਿਆਂ ਦੀ ਅਜਿਹੀ ਇਕਾਈ ਹੈ, ਜਿਸ ਵਿੱਚ ਕੁੱਝ ਮਨੁੱਖ ਸਮਾਜਿਕ ਨਿਯਮਾਂ ਅਨੁਸਾਰ ਇੱਕਠਾ ਜੀਵਨ ਜਿਉਂਣ ਲਈ ਪ੍ਰਵਾਨ ਹੁੰਦੇ ਹਨ। ਅੱਜ ਪਰਿਵਾਰ ਪ੍ਰਮਾਣਿਕ ਇਕਾਈ ਮੰਨੀ ਜਾਂਦੀ ਹੈ। ਪਰਿਵਾਰ ਦਾ ਜਨਕ ਲਿੰਗਕ ਭਾਵਨਾਵਾਂ ਦੀ ਪੂਰਤੀ ਦੁਆਰਾ ਹੁੰਦਾ ਹੈ। ਇਸ ਦੁਆਰਾ ਜੋ ਰਿਸ਼ਤੇ ਬਣਦੇ ਹਨ, ਉਹ ਫਰਜ਼ਾ ਤੇ ਹੱਕਾਂ ਦੋਵਾਂ ਦੀ ਵੰਡ ਦੇ ਆਧਾਰ ਬਣਦੇ ਹਨ । ਪਰਿਵਾਰ ਦੇ ਮੈਬਰ ਵਿੱਚ ਖੂਨ ਦਾ ਤੇ ਵਿਆਹ ਦਾ ਰਿਸ਼ਤਾ ਹੋਣਾ ਜ਼ਰੂਰੀ ਹੈ।

ਪਰਿਭਾਸ਼ਾ:-

ਮਜੂਸਦਾਰ ਦੇ ਸ਼ਬਦਾਂ ਵਿੱਚ:-

> "ਪਰਿਵਾਰ ਅਜਿਹੇ ਵਿਅਕਤੀਆ ਦਾ ਸਮੂਹ ਹੈ ਜਿਹੜੇ ਇੱਕ ਛੱਤ ਹੇਠਾ ਰਹਿੰਦੇ ਹਨ।
> ਰਕਤ ਨਾਲ ਸੰਬੰਧਤ ਹਨ ਅਤੇ ਸਵਾਰਥ ਅਰਥਾਤ ਪ੍ਰਸਪਰ ਲੈਣ ਦੇਣ ਦੇ ਆਧਾਰ ਉੱਤੇ
> ਇੱਕ ਕਿਸਮ ਦੀ ਚੇਤਨਤਾ ਅਨੁਭਵ ਕਰਦੇ ਹਨ।"[1]

ਪਰਿਵਾਰ ਦੇ ਵੱਖ-ਵੱਖ ਰੂਪ ਹਨ। ਜਿਵੇਂ ਕਿ ਸੰਯੁਕਤ ਪਰਿਵਾਰ , ਜਟਿਲ ਪਰਿਵਾਰ। ਇਨ੍ਹਾਂ ਦਾ ਘੇਰਾ ਵਿਸ਼ਾਲ ਹੁੰਦਾ ਹੈ। ਇੰਨਾਂ ਪਰਿਵਾਰਾਂ ਵਿੱਚ ਬਹੁ- ਪਤਨੀ, ਇੱਕ ਪਤਨੀ, ਅਣਵਿਆਹੇ ਬੱਚੇ, ਇੱਕ ਤੋਂ ਜ਼ਿਆਦਾ ਪਤਨੀਆਂ ਆਦਿ ਸ਼ਾਮਲ ਹੁੰਦੀਆਂ ਹਨ। ਸੰਯੁਕਤ ਪਰਿਵਾਰਾਂ ਵਿੱਚ ਬੱਚਿਆਂ ਦੇ ਮਾਂ- ਪਿਉ, ਭੈਣ-ਭਰਾਂ, ਚਾਚੇ-ਤਾਏ, ਦਾਦੀ- ਦਾਦਾ, ਅਣਵਿਆਹੇ ਬੱਚੇ ਇਹ ਸਭ ਇੱਕ ਹੀ ਛੱਤ ਥੱਲੇ ਰਹਿੰਦੇ ਹਨ ਤੇ ਇਕੱਠੇ ਹੀ ਰੋਟੀ ਖਾਂਦੇ ਹਨ। ਸੰਯੁਕਤ ਪਰਿਵਾਰ ਦੀ ਸ਼ੁਰੂਆਤ ਵੈਦਿਕ ਕਾਲ ਤੋਂ ਹੋਈ ਹੈ। ਪੰਜਾਬੀ ਪਰਿਵਾਰਾਂ ਦੀ

ਵੰਨਗੀ ਵਿੱਚ ਚਾਰ ਤਰ੍ਹਾਂ ਦੇ ਰਿਸ਼ਤੇ ਆਉਂਦੇ ਹਨ। ਖ਼ੂਨ ਦੇ ਰਿਸ਼ਤੇ, ਮਾਂ-ਧੀ, ਪੁੱਤ-ਪਿਉ, ਮਾਂ-ਪੁੱਤ, ਪਿਉ-ਪੁੱਤ ਰਿਸ਼ਤੇ ਆਦਿ ਸ਼ਾਮਲ ਕੀਤੇ ਜਾਂਦੇ ਹਨ। ਪਰਿਵਾਰ ਦੇ ਰਿਸ਼ਤਿਆ ਵਿੱਚ ਚਾਚਾ- ਤਾਇਆ, ਭਤੀਜਾਂ-ਚਾਚਾ, ਭਤੀਜਾਂ-ਤਾਇਆ, ਭਤੀਜਾਂ- ਚਾਚਾ, ਤਾਈ-ਚਾਚੀ ਆਦਿ ਇਸ ਤਰਾਂ ਦੇ ਰਿਸ਼ਤੇ ਆ ਜਾਂਦੇ ਹਨ। ਇਸਤੋਂ ਇਲਾਵਾ ਵਿਆਹ ਦੁਆਰਾ ਸਿਰਜਤ ਰਿਸ਼ਤੇ ਵੀ ਹੁੰਦੇ ਹਨ। ਜਿਵੇਂ ਕਿ ਸੱਸ-ਨੂੰਹ, ਦਿਉਰ-ਭਾਬੀ ਜਿਹੇ ਰਿਸ਼ਤੇ ਆ ਜਾਂਦੇ ਹਨ। ਇੱਕਠੇ ਪਰਿਵਾਰ ਵਿੱਚ ਪਿਉ ਸਭ ਤੋਂ ਵੱਡਾ ਆਦਮੀ ਮੰਨਿਆ ਜਾਂਦਾ ਹੈ। ਦਾਦੇ ਦਾ ਤੇ ਦਾਦਾ-ਪੋਤਾ ਦਾ ਸੰਬੰਧ ਵੀ ਬਹੁਤ ਵਧੀਆ ਹੈ।

ਮਾਨਵ ਜਾਂਤੀ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿੱਚ ਕਲਾ, ਨਿਯਮ, ਗਿਆਨ, ਸੰਸਾਰਕ ਆਦਤਾਂ ਆਉਂਦੀਆਂ ਹਨ, ਜੋ ਕਿ ਮਨੁੱਖ ਇੱਕ ਸਮਾਜ ਦਾ ਮੈਂਬਰ ਹੋਣ ਦੇ ਨਾਮ ਤੇ ਗ੍ਰਹਿਣ ਕਰਦਾ ਹੈ। ਹਰੇਕ ਸਮਾਜ ਦਾ ਇੱਕ ਸੱਭਿਆਚਾਰ ਹੁੰਦਾ ਹੈ ਤੇ ਸੱਭਿਆਚਾਰ ਇੱਕ ਅਜਿਹਾ ਯੰਤਰ ਹੈ, ਜਿਸ ਵਿੱਚ ਮਨੁੱਖ ਆਪਣੀਆ ਸਰੀਰਕ ਲੋੜਾਂ ਦੀ ਪੂਰਤੀ ਕਰਦਾ ਹੈ। ਕ੍ਰਾਮ ਤ੍ਰਿਪਤੀ, ਭੁੱਖ, ਪਿਆਸ ਆਦਿ ਸਭ ਪ੍ਰਾਥਮਿਕ ਲੋੜਾ ਹਨ। ਜਿੰਨ੍ਹਾਂ ਦੀ ਪੂਰਤੀ ਤੇ ਸ਼ੰਤੁਸ਼ਟੀ ਦੁਆਰਾ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਸਾਡੀਆ ਲੋੜਾ ਦੀ ਪੂਰਤੀ ਉਪਰੰਤ ਹੀ ਸੰਸਥਾਵਾ ਦਾ ਜਨਮ ਹੁੰਦਾ ਹੈ। ਜਿਸ ਨਾਲ ਕਿ ਸਾਡੇ ਮਾਪਦੰਡ ਨਿਰਧਾਰਿਤ ਹੁੰਦੇ ਹਨ।

ਜੇਕਰ ਅਸੀਂ ਆਪਣੀ ਆਰਥਿਕਤਾ ਵੱਲ੍ਹ ਝਾਤ ਮਾਰੀਏ ਤਾਂ ਪਰਿਵਾਰ ਵਿੱਚ ਆਰਥਿਕ ਸਹਿਯੋਗ ਹੁੰਦਾ ਹੈ। ਤੇ ਇਹ ਸਹਿਯੋਗ ਸਾਡੇ ਪਰਿਵਾਰਾਂ ਦੇ ਕੰਮ ਕਰਨ ਦੀ ਲਿੰਗ ਤੇ ਅਧਾਰਿਤ ਹੁੰਦਾ ਹੈ। ਪਰਿਵਾਰ ਵਿੱਚ ਜਿਸ ਤਰ੍ਹਾਂ ਦੇ ਬੰਦੇ ਹੁੰਦੇ ਹਨ, ਉਨ੍ਹਾਂ ਦੀ ਯੋਗਤਾ ਅਨੁਸਾਰ ਹੀ ਉਨ੍ਹਾਂ ਨੂੰ ਕੰਮ ਵੰਡਿਆ ਜਾਂਦਾ ਹੈ। ਮਰਦ ਬਾਹਰੀ ਕੰਮ ਕਰਦੇ ਹਨ ਤੇ ਔਰਤਾਂ ਘਰੇਲੂ ਕੰਮ ਕਰ ਦੀਆਂ ਹਨ। ਪਰਿਵਾਰ ਨੂੰ ਬਣਾਉਣ ਵਿੱਚ ਮਾਂ ਤੇ ਪਿਉ ਭਾਵੇ ਹੀ ਅਲੱਗ- ਅਲੱਗ ਕੰਮ ਕਰਦੇ ਹਨ। ਪ੍ਰੰਤੂ ਪਰਿਵਾਰ ਨੂੰ ਬਣਾਉਣ ਵਿੱਚ ਦੋਵਾਂ ਦਾ ਯੋਗਦਾਨ ਹੁੰਦਾ ਹੈ। ਜੇਕਰ ਅਸੀਂ ਕਬਾਇਲੀ ਪਰਿਵਾਰਾਂ ਦੀ ਗੱਲ ਕਰੀਏ ਤਾਂ ਇਹ ਕਈ ਕਿਸਮਾਂ ਦੇ ਹੁੰਦੇ ਹਨ। ਜਿਵੇਂ ਕਿ ਸਥਿਤੀ ਦੇ ਆਧਾਰ ਤੇ, ਅਤੇ ਵਿਆਹ ਦੇ ਬੰਧਨਾਂ ਦੇ ਆਧਾਰ ਤੇ, ਬਣਤਰ ਦੇ ਆਧਾਰ ਤੇ। ਜਿਵੇਂ ਕਿ ਜੇਕਰ ਅਸੀਂ ਸਥਿਤੀ ਦੇ ਆਧਾਰ ਤੇ ਦੇਖੀਏ ਤਾਂ ਉਸ ਵਿੱਚ ਰਿਹਾਰਿਸ਼ ਵਿੱਚ ਪਤੀ ਦੇ ਮਾਪਿਆ ਵਾਲੇ ਪਾਸੇ ਪ ਤਨੀ ਦੇ ਮਾਪਿਆ ਵਾਲੇ ਪਾਸੇ ਨਵੀਂ ਥਾਂ ਉੱਤੇ, ਇਖ਼ਤਿਆਰ ਵਿੱਚ ਅਸੀਂ ਪਿਤਾ ਪ੍ਰਧਾਨ ਤੇ ਮਾਤਾ ਪ੍ਰਧਾਨ ਲੈ ਸਕਦੇ ਹਾਂ। ਤੇ ਜ਼ਮੀਨੀ ਵਿੱਚ ਪਿਤਾ ਵੰਸ਼ੀ ਤੇ ਮਾਤਾ ਵੰਸ਼ੀ ਤੇ ਵੰਸ਼ ਦੇ ਵਿੱਚ ਅਸੀਂ ਪਿਤਾ ਦੇ ਨਾਮ ਉੱਤੇ ਮਾਤਾ ਦੇ ਨਾਮ ਉੱਤੇ ਦੋਪਾਨੀ ਤੇ ਦੋਹਰਾ ਵੰਸ਼ ਸ਼ਾਮਲ ਕਰ ਸਕਦੇ ਹਾਂ। ਇਸਤੋਂ ਇਲਾਵਾਂ ਜੇਕਰ ਅਸੀਂ ਵਿਆਹ ਦੇ ਬੰਧਨਾਂ ਦੇ ਆਧਾਰ ਤੇ ਦੇਖੀਏ ਤਾਂ ਅਸੀਂ ਇੱਕ ਵਿਆਹ ਵਾਲਾ ਭਾਵ ਇੱਕ ਪਤੀ ਜਾਂ ਪਤਨੀ ਵਾਲਾ ਤੇ ਦੂਸਰਾ ਬਹੁਤੇ ਵਿਆਹਾਂ ਵਾਲਾ ਇਸ ਵਿੱਚ ਅਸੀਂ ਬਹੁਤ ਪਤਨੀ ਪ੍ਰਥਾ ਨੂੰ ਦੇਖ ਸਕਦੇ ਹਾਂ ਤੇ ਦੂਸਰਾ ਬਹੁ ਪਤਨੀ ਵੀ ਦੇਖ ਸਕਦੇ ਹਾ ਤੇ ਤੀਸਰਾ ਬਹੁਤੀਆਂ ਪਤਨੀਆਂ ਤੇ ਬਹੁਤੇ ਪਤੀ ਅਤੇ ਸਮੂਹਿਕ ਵਿਆਹ ਦੇਖ ਸਕਦੇ ਹਾਂ ਤੇ ਇਹ ਸਾ ਡੇ ਸੱਭਿਆਚਾਰ ਦਾ ਹੌਲੀ-ਹੌਲੀ ਹਿੱਸਾ ਬਣਦੇ ਜਾਂ ਰਹੇ ਹਨ। ਇਸੇ ਤਰਾਂ ਜੇਕਰ ਅਸੀਂ ਬਣਤਰ ਦੇ ਆਧਾਰ ਤੇ ਦੇਖੀਏ ਤਾਂ, ਮਾਂ ਅਤੇ ਬੱਚੇ ਵਾਲਾ ਰਿਸ਼ਤਾ ਜਿਸ ਨੂੰ ਪਤਨੀ ਦੇ ਮਾਪਿਆ ਵਾਲਾ ਪਾਸਾ ਕਹਿੰਦੇ ਹਨ, ਤੇ ਜਿਸ ਵਿੱਚ ਪਿਤਾ, ਮਾਤਾ ਤੇ ਬੱਚਾ ਆਦਿ ਸ਼ਾਮਲ ਹੋਣ ਉਸ ਨੂੰ ਨਾਭਿਕੀ ਪਰਿਵਾਰ ਕਹਿੰਦੇ ਹਨ ਤੇ ਜਿਸ ਵਿੱਚ ਵਿਆਹੇ ਤੇ ਅਣਵਿਆਹੇ ਬੱਚਿਆ ਸਮੇਤ ਵਾਲੇ ਰਿਸ਼ਤੇ ਨੂੰ ਵਿਸਤ੍ਰਿਤ ਪਰਿਵਾਰ ਕਹਿੰਦੇ ਹਨ ਤੇ ਜਿਸ ਵਿੱਚ ਮਾਪੇ, ਵਿਆਹੇ ਹੋਏ ਭਰਾ ਅਤੇ ਉਨ੍ਹਾਂ ਦੇ ਬੱਚੇ ਆਦਿ ਸ਼ਾਮਲ ਹੁੰਦੇ ਹਨ, ਉਸ ਨੂੰ ਅਸੀਂ ਸਾਂਝਾ ਪਰਿਵਾਰ ਕਹਿੰਦੇ ਹਨ। ਜੇਕਰ ਅਸੀਂ ਵਿਆਹ ਦੀ ਗੱਲ ਕਰੀਏ

ਤਾਂ ਇਸ ਜੋੜੀ ਬਣਾਉਣ ਦਾ ਮੁੱਖ ਮਕਸਦ ਮਰਦ ਅਤੇ ਔਰਤ ਦੀ ਕਾਮ- ਤ੍ਰਿਪਤੀ ਲਈ ਇੱਕਠੇ ਹੋਣਾ ਹੈ। ਮਰਦ ਤੇ ਔਰਤ ਦੀ ਕਾਮ– ਤ੍ਰਿਪਤੀ ਲਈ ਅਥਾਈ ਜੋੜੀਆ ਵੀ ਬਣਾਈਆ ਜਾਂਦੀਆਂ ਹਨ। ਵਿਆਹ ਇਕ ਜਿਸਮੀ ਲੋੜਾਂ ਦੀ ਪੂਰਤੀ ਤਾਂ ਕਰਦਾ ਹੈ, ਪ੍ਰੰਤੂ ਇਸਦੇ ਸਮਾਜਿਕ ਕੰਮ ਵਧੇਰੇ ਮਹੱਤਵਪੂਰਨ ਹਨ। ਵਿਆਹੇ ਜੋੜੇ ਨੂੰ ਲੋਕ ਸਵੀਕਾਰ ਕਰਦੇ ਹਨ, ਤੇ ਪ੍ਰਵਾਨਗੀ ਵੀ ਦਿੰਦੇ ਹਨ।

ਪਰਿਭਾਸ਼ਾ:- ਖੁਦ ਵਿਆਦ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਹ

> "ਰਿਵਾਜਾਂ ਦਾ ਇੱਕ ਅਜਿਹਾ ਜਟਿਲ ਸਮੂਹ ਹੈ ਜਿਹੜਾ ਪਰਿਵਾਰ ਦੇ ਅੰਦਰ ਕਾਮੁਕ ਪੱਖੋਂ ਇੱਕ ਦੂਜੇ ਨਾਲ ਜੁੜਨ ਵਾਲੇ ਬਾਲਗ ਜੋੜਿਆ ਵਿਚਕਾਰ ਸੰਬਧ ਉੱਤੇ ਕੇਂਦਰਤ ਹੈ।"[2]

ਭਾਰਤ ਵਿੱਚ ਬਹੁ ਵਿਆਹ ਦੀ ਪ੍ਰਥਾ ਬਹੁਤ ਜ਼ਿਆਦਾ ਫੈਲੀ ਹੋਈ ਹੈ। ਭਾਰਤ ਵਿੱਚ ਬਹੁਤ ਸਾਰੇ ਅਜਿਹੇ ਕਬੀਲੇ ਮਿਲਦੇ ਹਨ ਜਿੱਥੇ ਕਿ ਬਹੁ ਵਿਆਹ ਚੱਲਦਾ ਹੈ। ਇਸਤੋਂ ਇਲਾਵਾ ਇੱਕ ਤਾਂ ਅਸੀਂ ਵਿਆਹ ਦੇ ਰਿਸ਼ਤੇ ਜੋ ਕਿ ਘਰਦਿਆ ਦੀ ਮਰਜ਼ੀ ਨਾਲ ਜੁੜਦੇ ਦੇਖਦੇ ਹਾਂ, ਇਸਤੋਂ ਇਲਾਵਾ ਇੱਕ ਦੂਜੇ ਪ੍ਰਕਾਰ ਦੇ ਜੋ ਰਿਸ਼ਤੇ ਸਾਡੇ ਸਾਹਮਣੇ ਆਉਂਦੇ ਹਨ ਉਹ ਹਨ, ਗੈਰ ਸੰਬੰਧਾਂ ਭਾਵ ਕਿ ਵਿਆਹ ਤੋਂ ਬਿੰਨ੍ਹਾਂ ਜੋ ਕਿ ਕਾਮ ਤ੍ਰਿਪਤੀ ਦੀ ਪੂਰਤੀ ਨਾਲ ਬਣਾਏ ਜਾਂਦੇ ਹਨ। ਇਹ ਰਿਸ਼ਤੇ ਸਾਨੂੰ ਆਮ ਦੇਖਣ ਨੂੰ ਮਿਲਦੇ ਹਨ। ਅੱਜ- ਕੱਲ੍ਹ ਵਿਆਹ ਤੋਂ ਇਲਾਵਾ ਵੀ ਮਰਦਾਂ ਅਤੇ ਔਰਤਾਂ ਦੇ ਅਜਿਹੇ ਬਹੁਤ ਸਾਰੇ ਰਿਸ਼ਤੇ ਹੁੰਦੇ ਹਨ । ਪਹਿਲਾ ਅਜਿਹੇ ਰਿਸ਼ਤੇ ਸਾਨੂੰ ਫੌਰਨ ਕੰਟਰੀਆਂ ਵਿੱਚ ਹੀ ਦੇਖਣ ਨੂੰ ਮਿਲਦੇ ਸਨ, ਤੇ ਭਾਰਤ ਵਿੱਚ ਹੁੰਦੇ ਜ਼ਰੂਰ ਹੋਣਗੇ, ਪ੍ਰੰਤੂ ਇਸ ਤਰਾਂ ਖੁੱਲ੍ਹੇ ਆਮ ਨਹੀਂ। ਪ੍ਰੰਤੂ ਜੇਕਰ ਅੱਜ ਅਸੀਂ ਅਜੋਕੇ ਦੌਰ ਵਿੱਚ ਦੇਖੀਏ ਤਾਂ ਅਸੀਂ ਦੇਖ ਸਕਦੇ ਹਾ ਕਿ ਸਾਨੂੰ ਹਰ ਪਾਸੇ ਖੁੱਲ੍ਹੇ-ਆਮ ਗੈਰ ਮਨੁੱਖੀ ਰਿਸ਼ਤੇ ਦੇਖਣ ਨੂੰ ਮਿਲਦੇ ਹਨ। ਇੱਥੋਂ ਤੱਕ ਕਿ ਪਿਉ ਦਾ ਬੇਟੀ ਨਾਲ ਰਿਸ਼ਤਾ, ਭੈਣ-ਭਰਾਂ ਦਾ ਰਿਸ਼ਤਾ, ਭਾਵ ਕਿ ਜਿਸਮੀ ਸੰਬੰਧ, ਮਾਂ-ਪੁੱਤਰ ਦਾ ਲਿੰਗ ਸੰਬੰਧੀ ਰਿਸ਼ਤਾ ਸਾਨੂੰ ਆਮ ਦੇਖਣ ਵਿੱਚ ਨਜ਼ਰ ਆ ਰਹੇ ਹਨ। ਅਸੀਂ ਹਰ ਰੋਜ਼ ਅਜਿਹੀਆਂ ਬਹੁਤ ਸਾਰੀਆਂ ਖ਼ਬਰਾਂ ਦੇਖਦੇ ਤੇ ਪੜ੍ਹਦੇ ਹਾਂ । ਅਸੀਂ ਅੱਜ-ਕੱਲ੍ਹ ਕਾਲਜਾਂ ਵਿੱਚ ਇਹੋ ਜਿਹੇ ਰਿਸ਼ਤੇ ਆਮ ਦੇਖ ਸਕਦੇ ਹਾ। ਅੱਜ ਮੁਕਾਬਲਾ ਇੰਨ੍ਹਾਂ ਜ਼ਿਆਦਾ ਵੱਧ ਗਿਆ ਹੈ ਕਿ ਕੋਈ ਵੀ ਮਨੁੱਖ ਜਲਦੀ ਵਿਆਹ ਨਹੀਂ ਕਰਾਉਣਾ ਚਾਹੁੰਦਾ, ਜਾਂ ਫਿਰ ਵਿਆਹ ਹੀ ਨਹੀਂ ਕਰਾਉਣਾ ਚਾਹੁੰਦਾ ਤੇ ਬੱਚਿਆਂ ਦੀਆਂ ਤੇ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਦੂਰ ਭੱਜਦਾ ਹੈ ਤੇ ਉਸ ਨੂੰ ਬੋਝ ਸਮਝਦਾ ਹੈ , ਤੇ ਜਿਸ ਕਾਰਨ ਕਿ ਉਹ ਆਪਣੀ ਕਾਮ -ਤ੍ਰਿਪਤੀ ਲਈ ਅਜਿਹੇ ਸੰਬੰਧ ਕਾਇਮ ਕਰਦਾ ਹੈ । ਸਰੀਰਕ ਸੰਬੰਧ ਦਿਨੋ-ਦਿਨ ਵੱਧਦੇ ਜਾਂ ਰਹੇ ਹਨ, ਇਸ ਵਿੱਚ ਅਸੀਂ ਬਹੁਤ ਸਾਰੇ ਸਰੀਰਕ ਸੰਬੰਧ ਦੇਖ ਸਕਦੇ ਹਾਂ ਜਿਵੇਂ ਕਿ ਲੜਕੀਆਂ ਨੂੰ ਵਿਆਹ ਦਾ ਲਾਰਾ ਲਾ ਕਿ ਬਣਾਏ ਸੰਬੰਧ, ਨਾਬਾਲਗ ਸੰਬੰਧ ਬਣਾ ਲਏ ਜਾਂਦੇ ਹਨ ਜਾਂ ਫਿਰ ਰੇਪ ਕਰ ਦਿੱਤਾ ਜਾਂਦਾ ਹੈ।

ਪਿਆਰ ਮਹੁੱਬਤ ਦੇ ਰਿਸ਼ਤਿਆ ਵਿੱਚ ਅਸੀਂ ਗੈਰ ਰਿਸ਼ਤਾ ਸੰਬੰਧ ਵੀ ਦੇਖ ਸਕਦੇ ਹਾਂ। ਜਿਵੇਂ ਕਿ ਮੁੰਡੇ ਦੇ ਮੁੰਡੇ ਨਾਲ ਕਾਮ ਤ੍ਰਿਪਤੀ ਲਈ ਸੰਬੰਧ ਬਣਾਉਣਾ, ਅਜਿਹਾ ਜ਼ਿਆਦਾਤਰ ਜੋ ਲੜਕੇ ਪੀ . ਜੀ. ਜਾਂ ਹੋਸਟਲਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵਿੱਚ ਅਜਿਹੇ ਜ਼ਿਆਦਾ ਸੰਬੰਧਾਂ ਨੂੰ ਦੇਖ ਸਕਦੇ ਹਾਂ। ਪਰਿਵਾਰ ਇਕ ਅਜਿਹਾ ਅਹਿਸਾਸ ਹੈ ਜੋ ਦੋ ਵਿਓਕਤੀਆ ਨੂੰ ਆਪਸ ਵਿੱਚ ਜੋੜ ਕਿ ਰੱਖਦਾ ਹੈ, ਇਹ ਪਿਆਰ ਹੀ ਇੱਕ ਡੋਰ ਦੀ ਤਰਾਂ ਹੈ ਜਿਸ ਨਾਲ ਆਪਸੀ ਰਿਸ਼ਤੇ ਜੁਝੇ ਹੁੰਦੇ ਹਨ, ਇੱਕ ਪਿਆਰ ਉਹ ਹੁੰਦਾ ਸੀ, ਜੋ ਜਸਮਾਨੀ ਰੂਹ

ਤੋਂ ਕਿਤੇ ਉੱਪਰ ਸੀ, ਜਿਵੇਂ ਕਿ ਹੀਰ ਰਾਝਾ ਮਿਰਜ਼ਾ ਸਾਹਿਬਾ ਦੇ ਕਿੱਸਿਆ ਵਿੱਚ ਦੇਖਿਆ ਜਾਂ ਸਕਦਾ ਸਮਾਜ ਨੂੰ ਬਾਗੀ ਬਣਾ ਲਿਆ, ਇੱਥੋਂ ਤੱਕ ਕਿ ਆਪਣੇ ਖੂਨ ਦੇ ਰਿਸ਼ਤਿਆਂ ਦੀ ਵੀ ਬਾਜ਼ੀ ਲਗਾ ਦਿੱਤੀ ਤੇ ਹੱਸਦੇ ਹੱਸਦੇ ਮੌਤ ਨੂੰ ਕਬੂਲਿਆ ਤੇ ਜਾਨ ਦੀ ਬਾਜੀ ਲਗਾ ਦਿੱਤੀ। ਤੇ ਅੱਜ ਇਸ਼ਕ ਵਿੱਚ ਹਰ ਕਿਸੇ ਨੂੰ ਕਿਸੇ ਨਾ ਕਿਸੇ ਨਾਲ ਪਿਆਰ ਹੋ ਜਾਂਦਾ ਹੈ, ਤੇ ਹਰ ਦੋ ਘੰਟੇ ਬਾਅਦ ਬਦਲ ਜਾਂਦਾ ਹੈ। ਕਦੀ ਕਦੀ ਅੱਜ ਦਾ ਪਿਆਰ ਮਹਿਜ ਇੱਕ ਦਿਖਾਵਾ ਝੂਠਾ ਛਲਾਵਾ ਤੇ ਜਸਮਾਨੀ ਖਿੱਚ ਪ੍ਰਤੀਤ ਹੁੰਦਾ ਹੈ। ਇਸ ਜਸਮਾਨੀ ਪਿਆਰ ਦੀਆਂ ਤੰਦਾ ਕਾਰਨ ਰਿਸ਼ਤੇ ਹੋਰ ਕਮਜ਼ੋਰ, ਟੁੱਟੇ ਭੱਜੇ ਪ੍ਰਤੀਤ ਹੁੰਦੇ ਹਨ ਇਹ ਹੀ ਕਾਰਨ ਹੈ ਕਿ ਰਿਸ਼ਤਿਆਂ ਵਿੱਚ ਪਿਆਰ ਤੇ ਆਪਸੀ ਨਿੱਘ, ਸ਼ਾਤੀ, ਵਿਸ਼ਵਾਸ ਦੀ ਥਾਂ ਫਰੇਬ, ਲਾਲਸਾ ਦਿਖਾਈ ਦਿੰਦੀ ਹੈ। ਇੰਨ੍ਹਾ ਲਾਲਸਾਵਾਂ ਤੇ ਜਸਮਾਨੀ ਖਿੱਛਾ ਕਾਰਨ ਪਿਆਰ ਦੀ ਨੀਂਹ ਅੱਜ ਕਮਜ਼ੋਰ ਪੈ ਗਈ ਹੈ ਜਿਸ ਕਾਰਨ ਰਿਸ਼ਤੇ ਟੁੱਟ ਜਾਂਦੇ ਹਨ। ਅੱਜ ਦੇ ਜ਼ਮਾਨੇ ਵਿੱਚ ਕਾਮ ਉਤੇਜਨਾਵਾਂ ਇੰਨੀਆਂ ਵਿਅਕਤੀ ਤੇ ਭਾਰੂ ਹੋ ਗਈਆ ਹਨ ਕਿ ਮਨੁੱਖ ਆਪਣੇ ਰਿਸ਼ਤਿਆਂ ਦੀਆਂ ਸੀਮਾਵਾਂ ਨੂੰ ਲੰਘ ਰਿਹਾ ਹੈ ਜਿਸ ਨੂੰ ਬੇਖੂਬੀ ਦੇਖਿ ਆ ਜਾਂ ਸਕਦਾ ਹੈ। ਜਿਵੇਂ ਸੁਜਰੇ ਦਾ ਆਪਣੀ ਨੂੰਹ ਨਾਲ ਜਿਸ ਨੂੰ ਕਦੀ ਪਿਉ ਦਾ ਦਰਜ਼ਾ ਦਿੱਤਾ ਜਾਂਦਾ ਸੀ ਦਾਦੇ ਦਾ ਪੋਤੀ ਨਾਲ ,ਪਿਉ ਦਾ ਕੁੜੀ ਨਾਲ ਯੌਨ ਸੰਬੰਧ ਦੇਖੇ ਜਾਂ ਸਕਦੇ ਹਨ। ਜਿਸਦੇ ਸਿੱਟੇ ਵਜੋਂ ਇੱਕ ਧੀ ਦਾ ਆਪਣੇ ਪਿਉ ਉੱਤੇ ਇੱਕ ਪੋਤੀ ਦਾ ਦਾਦੇ ਉੱਪਰ , ਕੁੜੀ ਦਾ ਅਾਪਣੇ ਦੋਸਤ ਉੱਪਰ ਟੁੱਟਦਾ ਜਾਂ ਰਿਹਾ ਹੈ ਅੱਜ ਦਾ ਸਮਾਜ ਜਿੰਨੀ ਤਰੱਕੀ ਦੀ ਉੱਚਾਈ ਦੀਆਂ ਸਿੱਖਰਾ ਉੱਪਰ ਪਹੁੰਚ ਗਿਆ ਹੈ ਉਨ੍ਹਾ ਹੀ ਨੈਤਿਕ ਕਦਰਾ ਕੀਮਤਾ ਤੋਂ ਗਿਰ ਗਿਆ ਹੈ ਜਿਸ ਦਾ ਵੱਡਾ ਕਾਰਨ ਮਨੁੱਖ ਦਾ ਆਪਣੀਆ ਕਾਮ ਇੰਦਰੀਆ ਉੱਪਰ ਕੰਟਰੋਲ ਨਾ ਹੋਣਾ ਹੈ ਹ ਹੀ ਸਾਨੂੰ ਸਾਹਿਤ ਦੀ ਹਰ ਵਿਧਾ ਵਿੱਚ ਵਿਸ਼ੇ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ।

ਇਸਤੋਂ ਇਲਾਵਾ ਮਾਲਕ ਤੇ ਨੌਕ ਰ ਦਾ ਰਿਸ਼ਤਾ ਦੇਖ ਸਕਦੇ ਹਾਂ। ਮਾਲਕ ਜੇਕਰ ਅਸੀਂ ਇਸਨੂੰ ਸਧਾਰਨ ਸ਼ਬਦਾਂ ਵਿੱਚ ਪਰਿਭਾਸ਼ਤ ਕਰੀਏ ਜਿਸ ਕੋਲ ਜੀਵਨ ਨੂੰ ਜਿਉਣ ਦੇ ਲਈ ਸਾਰੀਆ ਸਹੂਲਤਾਵਾਂ ਪ੍ਰਾਪਤ ਹੋ ਤੇ ਨੌਕਰ ਜੋ ਇੱਕ-ਇੱਕ ਪਾਈ ਦੇ ਲਈ ਦੂਜੇ ਅੱਗੇ ਮੁਹਤਾਜ਼ ਹੁੰਦਾ ਹੈ। ਜੇਕਰ ਦੂਸਰੇ ਸ਼ਬਦਾ ਵਿੱਚ ਕਹੀਏ ਮਾਲਕ ਉਸ ਸਾਂਈ ਨੂੰ ਕਿਹਾ ਜਾਂਦਾ ਹੈ ਜੋ ਸਾਨੂੰ ਸੁਰੱਖਿਅਤ ਰੱਖਦਾ ਤੇ ਸਾਡੀਆ ਜ਼ਰੂਰਤਾਂ ਨੂੰ ਪੂਰੀਆ ਕਰਦਾ ਹੈ ਪਰ ਅੱਜ ਇਸਦਾ ਅਰਥ ਹੀ ਬਦਲ ਗਿਆ ਹੈ ਸਮਾਜ ਦੀ ਕਾਣੀ ਵੰਡ ਨੇ ਲੋਕਾਂ ਦੇ ਦੋ ਧੜ ਵੰਡ ਤੇ ਹਨ, ਗਰੀਬ ਤੇ ਅਮੀਰ ਇਹ ਅਮੀਰ ਗਰੀਬ ਦੇ ਮਾਲਕ ਬਣ ਹਨ ਤੇ ਗਰੀਬ ਉਸ ਅਮੀਰਾਂ ਦੇ ਮੁਹਤਾਜ਼ ਬਣ ਗਏ ਹਨ ਜਿਵੇਂ ਉਹ ਗਰੀਬਾਂ ਨੂੰ ਆਪਣੇ ਪੈਰਾਂ ਥੱਲ੍ਹੇ ਲਿਤਾੜਨਾ ਚਾਹੁੰਦੇ ਹਨ ਉਸੇ ਤਰਾਂ ਕਰ ਰਹੇ ਹਨ। ਕਦੀ ਉਨ੍ਹਂ ਦਾ ਹੱਕ ਖੋਹ ਕਿ ਕਦੀ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਸਿਤਮ ਦੇ ਕੇ। ਇਹ ਹੀ ਨੌਕਰ ਕਦੀ ਘਰ ਦੇ ਕੰਮ ਕਦੀ ਮਜ਼ਦੂਰੀ ਕਦੀ ਸਿਰੀ ਦੇ ਰੂਪ ਵਿੱਚ ਦੇਖੇ ਜਾਂ ਸਕਦੇ ਹਨ। ਕਿਸਾਨ ਤੇ ਸੀਰੀ ਦਾ ਰਸ਼ਤਾ ਸ਼ਾਹੂਕਾਰ ਤੇ ਆਮ ਕਿਸਾਨ ਦਾ ਰਿਸ਼ਤਾ ਵਾਂਗ ਪ੍ਰਤੀਤ ਹੁੰਦਾ ਹੈ। ਸੀਰੀ ਜੋ ਕਿ ਆਪਣਾ ਖੂਨ ਪਸੀਨਾ ਇੱਕ ਕਰਕੇ ਪੁੱਤਾਂ ਵਾਂਗ ਫਸਲਾਂ ਨੂੰ ਸਿੰਜਦਾ ਹੈ ਜਿਸ ਵਿੱਚ ਬੰਜਰ ਧਰਤੀ ਵਿੱਚੋਂ ਵੀ ਸੋਨੇ ਵਰਗੇ ਫਸਲ ਪੈਦਾ ਕਰਨ ਦੀ ਸ਼ਮਤਾ ਹੁੰਦੀ ਹੈ। ਆਖੀਰ ਉਸਦੇ ਪੱਲੇ ਕੁੱਝ ਵੀ ਨਹੀਂ ਰਹਿੰਦਾ ਕਿਉਂਕਿ ਉਹ ਉਸ ਜ਼ਮੀਨ ਦਾ ਮਾਲਕ ਨਹੀਂ ਹੈ, ਇਹ ਹੀ ਸੀਰੀ ਮਿੱਟੀ ਨਾਲ ਮਿੱਟੀ ਹੋ ਕਿ ਫਸਲ ਨੂੰ ਉਗਾਉਂਦਾ ਹੈ ਆਖਿਰ ਉਸਦਾ ਮੁੱਲ ਵੀ ਮਿੱਟੀ ਵਿੱਚ ਹੀ ਪੈਦਾ ਹੈ ਤੇ ਆਖਿਰ ਜਗੀਰਦਾਰ ਉਸ ਨੂੰ ਮਿੱਟੀ ਵਿੱਚ ਹੀ ਲਿਤਾੜਦੇ ਹਨ।

ਇਸਤੋਂ ਇਲਾਵਾ ਅਸੀਂ ਸਾਡੇ ਸਮਾਜ ਵਿੱਚ ਗੇਹ ਤੇ ਕਿਨਰ ਦਾ ਰਿਸ਼ਤਾ ਦੇਖ ਸਕਦੇ ਹਾਂ। ਇੰਨ੍ਹਾਂ ਨੂੰ ਸਾਡੇ ਸਮਾਜ ਵਿੱਚ ਬੜੇ ਤਿਰਸਕਾਰ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਉਨ੍ਹਾਂ ਤੋਂ ਨਫ਼ਰਤ ਕੀਤੀ ਜਾਂਦੀ ਹੈ। ਇੰਨ੍ਹਾਂ ਨੂੰ ਆਪਣੀਆ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇੰਨੀ ਖੁੱਲ੍ਹ ਨਹੀਂ ਮਿਲਦੀ ਜਿੰਨੀ ਕਿ ਮੁੰਡੇ ਕੁੜੀ ਨੂੰ ਮਿਲਦੀ ਹੈ। ਬਲਜਿੰਦਰ ਨਸਰਾਲੀ ਦੇ ਨਾਵਲ ਵਿੱਚ ਅਸੀਂ ਜਿਨਸੀ ਸੰਬੰਧਾਂ ਨੂੰ ਦੇਖ ਸਕਦੇ ਹਾ ਜਿਸ ਨੂੰ ਬਲਜਿੰਦਰ ਨਸਰਾਲੀ ਨੇ ਬਹੁਤ ਹੀ ਬੇਖੂਬੀ ਨਾਲ ਪੇਸ਼ ਕੀਤਾ ਹੈ:-

> " ਮੰਜੇ ਕੋਲੋਂ ਤੁਰਕੇ ਆਸ਼ੂ ਦੇ ਨੇੜੇ ਆ ਕੇ ਖੜੋਦਿਆ ਕਰਨਬੀਰ ਨੇ ਉਸ ਨੂੰ ਨਜ਼ਰਾਂ ਭਰਕੇ ਤੱਕਿਆ। ਫਿਰ ਇੱਕ ਉਮਾਹ ਜਿਹੇ ਨਾਲ ਉਸਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ। ਇੱਕ ਮਿੰਟ ਬਾਅਦ ਆਸ਼ੂ ਨੇ ਆਪਣੇ ਆਪ ਨੂੰ ਉਸਦੀਆਂ ਬਾਹੋਂ ਵਿੱਚੋਂ ਕੱਢ ਲਿਆ। ਕਰਨਬੀਰ ਉਸ ਨੂੰ ਮੰਜੇ ਤੱਕ ਲੈ ਆਇਆ। ਉਹ ਮੰਜੇ ਦੀ ਬਾਹੀ ਤੇ ਬੈਠ ਗਿਆ ਪਰ ਆਸ਼ੂ ਖੜ੍ਹੀ ਰਹੀ।"[3]

ਇਸ ਤਰਾਂ ਸਾਨੂੰ ਇਸ ਵਿੱਚ ਕਰਨਬੀਰ ਤੇ ਆਸ਼ੂ ਦੇ ਰਿਸ਼ਤੇ ਦਾ ਪਤਾ ਚੱਲਦਾ ਹੈ ਕਿ ਕਰਨਬੀਰ ਜੋ ਕਿ ਆਸ਼ੂ ਨਾਲ ਪਿਆਰ ਕਰਦਾ ਹੈ ਤੇ ਜਿਸ ਕਾਰਨ ਉਹ ਆਸ਼ੂ ਨੂੰ ਘਰਦਿਆ ਤੋਂ ਚੋਰੀ ਉਸ ਨੂੰ ਬਾਹਰ ਮਿਲਣ ਲਈ ਵੀ ਬੁਲਾਉਦਾ ਹੈ ਤੇ ਜਿਸ ਕਾਰਨ ਆਸ਼ੂ ਉਸ ਨੂੰ ਰਾਤ ਨੂੰ ਬਾਹਰ ਇੱਕਲੀ ਮਿਲਣ ਲਈ ਵੀ ਆਉਂਦੀ ਹੈ। ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੇਸ਼ ਆਸ਼ੂ ਦੇ ਗੈਰ ਸੰਬੰਧ ਵੀ ਦੇਖ ਸਕਦੇ ਹਾ। ਜਦੋਂ ਆਸ਼ੂ ਕਾਲਜ ਵਿੱਚ ਪੜ੍ਹਨ ਲੱਗ ਜਾਂਦੀ ਹੈ ਤਾਂ ਉਹ ਕਰਨਬੀਰ ਤੋਂ ਕੰਨੀ ਕਤਰਾਉਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਬਲਜਿੰਦਰ ਨਸਰਾਲੀ ਨੇ ਸਾਨੂੰ ਅਜੋਕੇ ਸਮੇਂ ਦੀ ਸਥਿਤੀ ਨੂੰ ਬਿਆਨ ਕੀਤਾ ਹੈ, ਕਿ ਅਜੋਕੇ ਸਮੇਂ ਵਿੱਚ ਮਨੁੱਖ ਗੈਰ ਮਨੁੱਖੀ ਰਿਸ਼ਤੇ ਉਪਜ ਰਿਹਾ ਹੈ। ਉਨ੍ਹਾਂ ਵਿੱਚ ਨੈਤਿਕ ਕਦਰਾ-ਕੀਮਤਾਂ ਘੱਟਦੀਆਂ ਨਜ਼ਰ ਆ ਰਹੀਆ ਹਨ। ਇਸੇ ਤਰਾਂ ਨਾਵਲ ਵਿੱਚ ਪੇਸ਼ ਅਜਿਹੀ ਸਥਿਤੀ ਨੂੰ ਅਸੀਂ ਦੇਖ ਸਕਦੇ ਹਾਂ:-

> "ਜਦੋਂ ਦੀ ਆਸ਼ੂ ਕਾਲਜ ਵਿੱਚ ਪੜ੍ਹਨ ਲੱਗੀ ਸੀ, ਪਹਿਲਾਂ ਵਾਲੀ ਨਹੀਂ ਸੀ ਰਹੀ। ਹੁਣ ਤਾਂ ਜਮਾਂ ਬਦਲ ਗਏੀ ਸੀ। ਉਸ ਨੂੰ ਮਿਲਣ ਤੋਂ ਕੰਨੀਂ ਕਤਰਾਉਣ ਲੱਗ ਪਈ ਸੀ। ਉਹ ਰਾਤ ਨੂੰ ਦੱਬਵੇਂ ਪੈਰੀ ਉਸਦੀ ਬੈਠਕ ਦੀ ਖਿੜਕੀ ਤੱਕ ਜਾਂਦਾ। ਉਸ ਨੂੰ ਹੌਲ਼ੀ-ਹੌਲ਼ੀ ਵਾਜਾਂ ਮਾਰਦਾ ਪਰ ਆਸ਼ੂ ਬੋਲਦੀ ਹੀ ਨਾ। ਉਹ ਜਾਂਲੀ ਉੱਤੇ ਠੇਲ੍ਹੇ ਮਾਰਦਾ ਪਰ ਉਹ ਕੋਈ ਜੁਆਬ ਨਾ ਦਿੰਦੀ। ਜਿਵੇਂ ਉਹ ਸੌਂ ਗਈ ਹੋਵੇ ਜਾਂ ਜਿਵੇਂ ਉਹ ਉੱਥੇ ਪਈ ਨਾ ਹੋਵੇ। ਕਾਲਜ ਵਿੱਚ ਉਨ੍ਹਾਂ ਦਾ ਸਾਹਮਣਾ ਕਦੇ-ਕਦੇ ਹੁੰਦਾ। ਕਾਲਜ ਬਹੁਤ ਵੱਡਾ ਸੀ। ਜਦੋਂ ਵੀ ਉਹ ਟੱਕਰਦੀ, ਉਹ ਉਸਦੀਆਂ ਅੱਖਾਂ ਵਿੱਚ ਨਵੇਂ-ਨਵੇਂ ਬਿੰਬ ਤੈਰਦੇ ਦੇਖਦਾ।"[4]

ਇਸਤੋਂ ਇਲਾਵਾ ਨਾਵਲ ਵਿੱਚ ਪੇਸ਼ ਕਾਮ ਸੰਬੰਧਾਂ ਕਾਰਨ ਉਪਭੋਗਤਾਵਾਦ ਨੂੰ ਵੀ ਦਿਖਾਇਆ ਗਿਆ ਹੈ ਕਿ ਕਿਵੇਂ ਇਸ ਕਾਰਨ ਫੈਸ਼ਨ ਵੱਧ ਰਿਹਾ ਹੈ। ਦਿਖਾਵਾ ਵੀ ਵੱਧ ਰਿਹਾ ਹੈ ਤੇ ਪਿਆਰ ਬਿਲਕੁਲ ਹੀ ਘੱਟ ਰਿਹਾ ਹੈ। ਵਿਸ਼ਵੀਕਰਨ ਨੂੰ ਸਭ ਤੋਂ ਵੱਡਾ ਖਤਰਾ ਸੱਭਿਆਚਾਰ ਦਰਪੇਸ਼ ਦਾ ਹੈ। ਪਿਛਲੇ ਸਾਲਾਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਸਾਡੀਆ ਰੋਜ਼ਾਨਾ ਦੀਆਂ ਵਿੱਚ ਬਜ਼ਾਰੀਕਰਨ ਦੀ ਦਖਲ ਅੰਦਾਜ਼ੀ ਇੰਨ੍ਹੀ ਵੱਧ ਗਈ ਹੈ ਕਿ ਅਸੀਂ ਗਲੋਬਲ ਕਲਚਰ ਵੱਲ ਨੂੰ ਚੱਲਦੇ ਜਾਂ ਰਹੇ ਹਾਂ। ਕਲਚਰ ਕੇਵਲ ਸਾਡੀ ਜੀਵਨ ਜਾਂਚ

ਢੰਗ ਨੂੰ ਹੀ ਨਹੀਂ ਬਲਕਿ ਸਾਡੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਵਰਤਮਾਨ ਪੂੰਜੀਵਾਦ ਢੰਗ ਨੇ ਸਾਡੇ ਪੁਰਾਤਨ ਤੌਰ-ਤਰੀਕਿਆਂ ਨੂੰ ਬਦਕ ਕੇ ਰੱਖ ਦਿੱਤਾ ਹੈ । ਖ਼ਪਤ ਜੀਵਨ ਸ਼ੈਲੀ ਨੇ ਅੱਜ ਹਰ ਵਸਤੂ ਨੂੰ ਖ਼ਪਤ ਬਣਾ ਦਿੱਤਾ ਹੈ। ਖ਼ਪਤ ਸਾਡੇ ਰੋਜ਼ਾਨਾ ਜੀਵਨ ਵਿਵਹਾਰ ਦਾ ਅੰਗ ਬਣ ਚੁੱਕੀ ਹੈ। ਪਿਛਲੇ ਕੁੱਝ ਸਮੇਂ ਤੋਂ ਖ਼ਪਤ ਸੱਭਿਆਚਾਰ ਇੱਕ ਨਵੀਨ ਵਿਸ਼ੇ ਵਜੋਂ ਸਾਡੇ ਸਾਹਮਣੇ ਆਇਆ ਹੈ। ਖ਼ਪਤ ਸੱਭਿਆਚਾਰ ਨੂੰ ਅਸੀਂ ਹੇਠ ਲਿਖੇ ਅਨੁਸਾਰ ਪ੍ਰਭਾਸ਼ਿਤ ਕਰ ਸਕਦੇ ਹਾਂ:-

"ਖ਼ਪਤ ਜੀਵਨ ਸ਼ੈਲੀ ਨੇ ਅੱਜ ਹਰ ਚੀਜ਼ ਨੂੰ ਖ਼ਪਤ-ਵਸਤ ਬਣਾ ਦਿੱਤਾ ਹੈ, ਜਿਸ ਨੂੰ ਵੇਚਿਆ,
ਵਟਾਇਆ ਜਾਂ ਸਕਦਾ ਹੈ।ਅੱਜ ਹਰ ਸੱਭਿਆਚਾਰ ਇਕਾਈ ਜਿਵੇਂ ਗੀਤ, ਸੰਗੀਤ, ਨਾਚ, ਥੀਏਟਰ,
ਸਿਨੇਮਾ, ਕਲਾ ਤੇ ਸਾਹਿੱਤ ਨੂੰ ਅਜਿਹਾ ਰੂਪ ਦਿੱਤਾ ਜਾਂ ਰਿਹਾ ਹੈ ਕਿ ਉਹ ਵਿਕ ਸਕੇ
ਅਤੇ ਵੱਧ ਤੋਂ ਵੱਧ ਮੁਨਾਫਾ ਕਮਾ ਸਕੇ।"[5]

ਉਪਭੋਗਤਾਵਾਦ ਨੂੰ ਅਸੀਂ ਨਾਵਲ ਵਿੱਚ ਵੀ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ :-

"ਤੂੰ ਜੀਨ ਦੀ ਪੈਂਟ ਕਿਉਂ ਨਹੀਂ ਪਾਉਂਦਾ ਹੁੰਦਾ, ਕਰਨ?" ਉਸ ਨੂੰ ਆਸ਼ੂ ਦਾ ਕਈ ਮਹੀਨੇ
ਪਹਿਲਾਂ ਕਿਹਾ ਡਾਇਲਾਗ ਚੇਤੇ ਆ ਗਿਆ। ਆਸ਼ੂ ਦੇ ਆਖਣ ਤੇ ਉਸਨੇ ਆਪਣੀ ਖਾਸ
ਮੌਕਿਆਂ ਲਈ ਲੈ ਕੇ ਰੱਖੀ ਨੀਲੀ ਜੀਨ ਤੇ ਹਰੀ ਟੀ ਸ਼ਰਟ ਪਾਉਣੀ ਸ਼ੁਰੂ ਕਰ ਦਿੱਤੀ ਸੀ।"[6]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਹੋਰ ਵੀ ਅਜਿਹੀਆ ਸਥਿਤੀਆਂ ਨੂੰ ਦੇਖ ਸਕਦੇ ਹਾਂ ਨਾਵਲ ਵਿੱਚ ਕਰਨਬੀਰ ਆਸ਼ੂ ਨਾਲ ਬਾਰ-ਬਾਰ ਗੈਰ ਸੰਬੰਧ ਬਣਾਉਣ ਦੀ ਕੋਸ਼ਿਸ ਕਰਦਾ ਹੈ ਓਤੇ ਆਸ਼ੂ ਵੀ ਕਰਨਬੀਰ ਨਾਲ ਗੈਰ ਸੰਬੰਧ ਬਣਾਉਦੀ ਹੈ। ਜਿਸ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਨੈਤਿਕ ਕਦਰਾ-ਕੀਮਤਾਂ ਕਿੰਨੀਆਂ ਘੱਟਦੀਆਂ ਜਾਂ ਰਹੀਆ ਹਨ। ਇਸਦਾ ਸਭ ਤੋਂ ਵੱਡਾ ਕਾਰਨ ਸਾਡਾ ਸਮਾਜ ਪੱਛਮੀ ਸੱਭਿਅਤਾ ਵਿੱਚ ਜਜ਼ਬ ਹੋ ਕਿ ਆਪਣੀਆ ਨੈਤਿਕ ਕਦਰਾ -ਕੀਮਤਾਂ ਨੂੰ ਭੁੱਲਦਾ ਜਾਂ ਰਿਹਾ ਹੈ । ਜਿਸ ਕਾਰਨ ਕਿ ਅਨੈਤਿਕ ਖੁੱਲ੍ਹ ਦੇ ਭਿਆਨਕ ਰੂਪ ਸਾਡੇ ਸਾਹਮਣੇ ਆ ਰਹੇ ਹਨ।ਬੇਲਗਾਮ ਮਨੁੱਖ ਦੀ ਹਵਸ਼ ਅੱਗੇ ਸਮਾਜਿਕ ਰਿਸ਼ਤਿਆਂ ਦੀ ਪਵਿੱਤਰਤਾ ਖੇਰੂ-ਖੇਰੂ ਹੁੰਦੀ ਨਜ਼ਰ ਆ ਰਹੀ ਹੈ। ਸ਼ਰਮ, ਰੱਬ ਦਾ ਡਰ, ਹਯਾ ਸਭ ਖਤਮ ਹੁੰਦਾ ਜਾਂ ਰਿਹਾ ਹੈ। ਭਾਰਤ ਦੀਆਂ ਧਾਰਮਿਕ ਕਦਰਾਂ-ਕੀਮਤਾਂ ਜੋ ਕਿ ਨੈਤਿਕਤਾ ਜੋ ਕਿ ਸਦਾਚਾਰਕ ਬੰਧਨਾਂ ਵਿੱਚ ਜਕੜੀਆਂ ਹੋਈਆ ਸਨ, ਉਹ ਅੱਜ ਖੁਦ ਅਨੈਤਿਕਤਾ ਦਾ ਸ਼ਿਕਾਰ ਹੋ ਰਹੀਆ ਹਨ। ਜਿਸ ਨੂੰ ਅਸੀਂ ਬਲਜਿੰਦਰ ਨਸਰਾਲੀ ਦੁਆਰਾ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ :-

"ਉਹ ਬੈਂਡ ਤੇ ਆ ਬੈਠੇ। ਆਸ਼ੂ ਦੇ ਲੱਕ ਦੁਆਲੇ ਕਰਨਬੀਰ ਨੇ ਫਿਰ ਬਾਂਹ ਵਲਾ ਲਈ,
ਪਰ ਉਸਦੀ ਪਕੜ ਵਿੱਚ ਨਿੱਘ ਨਹੀਂ ਸੀ। ਆਸ਼ੂ ਦਾ ਸਰੀਰ ਵੀ ਠੰਢਾ ਸਾਰ ਸੀ।
ਉਸਨੇ ਸਿਰ ਘੁਮਾਕੇ ਦੇਖਿਆ-ਬਰਾਬਰ ਜਪੀ ਪਈ ਸੀ, ਆਸ਼ੂ ਦੀ ਛੋਟੀ ਭੈਣ। ਸਕੂਲ
ਵਿੱਚ ਉਹ ਅੱਠਵੀਂ ਵਿੱਚ ਪੜ੍ਹਦੀ ਸੀ।"[7]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੇਸ਼ ਨਵਦੀਪ ਦੀ ਸਥਿਤੀ ਨੂੰ ਵੀ ਦੇਖ ਸਕਦੇ ਹਾਂ ਜਿਸ ਵਿੱਚ ਮਨੁੱਖ ਦੀ ਜਸਮਾਨੀ ਤੇ ਰੂਹਾਨੀ ਸਰੀਰਕ ਖਾਹਿਸ਼ਾ ਦੀ ਪੂਰਤੀ ਲਈ ਗ੍ਰਹਿਸਥ ਅਵਸਤਾ ਵੀ ਪਾਰ ਕਰ ਦਿੰਦੀਆਂ ਹਨ। ਅੱਜ ਦੁਨੀਆ ਭਰ ਵਿੱਚ ਮਨੁੱਖ

ਇੰਦਰੀ ਸੁੱਖਾਂ ਨੂੰ ਭਾਲਦਾ ਫਿਰ ਰਿਹਾ ਹੈ। ਆਪਣੀਆਂ ਇਛਾਵਾਂ ਦੀ ਪੂਰਤੀ ਲਈ ਖੇਡੀ ਜਾਂ ਰਹੀ ਖੇਡ ਮਨੁੱਖ ਲਈ ਭਟਕਣਾ ਪੈਦਾ ਕਰ ਰਹੀ ਹੈ। ਮਨੁੱਖ ਕਾਮ ਵਾਸ਼ਨਾ ਦੀ ਪੂਰਤੀ ਲਈ ਅੰਨ੍ਹਾਂ ਹੋਇਆ ਡਿੱਗਦਾ ਹੈ ਪ੍ਰੰਤੂ ਫਿਰ ਵੀ ਉਸਦੀ ਇਹ ਅੱਗ ਨਹੀਂ ਬੁੱਝ ਰਹੀ। ਮਨੁੱਖ ਕੁੱਝ ਪਲ ਲਈ ਤਾਂ ਅਨੰਦ ਮਾਣਦਾ ਹੈ, ਪ੍ਰੰਤੂ ਬਾਅਦ ਵਿੱਚ ਉਸ ਨੂੰ ਕਰੋੜਾਂ ਹੀ ਦੁੱਖ ਭੋਗਣੇ ਪੈਂਦੇ ਹਨ। ਗੁਰਮਤਿ ਫ਼ਲਸਫ਼ਾ ਵੀ ਇਸ ਸੰਬੰਧ ਵਿੱਚ ਬਹੁਤ ਸਪੱਸ਼ਟ ਚਿਤਾਵਨੀ ਦਿੰਦਾ ਹੈ:-

" ਨਿਮਨ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ,
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ "[8]

ਇਸ ਤਰਾਂ ਬਲਜਿੰਦਰ ਨਸਰਾਲੀ ਦੁਆਰਾ ਨਾਵਲ ਵਿੱਚ ਅਜਿਹੇ ਰਿਸ਼ਤਿਆਂ ਨੂੰ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ:-

> “ਨਵਦੀਪ ਦਾ ਸਾਹਮਣਾ ਅਕਸਰ ਕਾਂਤੀ ਨਾਲ ਹੋ ਜਾਂਦਾ। ਉਹ ਉਸ ਨੂੰ ਚਾਚੀ ਆਖਦਾ। ਉਸ ਨੂੰ ਦੇਖਦਾ ਹੀ ਰਹਿ ਜਾਂਦਾ। ਉਹ ਤਾਂ ਅਜੇ ਵੀ ਉਹੋ ਜਿਹੀ ਹੀ ਪਈ ਸੀ। ਵਿਆਹ ਦੇ ਦਸ ਸਾਲ ਉਸ ਨੂੰ ਛੂਹ ਕਿ ਵੀ ਨਹੀਂ ਲੰਘੇ ਸਨ। ਉਸਦਾ ਕੱਦ ਦਰ ਮਿਆਨਾ, ਰੰਗ ਗੋਰਾ ਤੇ ਅੰਗ ਗੋਲਾਈਦਾਰ ਸਨ। ਉਸਦੀ ਸਾਰੀ ਹੋਂਦ ਹੀ ਖ਼ੂਬਸੂਰਤੀ ਦਾ ਮੁਜ਼ੱਸਮਾ ਸੀ। ਉਸਦੀ ਲੰਮੀ ਗੁੱਤ, ਜਦੋਂ ਉਹ ਤੁਰਦੀ, ਸੱਪਣੀ ਵਾਂਗ ਮੇਲ੍ਹਦੀ, ਗੁੱਤ ਦਾ ਸਿਰਾ ਉਸਦੇ ਭਰਵੇਂ ਨਿਤੰਭਾਂ ਨੂੰ ਛੂੰਹਦਾ। ਉਹ ਦੋ ਜੁਆਕਾਂ ਨੂੰ ਦੁੱਧ ਚੁੰਘਾ ਚੁੱਕੀ ਸੀ ਪਰ ਉਸਦੀਆਂ ਛਾਤੀਆਨ ਵਿੱਚ ਅਜੇ ਵੀ ਕੁਆਰੀ ਕੁੜੀ ਦੀਆਂ ਛਾਤੀਆਂ ਵਰਗੀ ਸੁਡੌਲਤਾ ਸੀ। ਉਨ੍ਹਾਂ ਦੇ ਘਰੇ ਇਕੋਲਾਹੇ ਦਾ ਇਕ ਮੁੰਡਾ ਬੁਲਟ ਤੇ ਅਕਸਰ ਹੀ ਆਉਂਦਾ। ਲੋਕ ਦੱਬਵੀਂ ਸੁਰ ਵਿੱਚ ਉਨ੍ਹਾਂ ਬਾਰੇ ਸ਼ੱਕ ਭਰੀਆਂ ਗੱਲਾਂ ਕਰਦੇ ਪਰ ਜਦੋਂ ਉਹ ਸ਼ਰੇਆਮ ਉਸ ਨਾਲ ਮੋਟਰ-ਸਾਈਕਲ ਤੇ ਬੈਠਕੇ ਜਾਣ ਲੱਗੀ ਤਾਂ ਚਰਚਾ ਅੱਗੇ ਵਾਂ ਹੀ ਮੱਚ ਪਈ।[9]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੇਸ਼ ਭੱਪ ਕੁੜੀ ਨੂੰ ਦੇਖ ਸਕਦੇ ਹਾਂ ਮਨੁੱਖ ਦੀਆਂ ਨੈਤਿਕ ਕਦਰਾ-ਕੀਮਤਾਂ ਕਿਸੇ ਵੀ ਸਮਾਜ ਦੀਆਂ ਪੁਰਾਤਨ ਪਵਿੱਤਰਤਾਂ ਰਾਹੀ ਨਿਰਧਾਰਿਤ ਹੁੰਦੀਆਂ ਹਨ। ਧਰਮ ਮਨੁੱਖ ਨੂੰ ਨੈਤਿਕਤਾ ਪ੍ਰਦਾਨ ਕਰਨ ਦਾ ਇੱਕ ਢੰਗ ਹੈ। ਸਾਡੇ ਤੇ ਪੱਛਮ ਦੇ ਸੱਭਿਆਚਾਰ ਵਿੱਚ ਇਹ ਹੀ ਫਰਕ ਹੈ ਕਿ ਪੱਛਮ ਦੇ ਸੱਭਿਆਚਾਰ ਨੇ ਮੁੱਨਖ ਨੂੰ ਸਿਧਾਂਤ ਤੇ ਸੰਕਲਪ ਨਹੀਂ ਦਿੱਤੇ। ਸਾਡਾ ਸਮਾਜ ਜੋ ਕਿ ਉੱਚੀਆ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਸੀ । ਅੱਜ ਉਸ ਦੀ ਜਗਾਂ ਸਾਡੀ ਝੋਲੀ ਵਿੱਚ ਬੇਸ਼ਰਮੀ , ਨਿਰਲੱਜਤਾ, ਲੱਚਰਤਾ ਵਰਗੇ ਧੱਬੇ ਲੱਗ ਗਏ ਹਨ । ਜਿਹੜੇ ਦਿਨੋ-ਦਿਨ ਗੂੜੇ ਹੁੰਦੇ ਜਾਂ ਰਹੇ ਹਨ । ਆਜ਼ਾਦੀ ਦੁਆਰਾ ਆਈ ਖੁੱਲ੍ਹ ਨੇ ਭਾਈਚਾਰਕ ਬੰਧਨਾਂ ਨੂੰ ਬਿਲਕੁਲ ਤਹਿਸ-ਨਹਿਸ ਕਰ ਦਿੱਤਾ ਹੈ। ਜਿਸ ਆਜ਼ਾਦੀ ਨੂੰ ਮਾਣਨ ਦੀ ਗੱਲ ਜੋ ਨਵੀਂ ਪੀੜ੍ਹੀ ਕਰਦੀ ਹੈ, ਉਹ ਪ੍ਰਪੱਕਤਾ ਤੋਂ ਬਾਝੀ ਹੋਣ ਕਾਰਨ ਭਟਕਣ ਦੀ ਸ਼ਿਕਾਰ ਹੋ ਗਈ ਹੈ ।ਸਾਡੇ ਸਮਾਜ ਦੀਆਂ ਜੋ ਉੱਚੀਆ- ਸੁੱਚੀਆਂ ਕਦਰਾਂ-ਕੀਮਤਾਂ ਜੋ ਕਿ ਸਾਡੀ ਪਛਾਣ ਹਨ ਉਨ੍ਹਾਂ ਨੂੰ ਗਵਾ ਕਿ ਸਾਡੇ ਕੋਲ ਕੁੱਝ ਵੀ ਨਹੀਂ ਬਚਦਾ, ਜਿਸਮ ਦੇ ਲੋਭ ਕਾਰਨ ਅਸੀਂ ਆਪਣੇ ਆਪ ਨੂੰ ਭੁੱਲਦੇ ਜਾਂ ਰਹੇ ਹਾਂ ਅਜਿਹੀ ਹੀ ਜਿਸਮ ਦਾ ਦਿਖਵਾ ਕਰ ਰਹੀ ਭੱਪ ਜੋ ਕਿ ਨਾਵਲ ਵਿੱਚ ਪੇਸ਼ ਕੀਤੀ ਗਈ ਹੈ, ਜੋ ਕਿ ਹਾ ਕਿਸੇ ਨੂੰ ਆਪਣੇ ਜਿਸਮ ਦਾ ਦਿਖਾਵਾ ਕਰਕੇ ਆਕਰਸ਼ਿਤ ਕਰਨਾ ਚਾਹੁੰਦੀ ਹੈ :-

"ਕਰਨਬੀਰ ਘੁਮਿਆਰਾਂ ਦੇ ਅਰਸ਼ਕ ਦੀ ਦੁਕਾਨ ਤੋਂ ਕਾਪੀ ਖਰੀਦ ਕੇ ਬਾਹਰ ਨਿਕਲਿਆ ਤਾਂ ਉਸ ਨੂੰ ਪ੍ਰਾਇਮਰੀ ਸਕੂਲ ਦੇ ਪਿਛਲੇ ਪਾਸੇ ਵੱਲੋਂ ਪਾਖ਼ਰ ਫੌਜੀ ਦੀ ਕੁੜੀ ਭੱਪ ਆਉਂਦੀ ਦਿਖਾਈ ਦਿੱਤੀ। ਭੱਪ ਪਿੰਡ ਦੀ ਇੱਕ ਵਿਗੜੀ ਹੋਈ ਕੁੜੀ ਸੀ। ਸੋਹਣੀ ਬਹੁਤੀ ਨਹੀਂ ਸੀ ਪਰ ਉਸਦੀ 'ਘੈਂਟ' ਸਖ਼ਸ਼ੀਅਤ ਹਰ ਮੁੰਡੇ-ਖੁੰਡੇ ਨੂੰ ਆਕਰਸ਼ਿਤ ਕਰਦੀ। ਕਰਨਬੀਰ ਉਸ ਨੂੰ ਨੇੜੇ ਤੋਂ ਦੇਖਣ ਦਾ ਲਾਲਚ ਨਾ ਤਿਆਗ ਸਕਿਆ। ਪਰ ਉਸਤੋਂ ਪਹਿਲਾ ਉਸ ਨੂੰ ਕੀਤੂ ਮਿਸਤਰੀ ਦੀਆਂ ਗੱਲਾਂ ਸੁਣਨੀਆ ਪੈਣੀਆਂ ਸਨ ਕਿਉਂਕਿ ਪਿਛਲੇ ਦਿਨਾਂ ਵਿਚ ਉਹ ਦੋ ਵਾਰ ਕਰਨਬੀਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਚੁੱਕਿਆ ਸੀ ਪਰ ਕਰਨਬੀਰ ਜਲਦੀ ਵਿੱਚ ਹੁੰਦਾ ਸੀ।"[10]

ਇਸਤੋਂ ਇਲਾਵਾ ਰਾਜਨੀਤੀ ਵੀ ਜਿਸਮਾਂ ਦੇ ਲੋਭ ਨੂੰ ਬੜਾਵਾ ਦੇ ਰਹੀ ਹੈ, ਆਪਣੀ ਸੱਤਾ ਜਿੱਤਣ ਦੇ ਲਈ ਸਰਕਾਰ ਕੁੱਝ ਵੀ ਕਰ ਸਕਦੀ ਹੈ।ਸਰਕਾਰ ਆਪਣੀ ਸੱਤਾ ਨੂੰ ਵਧਾਉਣ ਲਈ ਵੱਧ ਤੋਂ ਵੱਧ ਜਿਸਮ ਨੂੰ ਬੜਾਵਾ ਦਿੰਦੀ ਨਜ਼ਰ ਆਉਂਦੀ ਹੈ, ਬਲਜਿੰਦਰ ਨਸਰਾਲੀ ਦੁਆਰਾ ਅਦੀ ਨਾਵਲ ਵਿੱਚ ਪੇਸ਼ ਕੀਤਾ ਦੇਖ ਸਕਦੇ ਹਾਂ ਕਿ ਕਿਵੇਂ ਸਰਕਾਰ ਗੁਲਸ਼ਨ ਨਾ ਦੀ ਗਾਇਕਾ ਦਾ ਸਹਾਰਾ ਲੈ ਕਿ ਆਪਣੀ ਸੱਤਾ ਖੇਡਦੀ ਹੈ ਤੇ ਲੋਕਾਂ ਦਾ ਧਿਆਨ ਕੰਮ ਤੋਂ ਭਟਕਾਉਂਦੀ ਹੈ। :-

"ਗੁਲਸ਼ਨ ਨਾਂ ਦੀ ਗਾਇਕ ਗਾਇਕੀ ਪੱਖੋਂ ਤਾਂ ਠੀਕ-ਠਾਕ ਹੀ ਸੀ ਪਰ ਉਸਦੇ ਸਰੀਰ ਨੂੰ ਦੇਖ ਕੇ 'ਫੂਲ ਖਿਲੇ ਹੈ' ਗੁਲਸ਼ਨ- ਗੁਲਸ਼ਨ' ਦੀ ਪੰਕਤੀ ਜ਼ਰੂਰ ਯਾਦ ਆ ਜਾਂਦੀ ਸੀ। ਉਸਦਾ ਕੱਦ ਦਰਮਿਆਨਾ ਤੇ ਛਾਤੀਆਂ ਤੋਤਾ-ਪੁਰੀ ਅੰਬ ਵਰਗੀਆ ਸਨ। ਤਿੱਖੀਆਂ ਨਜ਼ਰਾਂ ਲੋਕਾਂ ਦੇ ਅੰਦਰ ਤੱਕ ਲਹਿ-ਲਹਿ ਜਾਂਦੀਆਂ।ਉਸਦੀਆਂ ਕਾਮੁਕ ਅਦਾਵਾਂ ਕੰਮ ਦੇ ਭੰਨੇ ਜੱਟਾਂ ਤੇ ਕਾਮਿਆਂ ਦੇ ਅੰਦਰ ਜਲੂਣ ਜਿਹੀ ਛੇੜਦੀਆਂ।[11]

ਇਸਤੋ ਇਲਾਵਾ ਅਸੀਂ ਦੋਸਤੀ ਦੇ ਰਿਸ਼ਤੇ ਨੂੰ ਵੀ ਦੇਖ ਸਕਦੇ ਹਾਂ ਇਨਸਾਨ ਮੋਹ ਭਰੇ ਰਿਸ਼ਤਿਆਂ ਵਿੱਚ ਬੱਝਾ ਹੋਇਆ ਹੈ। ਇੰਨ੍ਹਾਂ ਵਿੱਚੋਂ ਕੁੱਝ ਰਿਸ਼ਤੇ ਤਾਂ ਖ਼ੂਨ ਦੇ ਹੁੰਦੇ ਹਨ . ਜੋ ਕਿ ਸਾਨੂੰ ਕੁਦਰਤ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ। ਪ੍ਰੰਤੂ ਦੋਸਤੀ ਇੱਕ ਅਜਿਹਾ ਰਿਸ਼ਤਾ ਹੈ ਜਿਸ ਨੂੰ ਇਨਸਾਨ ਆਪ ਖੁਦ ਬਣਾਉਦਾ ਹੈ। ਦੋਸਤ ਵਿਸ਼ਵਾਸ ਤੇ ਪਿਆਰ ਦਾ ਪ੍ਰਤੀਕ ਹੁੰਦਾ ਹੈ। ਵਿਸ਼ਵਾਸ ਤੇ ਸਚਾਈ ਦੇ ਦੁਆਲੇ ਘੁੰਮਦਾ ਹੈ ਦੋਸਤੀ ਦਾ ਰਿਸ਼ਤਾ। ਉਮਰ ਦੇ ਲੰਘਦਿਆ ਅਸੀਂ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਾਂ ਤੇ ਉਨ੍ਹਾਂ ਨਾਲ ਵਿਚਰਦੇ ਹਾਂ। ਇੰਨ੍ਹਾਂ ਵਿੱਚੋਂ ਹੀ ਕੁੱਝ ਸਾਡੇ ਦੋਸਤ ਬਣ ਜਾਂਦੇ ਹਨ ਤੇ ਇਹ ਸਾਂਝ ਉਮਰਾਂ ਭਰ ਲਈ ਪੈ ਜਾਂਦੀ ਹੈ। ਪ੍ਰੰਤੂ ਇਹ ਦੋਸਤੀ ਕਈ ਵਾਰ ਉਮਰ ਭਰ ਲਈ ਵਿਛੋੜੇ ਦਾ ਕਾਰਨ ਵੀ ਬਣ ਜਾਂਦੀ ਹੈ। ਕਈ ਵਾਰ ਦੋਸਤ, ਦੋਸਤ ਨਾਲ ਹੀ ਵਿਸ਼ਵਾਸਘਾਤ ਕਰ ਜਾਂਦਾ ਹੈ ਤੇ ਉਸ ਨੂੰ ਹੀ ਧੋਖਾਂ ਦੇਣ ਲੱਗ ਜਾਂਦਾ ਹੈ। ਅਜਿਹੀ ਹੀ ਸਥਿਤੀ ਅਸੀਂ ਨਾਵਲ ਵਿੱਚ ਬਲਜਿੰਦਰ ਨਸਰਾਲੀ ਦੇ ਨਾਵਲ ਵਿੱਚ ਪਤਲੀ ਤੇ ਕਰਨਬੀਰ ਦੀ ਦੇਖ ਸਕਦੇ ਹਾਂ:-

"ਕੀ?" ਕਰਨਬੀਰ ਨੇ ਸ਼ਬਦ ਨੂੰ ਲਮਕਾਉਂਦਿਆਂ ਕਿਹਾ। ਉਹ ਪਾਲੀ ਦੇ ਇਸ ਸਵਾਲ ਲਈ ਤਿਆਰ ਹੋ ਚੁੱਕਾ ਸੀ। ਉਸਨੇ ਪਾਲੀ ਨਾਲ ਆਪਣੇ ਹੁਣ ਤੱਕ ਦੇ ਸੰਬੰਧਾਂ ਦੇ ਇਤਿਹਾਸ ਤੇ ਨਜ਼ਰ ਮਾਰੀ ਸੀ। ਉਹ ਅਨੁਮਾਨ ਲਾ ਰਿਹਾ ਸੀ ਕਿ ਪਾਲੀ ਕੀ ਪੁੱਛਣਾ ਚਾਹੁੰਦਾ ਸੀ। ਉਸਨੇ ਕਦੇ ਉਨ੍ਹਾਂ ਦੇ ਪਰਿਵਾਰ ਦਾ ਬੁਰਾ

ਨਹੀਂ ਸੀ ਕੀਤਾ। ਉਸ ਨੂੰ ਖੁੜਕਸੀ ਕਿ ਉਹ ਆਸ਼ੂ ਬਾਰੇ ਪੁੱਛੇਗਾ। ਉਸਦੇ ਅੰਦਾਜ਼ ਤੋਂ ਇਹ ਪਤਾ ਲੱਗਦਾ ਸੀ। ਕਰਨਬੀਰ ਉਨ੍ਹਾਂ ਸ਼ਬਦਾਂ ਨੂੰ ਤਰਤੀਬ ਦੇਣ ਲੱਗਾ ਜਿਹੜੇ ਉਸਨੇ ਕਹਿਣੇ ਸਨ। ਚਿਹਰੇ ਦੇ ਹਾਵ-ਭਾਵ ਕਿਹੋ ਜਿਹੇ ਰੱਖਣੇ ਸਨ।"[12]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਪੂੰਜੀਵਾਦ ਵੱਧ ਹੋਣ ਕਾਰਨ ਜਾਂ ਉਪਭੋਗਤਾਵਾਦ ਹੋਣ ਕਾਰਨ ਸਾਡੇ ਕੱਪੜਿਆਂ ਵਿੱਚ ਵੀ ਪਰਿਵਰਤਨ ਆ ਰਿਹਾ ਹੈ, ਤੇ ਜਿਸ ਕਾਰਨ ਕਿ ਸਾਡੇ ਕੱਪੜੇ ਪੂਰੇ ਤੋਂ ਹੁਣ ਅੱਧੇ ਹੀ ਰਹਿ ਗਏ ਹਨ। ਜ਼ਿਆਦਾ ਇਹ ਰਿਵਾਜ਼ ਅਸੀਂ ਫੌਰਨ ਕੰਟਰੀਆ ਵਿੱਚ ਦੇਖ ਸਕਦੇ ਹਾਂ। ਜਿੱਥੇ ਅਜਿਹੇ ਕੱਪੜੇ ਪਾਉਣ ਦਾ ਰਿਵਾਜ ਸਾਨੂੰ ਆਮ ਦਿਖਾਈ ਦਿੰਦਾ ਹੈ। ਅਜਿਹੀ ਹੀ ਸਥਿਤੀ ਅਸੀਂ ਨਾਵਲ ਵਿੱਚ ਪੇਸ਼ ਕੀਤੀ ਗਈ ਦੇਖ ਸਕਦੇ ਹਾਂ । ਜਿਸ ਵਿੱਚ ਤਿਬਤੀ ਕੁੜੀਆਂ ਜੋ ਕਿ ਅਜਿਹੇ ਹੀ ਕੱਪੜਿਆਂ ਨੂੰ ਤਰਜੀਹ ਦਿੰਦੀਆਂ ਹਨ ਤੇ ਬਾਕੀਆ ਦਾ ਮਨ ਉਨ੍ਹਾਂ ਨੂੰ ਦੇਖ ਕੇ ਭਟਕਦਾ ਦਿਖਾਈ ਦਿੰਦਾ ਹੈ। ਇਸਨੂੰ ਅਸੀਂ ਨਾਵਲ ਵਿੱਚ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ:-

"ਉਨ੍ਹਾਂ ਦੇ ਅੱਗੇ-ਅੱਗੇ ਤਿਬਤੀ ਕੁੜੀਆ ਦੀ ਟੋਲੀ ਤੁਰੀ ਜਾਂ ਰਹੀ ਸੀ। ਮਿੰਨੀ ਟਰਾਊਜ਼ਰ ਜਿੱਥੇ ਖਤਮ ਹੁੰਦਾ ਸੀ, ਉੱਥੇ ਹੀ ਉਨ੍ਹਾਂ ਕੁੜੀਆ ਦੀ ਸੁਡੌਲ ਗੋਰੀਆ ਪਿੰਜਣੀਆਂ ਸ਼ੁਰੂ ਹੁੰਦੀਆਂ ਸਨ। ਕੁੜੀਆ ਦੀਆਂ ਲੱਤਾਂ ਦਾ ਨੰਗਾ ਭਾਗ ਏਨਾ ਸਾਫ਼-ਸਾਫ਼ ਸੀ ਕਿ ਉਸ ਉਤੇ ਇਕ ਵੀ ਵਾਲ ਦਿਖਾਈ ਨਹੀਂ ਦਿੰਦਾ ਸੀ। ਤਿਬਤੀ ਖੂਬਸੂਰਤੀ ਦੀ ਇਸ ਅਨੂਠੀ ਝਲਕ ਨੇ ਉਸ ਨੂੰ ਉਸ ਉਦਾਸੀ ਵਿੱਚੋਂ ਬਾਹਰ ਕੱਢ ਦਿੱਤਾ ਜਿਹੜੀ ਸੋਫੀਆ ਸਦਕਾ ਉਸਦੇ ਅੰਦਰ ਪੈਦਾ ਹੋ ਗਈ ਸੀ।"[13]

ਇਸ ਤਰਾਂ ਇਸ ਨਾਵਲ ਵਿੱਚ ਪਾਲੀ ਤੇ ਰਿੰਪੀ ਦੇ ਗੇਹ ਸੰਬੰਧਾਂ ਨੂੰ ਵੀ ਦਿਖਾਇਆ ਗਿਆ ਹੈ, ਗੇਹ ਸੰਬੰਧਾਂ ਨੂੰ ਨਾਵਲ ਵਿੱਚ ਪੇਸ਼ ਕੀਤਾ ਗਿਆ ਹੈ। ਗੇਹ ਅਜਿਹੇ ਇਨਸਾਨਾ ਨੂੰ ਕਿਹਾ ਉਜਾਂਦਾ ਹੈ ਜਿੰਨ੍ਹਾਂ ਦੀ ਬਾਹਰੀ ਦਿਖ ਤਾਂ ਮੁੰਡਿਆ ਵਰਗੀ ਹੁੰਦੀ , ਹੈ, ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਤਾਂ ਬਿਲਕੁਲ ਕੁੜੀਆ ਵਰਗੀਆ ਹੀ ਹੁੰ ਦੀਆਂ ਹਨ। ਅਜਿਹੀ ਹੀ ਸਥਿਤੀ ਅਸੀਂ ਨਾਵਲ ਵਿੱਚ ਰਿੰਪੀ ਤੇ ਪਾਲੀ ਨੂੰ ਦੇਖ ਸਕਦੇ ਹਾਂ:-

" ਤੂੰ ਯਾਰ ਸਾਰਾ ਹੀ ਰੱਖ ਲਈ?" ਰਿੰਪੀ ਨੇ ਸ਼ਰਬਤੀ ਅੱਖਾਂ ਨਾਲ ਉਸ ਵੱਲ ਹੋਰ ਹੀ ਤਰ੍ਹਾਂ ਦੇਖਦਿਆਂ ਕਿਹਾ ਸੀ। ਫੇਰ ਉਹ ਰਿੰਪੀ ਕੇ ਅੰਲੂ ਵਿੱਚ ਨਹਾਉਣ ਲੱਗੇ ਸਨ। ਨਹਾਉਂਦੇ ਨਹਾਉਂਦੇ ਹੀ ਰਿੰਪੀ ਉਸ ਉੱਤੇ ਝੁਕ ਜਾਂਦਾ ਰਿਹਾ ਸੀ। ਪਾਲੀ ਨੂੰ ਪਤਾ ਨਹੀਂ ਲੱਗਦਾ ਸੀ ਕਿ ਉਹ ਕੀ ਸੀ ਜਿਹੜਾ ਉਸ ਨੂੰ ਰਿੰਪੀ ਅੱਗੇ ਡੁਲਾ ਜਾਂਦਾ ਸੀ। ਰਿੰਪੀ ਦੁਆਰਾ ਉਸਦੇ ਆਪਣੇ ਘਰੇ ਦੱਸ ਦੇਣ ਦੀ ਧਮਕੀ ਸੀ ਸ਼ਾਇਦ?[14]

ਇਸਤੋਂ ਇਲਾਵਾ ਅਸੀਂ ਨਾਵਲ ਵਿੱਚ ਵਿੱਦਿਅਕ ਅਦਾਰਿਆਂ ਨੂੰ ਦੇਖ ਸਕਦੇ ਹਾਂ , ਜੋ ਕਿ ਸਿੱਖਿਆ ਦੇ ਨਾਮ ਤੇ ਇੱਕ ਧੱਬਾ ਬਣਦੇ ਜਾਂ ਰਹੇ ਹਨ। ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਕਾਮ ਤ੍ਰਿਪਤੀ ਨੂੰ ਦੇਖਿਆ ਜਾਂ ਸਕਦਾ ਹੈ। ਕੁੱਝ ਲੜਕੀਆਂ ਤਾਂ ਅਜਿਹੀਆਂ ਹੁੰਦੀਆਂ ਹਨ ,ਜੋ ਕਿ ਬਹੁਤ ਇੰਨਟੈਲੀਜੈਂਟ ਹੁੰਦੀਆਂ ਹਨ, ਜੋ ਕਿ ਆਪਣਾ ਕੰਮ ਆਪ ਕਰ ਦੀਆਂ ਹਨ, ਤੇ ਕਿਸੇ ਨਿਰਭਰ ਨਹੀਂ ਨਹੀਂ ਹੁੰਦੀਆਂ। ਕੁੱਝ ਲੜਕੀਆ ਇਸ ਪ੍ਰਕਾਰ ਦੀਆਂ ਵੀ ਹੁੰਦੀਆਂ ਹਨ, ਜਿੰਨ੍ਹਾਂ ਨੂੰ ਆਉਂਦਾ ਕੁੱਝ ਵੀ ਨਹੀਂ ਹੁੰਦਾ ਤੇ ਉਹ ਆਪ ਕੁੱਝ ਨਾ ਕਰ ਕਿ ਦੂਜਿਆ ਤੋਂ ਕੰਮ ਕਰਾਉਂਣਾ ਚਾਹੁੰਦੀਆਂ ਹਨ ਤੇ ਇਸ ਤੋਂ ਇਲਾਵਾ ਕੁੱਝ ਅਜਿਹੀਆਂ ਹੁੰਦੀਆਂ ਹਨ ਜੋ ਕਿ ਆਪਣਾ ਕੰਮ ਕਰਾਉਣ

ਲਈ ਬਹੁਤ ਹੱਦ ਤੱਕ ਗਿਰ ਜਾਂਦੀਆਂ ਹਨ ਤੇ ਆਪਣੇ ਪ੍ਰੋਫੈਸਰਾਂ ਨਾਲ ਜਿਨਸੀ ਸੰਬੰਧ ਬਣਾ ਲੈ ਦੀਆਂ ਹਨ। ਜਿਸ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਸਾਡੇ ਵਿੱਚ ਕਦਰਾਂ ਕੀਮਤਾਂ ਕਿੰਨੀਆ ਜ਼ਿਆਦਾ ਘੱਟਦੀਆਂ ਜਾਂਦੀਆਂ ਹਨ, ਤੇ ਅਸੀਂ ਖੁਦ ਮਿਹਨਤ ਨਾ ਕਰਨ ਲਈ ਕਿੰਨ੍ਹਾਂ ਜ਼ਿਆਦਾ ਥੱਲ੍ਹੇ ਡਿੱਗ ਜਾਂਦੇ ਹਾਂ। ਅਜਿਹੀ ਹੀ ਸਥਿਤੀ ਨੂੰ ਅਸੀਂ ਨਾਵਲ ਵਿੱਚ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ:-

> " ਦੇਖ ਸੰਦੀਪ ਪੀ-ਐਚ.ਡੀ.ਕਰਨ ਵਾਲੀਆਂ ਕੁੜੀਆਂ ਦੇ ਆਪਣੇ ਗਾਈਡ ਨਾਲ ਸੰਬੰਧ ਚਾਰ ਕਿਸਮ ਦੇ ਹੁੰਦੇ ਨੇ। ਇੱਕ ਤਾਂ ਉਹ ਕੁੜੀਆਂ ਹੁੰਦੀਆਂ ਨੇ ਜੋ ਇੰਟੈਲੀਜੈਂਟ ਹੁੰਦੀਆਂ ਨੇ। ਤੇ ਆਪਣਾ ਥੀਸਿਸ ਖੁਦ ਲਿਖਦੀਆਂ ਨੇ, ਅਜਿਹੀਆਂ ਕੁੜੀਆਂ ਨੂੰ ਕੋਈ ਵੀ ਗਾਈਡ ਕੁਝ ਕਹਿਣ ਦੀ ਜ਼ੁਅਰਤ ਨਹੀਂ ਕਰ ਸਕਦਾ, ਦੂਜੀਆ ਉਹ ਹੁੰਦੀਆਂ ਹਨ ਜਿੰਨ੍ਹਾਂ ਨੂੰ ਆਉਂਦਾ ਜਾਂਦਾ ਕੁੱਝ ਨਹੀਂ, ਪਰ ਡਾਕਟਰ ਕਹਿਲਾਉਂਣਾ ਚਾਹੁੰਦੀਆਂ ਨੇ। ਤੀਜੀ ਤਰ੍ਹਾਂ ਦੇ ਸੰਬੰਧ ਉਹ ਹੁੰਦੇ ਹਨ ਜਿੰਨ੍ਹਾਂ ਵਿੱਚ ਗਾਈਡ ਤੇ ਰਿਸਰਚ ਸਕਾਲਰ ਦੋਵੇਂ ਇੱਕ ਦੂਜੇ ਵੱਲ ਪਿਆਰ ਦੀ ਪੱਧਰ ਤੇ ਆਕਰਸ਼ਿਤ ਹੋ ਜਾਂਦੇ ਹਨ। ਚੌਥੀ ਤਰ੍ਹਾਂ ਦੇ ਸੰਬੰਧ ਬਹੁਤ ਘੱਟ ਹੁੰਦੇ ਹਨ।[15]

ਅੱਜ ਦਾ ਮਨੁੱਖ ਆਪਣੇ ਅਧਿਕਾਰਾਂ ਨੂੰ ਪੂਰਨ ਮਾਨਣਾ ਚਾਹੁੰਦਾ ਹੈ। ਪ੍ਰੰਤੂ ਆਪਣੇ ਅਧਿਕਾਰਾਂ ਨੂੰ ਮਾਨਦਾ ਹੋਇਆ ਮਨੁੱਖ ਸਮਾਜ ਪ੍ਰਤੀ ਆਪਣੀਆਂ ਕਦਰਾਂ ਕੀਮਤਾਂ ਭੁੱਲਦਾ ਜਾਂ ਰਿਹਾ ਹੈ। ਅੱਜ ਸਿਰਫ਼ ਅਸੀਂ ਸਵੈ- ਸਵਾਰਥ ਦੀ ਪੂਰਤੀ ਚਾਹੁੰਦੇ ਹਾਂ, ਬਲਕਿ ਦੂਜਿਆ ਦੀ ਨਹੀਂ। ਅਸੀਂ ਨਾਵਲ ਵਿੱਚ ਵੀ ਅਜਿਹੀਆਂ ਕਦਰਾਂ ਕੀਮਤਾਂ ਨੂੰ ਹੇਠਾਂ ਗਿਰਦਾ ਦੇਖ ਸਕਦੇ ਹਾਂ। ਆਸ਼ੂ ਇੱਕ ਅਜਿਹੀ ਲੜਕੀ ਹੈ ਜੋ ਕਿ ਬਹੁਤ ਸਾਰਿਆ ਨਾਲ ਆਪਣੇ ਸੰਬੰਧ ਬਣਾਈ ਬੈਠੀ ਹੈ। ਲੋਕ ਉਸ ਬਾਰੇ ਅਲੱਗ-ਅਲੱਗ ਪ੍ਰਕਾਰ ਦੀਆਂ ਗੱਲਾਂ ਕਰਦੇ ਹਨ। ਜਿਸ ਨੂੰ ਕਿ ਅਸੀਂ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ:-

> "ਉਂਜ ਆਸ਼ੂ ਦੇ ਇੱਕ ਥਾਣੇਦਾਰ ਨਾਲ ਸੰਬੰਧਾਂ ਬਾਰੇ ਉਡਦੀਆਂ-ਉਡਦੀਆਂ ਗੱਲਾਂ, ਉਸਨੇ ਪਿੰਡ ਗਏ ਨੇ, ਸੁਣੀਆਂ ਸਨ। ਜਦੋਂ ਪਾਲੀ ਦੀ ਗ੍ਰਿਫ਼ਤਾਰੀ ਹੋਈ ਸੀ, ਪਤਾ ਲੱਗਦੀ ਸਾਰ ਹੀ ਆਸ਼ੂ ਥਾਣੇ ਜਾਂ ਵੱਜੀ ਸੀ। ਪਹਿਲਾਂ ਉਸਨੇ ਪਿੰਡ ਦੇ ਲੋਕਾਂ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਸੀ ਤਾਂ ਕਿ ਕੁਝ ਮੁਹਤਬਰ ਬੰਦੇ ਥਾਣੇ ਜਾਣ। "[16]

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਬਾਅਦ ਅਸੀਂ ਦੇਖ ਸਕਦੇ ਹਾਂ ਕਿ ਨਾਵਲ ਵਿੱਚ ਜਿਸਮ ਦੇ ਲੋਭ ਨੂੰ ਖੁੱਲ੍ਹ ਕਿ ਬਿਆਨ ਹੀ ਨਹੀਂ ਕੀਤਾ, ਬਲਕਿ ਯਥਾਰਥ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਅੱਜ ਦੇ ਸਮੇਂ ਵਿੱਚ ਮਨੁੱਖ ਨੂੰ ਨੈਤਿਕ ਚੁਣੌਤੀਆਂ ਦੇ ਸੰਦਰਭ ਵਿੱਚ ਵਿਆਪਕ ਨਜ਼ਰੀਏ ਦੇ ਪ੍ਰਚਾਰ- ਪ੍ਰਸਾਰ ਦੀ ਸਭ ਤੋਂ ਵੱਡੀ ਲੋੜ ਹੈ। ਸਾਡੀਆ ਨੈਤਿਕ ਕਦਰਾਂ-ਕੀਮਤਾਂ ਵਿੱਚ ਅਨੈਤਿਕ ਵਰਤਾਰਿਆਂ ਅਤੇ ਰਿਸ਼ਤਿਆਂ ਨਾਤਿਆਂ ਦਾ ਘਾਣ ਵੱਧਦਾ ਜਾਂ ਰਿਹਾ ਹੈ। ਅਸੀਂ ਪੱਛਮੀ ਜ਼ਿੰਦਗੀ ਨੂੰ ਅਪਣਾਉਣ ਦੀ ਥਾਂ ਪੂਰਬ ਦੀਆਂ ਅਮੀਰ ਸੱਭਿਅਕ ਕਦਰਾਂ-ਕੀਮਤਾਂ ਨੂੰ ਅਪਣਾ ਰਹੇ ਹਾਂ। ਨਾਵਲ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਅਸੀਂ ਆਪਣੀਆਂ ਕਦਰਾਂ-ਕੀਮਤਾਂ ਤੋਂ ਖੁਸਦੇ ਜਾਂ ਰਹੇ ਹਾਂ। ਹਰ ਵਰਗ ਵਿੱਚ ਅਸੀਂ ਜਿਨਸੀ ਸੰਬੰਧਾਂ ਨੂੰ ਅਪਣਾ ਰਹੇ ਹਾਂ। ਸਭ ਤੋਂ ਪਹਿਲਾ ਪਾਤਰ ਜੋ ਕਿ ਨਾਵਲ ਵਿੱਚ ਅਸੀਂ

ਦੇਖ ਸਕਦੇ ਹਾਂ ਉਹ ਕਰਨਬੀਰ ਜੋ ਕਿ ਸ਼ੁਰੂ ਤੋਂ ਹੀ ਕੁੜੀਆਂ ਵੱਲ੍ਹ ਰੁਚੀ ਰੱਖਦਾ ਹੈ, ਤੇ ਕੰਮ ਵੱਲ੍ਹ ਧਿਆਨ ਨਹੀਂ ਦਿੰਦਾ ਤੇ ਜਲਦੀ ਤੋਂ ਜਲਦੀ ਲੜਕੀਆਂ ਨਾਲ ਜਿਨਸੀ ਸੰਬੰਧ ਮਾਣਨਾ ਚਾਹੁੰਦਾ ਹੈ। ਉਸ ਲਈ ਪਿਆਰ ਸਿਰਫ਼ ਸਰੀਰਕ ਸੰਬੰਧਾਂ ਤੱਕ ਹੀ ਸੀਮਤ ਹੈ। ਜਿਸ ਕਾਰਨ ਕਿ ਅੰਤ ਵਿੱਚ ਸੱਤਾਂ ਉਸਤੋਂ ਸਭ ਕੁੱਝ ਖੋਹ ਲੈਂਦੀ ਹੈ, ਜਿਸ ਕਾਰਨ ਕਿ ਉਹ ਕਿਸੇ ਯੋਗਾਂ ਵੀ ਨਹੀਂ ਰਹਿੰਦਾ। ਕਰਨਬੀਰ ਸੱਤਾਂ ਦਾ ਸ਼ਿਕਾਰ ਹੋ ਕਿ ਮਾਨਸਿਕਤਾ ਤੋਂ ਟੁੱਟ ਜਾਂਦਾ ਹੈ, ਤੇ ਜਿਸ ਕਾਰਨ ਕਿ ਉਹ ਨਸ਼ਿਆਂ ਤੱਕ ਤੇ ਪਾਗਲਪੁਣੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸਤੋਂ ਇਲਾਵਾ ਨਾਵਲ ਵਿੱਚ ਦੂਜਾਂ ਪਾਤਰ ਜੋ ਕਿ ਪਾਲੀ ਹੈ, ਜੋ ਕਿ ਸਰੀਰਕ ਸੰਬੰਧਾਂ ਕਾਰਨ ਇਸਦਾ ਸ਼ਿਕਾਰ ਹੋਈਆਂ ਹੈ। ਇੱਥੋਂ ਤੱਕ ਕਿ ਅਸੀਂ ਰਿੰਪਾਂ ਜੋ ਕਿ ਪੁਲਿਸ ਵਿੱਚ ਜਿਨਸੀ ਸੰਬੰਧਾਂ ਨੂੰ ਮਾਣਨ ਲਈ ਦਾਖਲ ਹੋਇਆਂ ਹੈ, ਦੇਖ ਸਕਦੇ ਹਾਂ। ਪਾਲੀ ਜੋ ਕਿ ਜਿਨਸੀ ਸੰਬੰਧਾਂ ਦਾ ਸ਼ਿਕਾਰ ਹੋਣ ਕਾਰਨ ਦਹਿਸ਼ਤਗਰਦਾਂ ਨਾਲ ਰਲ ਜਾਂਦਾ ਹੈ। ਇਸ ਤਰ੍ਹਾਂ ਨਾਵਲ ਵਿੱਚ ਦੱਸਿਆਂ ਹੈ, ਕਿ ਕੁਦਰਤ ਦਾ ਰਸਤਾ ਕਿੰਨ੍ਹਾਂ ਵੀ ਰੁਚੀ ਵਾਲਾ ਕਿਉਂ ਨਾ ਹੋਵੇ, ਉਸ ਉੱਪਰ ਚੱਲਿਆ ਮਨੁੱਖ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਇਸ ਤਰ੍ਹਾਂ ਇੰਨ੍ਹਾਂ ਸਾਰੀਆ ਸਥਿਤੀਆਂ ਤੋਂ ਮਨੁੱਖ ਦੀ ਭਵਿੱਖ ਦੀ ਸਥਿਤੀ ਦਾ ਅੰਦਾਜ਼ਾ ਲਗਾਇਆਂ ਜਾਂ ਸਕਦਾ ਹੈ।

1. ਡਾ. ਰਾਜਵੰਤ ਕੌਰ, ਪਾਣੀ ਵਾਰ ਬੰਨੇ ਦੀਏ ਮਾਏ, ਪੰਨਾ-13,14

1. ਮਧੁਰਿਮਾਂ, ਸਮਾਜ-ਸ਼ਾਸਤਰ ਦਾ ਪਾਠਨ, ਪੰਨਾ-48

2. ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ, ਪੰਨਾ-3

3. ਉਹੀ ਪੰਨਾ-51

4. ਉਹੀ ਪੰਨਾ-43

5. ਉਹੀ ਪੰਨਾ-52

6. ਉਹੀ ਪੰਨਾ-62

7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-403

8. ਬਲਜਿੰਦਰ ਨਸਰਾਲੀ, ਵੀਹਵੀਂ ਸਦੀ ਦੀ ਆਖਰੀ ਕਥਾ, ਪੰਨਾ-69

9. ਉਹੀ ਪੰਨਾ-71

10. ਉਹੀ ਪੰਨਾ-85

11. ਉਹੀ ਪੰਨਾ-112

12. ਉਹੀ ਪੰਨਾ-136

13. ਉਹੀ ਪੰਨਾ-222

14. ਉਹੀ ਪੰਨਾ-243

15. ਉਹੀ ਪੰਨਾ-250

# ਸਾਰ

ਬਲਜਿੰਦਰ ਨਸਰਾਲੀ ਦਾ ਨਾਵਲ ਵੀਹਵੀਂ ਸਦੀ ਦੀ ਆਖਰੀ ਕਥਾ ਵਿੱਚ ਸੰਕਟ ਯਥਾਰਥ ਨੂੰ ਆਪਣੀ ਰਚਨਾ ਦਾ ਅਧਾਰ ਬਣਾਉਂਦਿਆ ਜਸਵੀਰ ਮੰਡ ਤੇ ਕਰਮਜੀਤ ਸਿੰਘ ਕੁੱਸਾ ਵਾਂਗ ਮੇਲ ਖਾਂਦੀ ਬਿਰਤਾਂਤ ਵਿਧੀ ਦੀ ਵਰਤੋਂ ਕੀਤੀ ਹੈ । ਬਲਜਿੰਦਰ ਨਸਰਾਲੀ ਨੇ ਨਾਵਲ ਵਿੱਚ ਸੰਕਟ ਦੇ ਕਾਰਨਾਂ ਨੂੰ ਦਿਖਾਉਂਣ ਦੀ ਵਜਾਂਏ ਦਹਿਸ਼ਤ ਅਤੇ ਵਹਿਸ਼ਤ ਵਿੱਚ ਫਸੇ ਲੋਕਾਂ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਨ ਦੀ ਕੋਸ਼ਿਸ ਕੀਤੀ ਹੈ। ਪੰਜਾਬ ਦੇ ਸੰਕਟ ਨਾਲ ਸੰਬੰਧਿਤ ਨਾਵਲ ਤੋਂ ਅਕਸਰ ਹੀ ਅਸੀਂ ਇਹ ਉਮੀਦ ਕਰਦੇ ਹਾਂ ਕਿ ਉਸ ਵਿੱਚ ਸੰਕਟ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਗਿਆ ਹੋਵੇ , ਪ੍ਰੰਤੂ ਬਲਜਿੰਦਰ ਨਸਰਾਲੀ ਦਾ ਨਾਵਲ 'ਵੀਹਵੀਂ ਸਦੀ ਦੀ ਆਖਰੀ ਕਥਾ' ਸੰਕਟ ਦੇ ਯਥਾਰਥ ਨੂੰ ਬਿਆਨ ਕਰਦਾ ਹੋਇਆ ਵੀ ਸੰਕਟ ਨੂੰ ਬਿਆਨ ਨਹੀਂ ਕਰਦਾ । ਜਿਸ ਕਾਰਨ ਕਿ ਬਲਜਿੰਦਰ ਨਸਰਾਲੀ ਬਾਕੀ ਨਾਵਲਾਂ ਤੋਂ ਵੱਖਰਾਂ ਰਸਤਾ ਹੀ ਅਖ਼ਤਿਆਰ ਕਰਦਾ ਹੈ। ਬਲਜਿੰਦਰ ਨਸਰਾਲੀ ਦੀ ਮੁੱਖ ਸਰੋਕਾਰ ਰਾਜਨੀਤੀ ਨੂੰ ਵਿੱਚੋਂ ਕੁੱਝ ਗ੍ਰਹਿਣ ਕਰਨਾ ਨਹੀਂ ਬਲਕਿ ਜੀਵਨ ਵਿੱਚੋਂ ਰਾਜਨੀਤੀ ਦੇ ਯਥਾਰਥ ਨੂੰ ਲੋਕਾਂ ਸਾਹਮਣੇ ਖੁੱਲ੍ਹ ਕਿ ਪੇਸ਼ ਕਰਨਾ ਹੈ। ਜਿਸ ਕਾਰਨ ਕਿ ਨਾਵਲ ਦੀ ਸ਼ੁਰੂਆਤ ਵੀ ਜੀਵਨ ਦੇ ਸਹਿਜ ਬਿਰਤਾਂਤ ਤੋਂ ਹੁੰਦੀ ਹੈ। ਨਾਵਲ ਦੀ ਸ਼ੁਰੂਆਤ ਤੋਂ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਕਿ ਕਰਨਬੀਰ ਜੋ ਕਿ ਕਬੂਤਰਬਾਜ਼ੀ ਦਾ ਸ਼ੌਕ ਰੱਖਦਾ ਹੈ, ਤੇ ਕੁੜੀਆਂ ਨਾਲ ਸੰਗ ਮਾਣਨ ਦੀ ਇੱਛਾ ਰੱਖਦਾ ਹੈ। ਸਾਨੂੰ ਪਤਾ ਵੀ ਨਹੀਂ ਸੀ ਕਿ ਅੰਤ ਵਿੱਚ ਉਸਦਾ ਜੀਵਨ ਵੀ ਕਬੂਤਰਾਂ ਵਾਂਗ ਉਜਾੜ ਭਰਿਆ ਹੋ ਜਾਂਵੇਗਾ। ਜਿਸ ਦੀ ਤਾੜਨਾ ਉਸ ਦਾ ਪਿਤਾ ਕਰਦਾ ਹੁੰਦਾ ਹੈ। ਨਾਵਲ ਵਿੱਚ ਸਾਰੇ ਸੰਕਟ ਇਕਦਮ ਨਹੀਂ ਬਲਕਿ ਹੌਲੀ- ਹੌਲੀ ਦਾਖ਼ਿਲ ਹੁੰਦੇ ਹਨ, ਤੇ ਹੌਲੀ-ਹੌਲੀ ਵੱਧਦੇ ਜਾਂਦੇ ਹਨ। ਨਾਵਲ ਵਿੱਚ ਇੱਕ ਸਥਿਤੀ ਅਜਿਹੀ ਆਉਂਦੀ ਹੈ, ਜਿੱਥੇ ਸਭ ਕੁੱਝ ਸਾਨੂੰ ਦਹਿਸ਼ਤ ਤੇ ਵਹਿਸ਼ਤ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਇੱਥੋਂ ਤੱਕ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਜਦੋਂ ਕਰਨਬੀਰ ਆਸ਼ੂ ਨੂੰ ਵੀ ਮਿਲਣ ਲਈ ਜਾਂਦਾ ਹੈ ਤਾਂ ਅੰਦਰ ਵੜਨ ਤੋਂ ਉਸਦਾ ਟਾਕਰਾ ਖਾੜਕੂਆਂ ਨਾਲ ਹੁੰਦਾ ਹੈ ਜਿਸ ਕਾਰਨ ਉਹ ਆਸ਼ੂ ਨਾਲ ਮਿਲਣ ਦੀ ਜਗਾ ਖਾੜਕੂਆ ਨਾਲ ਗੱਲਬਾਤ ਕਰਨ ਲੱਗ ਜਾਂਦਾ ਹੈ। ਸੰਕਟ ਦੀ ਸਥਿਤੀ ਵਿੱਚ ਅਲੱਗ ਜਿਹੇ ਵਾਕ ਵਾਕਾਂ ਤੋਂ ਸ਼ੁਰੂ ਹੋ ਕਿ ਬਿਰਤਾਂਤ ਵਿੱਚ ਇਸ ਹੱਦ ਤੱਕ ਭਾਰੂ ਹੋ ਜਾਂਦਾ ਹੈ ਕਿ ਹਰ ,ਘਟਨਾ, ਸਥਿਤੀ, ਬੋਲ ਚਾਲ ਇਸ ਕਦਰ ਤੱਕ ਭਾਰੂ ਹੋ ਜਾਂਦੀ ਹੈ ਕਿ ਸਾਨੂੰ ਹਰ ਪਾਤਰ ਤੇ ਇਸ ਦਾ ਪ੍ਰਭਾਵ ਪਿਆ ਨਜ਼ਰ ਆਉਂਦਾ ਹੈ । ਸਿਰਫ਼ ਇੰਨ੍ਹਾਂ ਹੀ ਨਹੀਂ ਸੰਕਟ ਦਾ ਪਰਛਾਵਾਂ ਨਾਵਲ ਵਿੱਚੋਂ ਹੌਲੀ-ਹੌਲੀ ਘੱਟ ਜਾਂਦਾ ਹੈ ਤੇ ਉਸਦੇ ਪਾਤਰਾਂ ਦੀ ਜ਼ਿੰਦਗੀ ਪਹਿਲਾ ਵਰਗੇ ਨਹੀਂ ਰਹਿੰਦੀ। ਬਲਜਿੰਦਰ ਨਸਰਾਲੀ ਦੇ ਨਾਵਲ ਵਿੱਚ ਪੇਸ਼ ਕੀਤੇ ਗਏ ਪਾਤਰ ਜੋ ਕਿ ਬਿਰਤਾਂਤ ਦੇ ਕੇਂਦਰ ਵਿੱਚੋਂ ਦੀ ਗੁਜ਼ਰ ਰਹੇ ਹਨ, ਉਹ ਤਾਂ ਸੰਕਟ ਦੇ ਕਰਤਾ ਵੀ ਨਹੀਂ ਹਨ । ਉਸਦੇ ਪਾਤਰ ਤਾਂ ਸਿਰਫ਼ ਸਮੁੱਚੀ ਸਥਿਤੀ ਨੂੰ ਜੋ ਕਿ ਨਾਵਲ ਵਿੱਚ ਜਿਉਂ ਦੀ ਤਿਉਂ ਹੈ ਉਸ ਨੂੰ ਭੋਗਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਅਜਿਹੀ ਸਥਿਤੀ ਸੰਕਟ ਦੇ ਸਮੇਂ ਦੀ ਮਨੁੱਖੀ ਸਥਿਤੀ ਨਾਲ ਮੇਲ ਖਾਂਦੀ ਹੈ। ਇਸਤੋਂ ਇਲਾਵਾ ਨਾਵਲ ਵਿੱਚ ਕਿਸੇ ਨਾਇਕ ਦੀ ਉਮੀਦ ਕਰਨੀ ਤੇ ਉਸਦੇ ਨਾ ਹੋਣ ਕਾਰਨ ਨਾਵਲ ਤੋਂ ਨਿਰਾਸ਼ ਹੋਣ ਦੀ ਜਗ੍ਹਾਂ ਸਾਨੂੰ ਪੰਜਾਬ ਸੰਕਟ ਤੋਂ ਜੋ ਛੁਟਕਾਰਾ ਮਿਲਿਆ ਹੈ। ਉਸ ਵਿੱਚ ਕਿਸੇ ਹੋਰ ਧਿਰ ਦੀ ਭੂਮਿਕਾ ਨਾ ਦੇ ਬਰਾਬਰ ਹੀ ਸੀ। ਰਾਜਸੀ ਸੱਤਾ ਕਾਰਨ ਪੰਜਾਬ ਦੀ ਅਜਿਹੀ ਸਥਿਤੀ ਪਿੱਛੇ ਕਾਰਜ਼ਸੀਲ ਕਿਸੇ ਵੀ ਮੁੱਦੇ ਨੂੰ ਹੱਲ ਕਰਨ ਦੀ ਜਗ੍ਹਾਂ , ਬਿੰਨ੍ਹਾਂ ਕਿਸੇ ਸ਼ਕਤੀ ਦੀ ਵਰਤੋਂ ਕੀਤੀ ਹੈ, ਉਸ ਨਾਲ ਅਮਨ ਤੇ ਕਾਨੂੰਨ ਨੂੰ ਬਹਾਲ ਕੀਤਾ ਹੈ। ਜਿਸ ਵਿੱਚੋਂ ਕਿ ਕਿਸੇ ਨਾਇਕ ਦਾ ਉਭਰ ਸਕਣਾ ਮੁਸ਼ਕਿਲ ਹੈ। ਜਿਸ ਕਾਰਨ ਕਿ ਨਾਵਲ ਦੇ ਪਾਤਰ ਕਿਸੇ

ਰਸਤੇ ਤੇ ਪਹੁੰਚਣ ਦੀ ਬਜਾਏ, ਨਾਇਕ ਨੂੰ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਨਾਵਲ ਵਿੱਚ ਨਵਦੀਪ ਨਾਮ ਦਾ ਪਾਤਰ ਹੈ ਜੋ ਕਿ ਕਿਸੇ ਲੰਬੇ ਕਾਰਜ ਵਿੱਚ ਪੈਂਦਾ ਹੀ ਨਹੀਂ । ਉਹ ਬਹੁਤ ਘੱਟ ਦਾਇਰੇ ਵਿੱਚੋਂ ਵਿਚਰਦਾ ਹੋਇਆ ਆਪਣੀ ਿਚਾਰਧਾਰਾ ਦਾ ਪ੍ਰਗਟਾਅ ਕਰਦਾ ਹੈ। ਨਵਦੀਪ ਨਾਵਲ ਵਿੱਚ ਇੱਕ ਪਾਸੇ ਤਾਂ ਖੱਬੇ ਪੱਖੀ ਸੋਚ ਦੀ ਪ੍ਰਤੀਨਿਧਤਾਂ ਕਰਦਾ ਹੈ, ਪ੍ਰੰਤੂ ਉਹ ਸਖ਼ਤੀ ਨਾਲ ਅਜੋਕੀਆਂ ਰਾਕਨੀਤਿਕ ਪਾਰਟੀਆਂ ਵਿੱਚੋਂ ਕਿਸੇ ਇੱਕ ਪਾਰਟੀ ਦਾ ਨਾ ਹੋ ਕਿ ਆਸ -ਪਾਸ ਚੱਲ੍ਹ ਰਹੇ ਆਤਮ ਸੰਵਾਦ ਦਾ ਵਾਹਕ ਹੈ। ਨਵਦੀਪ ਸਮੁੱਚੇ ਕੰਮ ਦਾ ਦ੍ਰਿਸ਼ਟਕ ਹੈ. ਜਿਸ ਕਾਰਨ ਕਿ ਉਹ ਅਜਿਹੀ ਦ੍ਰਿਸ਼ਟੀ ਨੂੰ ਲੈ ਕੇ ਉਹ ਪਿੰਡ ਆ ਜਾਂਦਾ ਹੈ । ਪਿੰਡ ਵਿੱਚ ਜਿੱਥੇ ਉਹ ਆਉਂਦਾ ਹੈ ਉਥੇ ਕਿਸਾਨ ਪਹਿਲਾ ਨਾਲੋਂ ਵੀ ਜ਼ਿਆਦਾ ਸੰਕਟ ਵਿੱਚ ਫਸੇ ਹੋਏ ਹਨ। ਉਸਦਾ ਵਾਪਸ ਆਉਂਣ ਦਾ ਕਾਰਨ ਸਿਰਫ਼ ਇੰਨ੍ਹਾਂ ਕੁ ਹੀ ਹੈ ਕਿ ਸਕੂ ਲ ਵਿੱਚ ਸੰਦੀਪ ਨਾਲ ਤਨਖ਼ਾਹ ਨੂੰ ਲੈ ਕੇ ਹੋ ਰਹੀ ਜੋ ਨਾਇਨਸਾਫ਼ੀ ਕਾਰਨ ਸਕੂਲ ਵਿੱਚੋਂ ਖੁਦ ਅਸਤੀਫ਼ਾ ਦੇ ਦਿੰਦਾ ਹੈ ਅਤੇ ਬਾਅਦ ਵਿੱਚ ਉਸਦੇ ਪਿਆਰ ਵਿੱਚ ਆ ਕੇ ਵਿਦੇਸ਼ ਜਾਣ ਦੀ ਜਗ੍ਹਾਂ ਆਪਣੀ ਜਨਮ ਭੂਮੀ ਤੇ ਰਹਿ ਕੇ ਸੰਘਰਸ਼ ਕਰਨ ਨੂੰ ਪਹਿਲ ਦਿੰਦਾ ਹੈ। ਨਵਦੀਪ ਹੀ ਇੱਕ ਅਜਿਹਾ ਪਾਤਰ ਹੈ ਜਿਸਤੋਂ ਸਾਰਿਆ ਨੂੰ ਬਹੁਤ ਸਾਰੀਆ ਉਮੀਦਾ ਹਨ।

ਇਸਤੋਂ ਇਲਾਵਾ ਨਾਵਲ ਦਾ ਦੂਜਾਂ ਪਾਤਰ ਕਰਨਬੀਰ ਹੈ, ਜੋ ਕੇ ਨਾਇਕਤਵ ਦੀ ਪਰੀਖਿਆ ਵਿੱਚੋਂ ਫੇਕ ਹੋਇਆ ਦਿਖਾਈ ਦਿੰਦਾ ਹੈ। ਕਰਨਬੀਰ ਸ਼ੁਰੂ ਤੋਂ ਹੀ ਪ੍ਰਕਿਤੀ ਦੇ ਇਰਦ-ਗਿਰਦ ਘੁੰਮਦਾ ਨਜ਼ਰ ਆਉਂਦਾ ਹੈ, ਤੇ ਪ੍ਰਕਿਰਤੀ ਦੇ ਕਹਿਣੇ ਵਿੱਚ ਲੱਗਦਾ ਹੈ। ਕਰਨਬੀਰ ਦੁਨਿਆਵੀ ਕੰਮਾਂ ਵਿੱਚ ਰੁਚੀ ਲੈਣ ਦੀ ਬਜਾਂਏ, ਕਬੂਤਰਬਾਜੀ ਵਿੱਚ ਦਿਲਚਸਪੀ ਰੱਖਦਾ ਹੈ। ਉਸਦਾ ਧਿਆਨ ਪੜ੍ਹਾਈ ਵੱਲ੍ਹ ਘੱਟ ਤੇ ਕੁੜੀਆਂ ਵੱਲ੍ਹ ਜ਼ਿਆਦਾ ਭਟਕਦਾ ਹੈ। ਉਹ ਜਲਦੀ ਹੀ ਕਿਸੇ ਕੁੜੀ ਨਾਲ ਜਿਨਸੀ ਸੰਬੰਧ ਬਣਾਉਣਾ ਚਾਹੁੰਦਾ ਹੈ। ਉਸ ਲਈ ਇਸ਼ਕ ਦਾ ਮਤਲਬ ਜਿਸਮਾਂ ਦੀ ਸਾਂਝ ਹੈ । ਕਰਨਬੀਰ ਜਿਸਮਾਂ ਦੇ ਪ੍ਰਾਕਿਰਤਕ ਲੋਭ ਵਿੱਚ ਘਿਰਿਆ ਹੋਇਆ ਹੈ । ਜਿਸ ਕਾਰਨ ਕਿ ਅਸੀਂ ਨਾਵਲ ਵਿੱਚ ਦੇਖ ਸਕਦੇ ਹਾਂ ਕਿ ਸੱਤਾ ਅੰਤ ਵਿੱਚ ਕਰਨਬੀਰ ਤੋਂ ਉਹ ਸਭ ਕੁੱਝ ਹੀ ਖੋਹ ਲੈਂਦੀ ਹੈ, ਜੋ ਉਸਦੀ ਹੋਂਦ ਦੀ ਪ੍ਰੀਭਾਸ਼ਾ ਹੈ। ਅੰਤ ਵਿੱਚ ਉਸ ਉੱਪਰ ਇੱਕ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਨਾਵਲ ਵਿੱਚ ਪੇਸ਼ ਜ਼ੁਲਮ ਦੀ ਅਜਿਹੀ ਬੇਦਰਦੀ ਹੋਰ ਕਿਤੇ ਨਹੀਂ ਦਿਖਾਈ ਜਾਂ ਸਕਦੀ। ਜਿਸ ਕਾਰਨ ਕੇ ਅਸੀਂ ਅੰਤ ਵਿੱਚ ਕਰਨਬੀਰ ਨੂੰ ਦੇਖ ਸਕਦੇ ਹਾਂ ਕਿ ਕਰਨਬੀਰ ਇੰਨ੍ਹਾਂ ਸਭ ਜੰਜਾਂਲਾ ਵਿੱਚੋਂ ਨਿਕਲਣ ਲਈ ਬੇਅੰਤ ਸਿੰਘ ਦੇ ਕਤਲ ਬਾਰੇ ਜਾਣ ਕਿ ਰੌਲਾਂ ਪਾਉਂਣਾ ਸ਼ੁਰੂ ਕਰ ਦਿੰਦਾ ਹੈ ਕਿ ਬੇਅੰਤ ਸਿੰਘ ਦਾ ਕਤਲ ਮੈਂ ਕੀਤਾ ਹੈ। ਕਰਨਬੀਰ ਅੰਤ ਵਿੱਚ ਆਪਣੀ ਮਾਨਸਿਕਤਾਂ ਨਾਲੋਂ ਟੁੱਟ ਜਾਂਦਾ ਹੈ, ਤੇ ਆਪਣੇ ਇਕਲੇਪਨ ਤੋਂ ਬਚਣ ਦੇ ਲਈ ਨਸ਼ਿਆਂ ਦਾ ਸਹਾਰਾ ਲੈਂਦਾ ਹੈ। ਪ੍ਰੰਤੂ ਇੱਥੇ ਇੱਕ ਪ੍ਰਸ਼ਨ ਚਿੰਨ੍ਹ ਵੀ ਲੱਗ ਜਾਂਦਾ ਹੇ ਕਿ ਇਸ ਤਰ੍ਹਾਂ ਦੀਆਂ ਹਿੰਸਾਤਮਕ ਸੰਭਾਵਨਾਵਾਂ ਅੱਗੇ ਵੀ ਦੇਖਣ ਨੂੰ ਮਿਲਣਗੀਆਂ ? ਅਜਿਹਾ ਕਿਹਾ ਜਾਂ ਸਕਦਾ ਹੈ ਕਿ ਅਜਿਹੇ ਪ੍ਰਕਿਤੀ ਵਿੱਚ ਵਾਪਸ ਪਰਤਨ ਦਾ ਖ਼ਤਰਾ ਵਧੇਰੇ ਹੈ।

ਇਸਤੋਂ ਨਾਵਲ ਦਾ ਇੱਕ ਹੋਰ ਮਹੱਤਵਪੂਰਨ ਪਾਤਰ ਅਸੀਂ ਪਾਲੀ ਨੂੰ ਦੇਖ ਸਕਦੇ ਹਾਂ ਜੋ ਕਿ ਕਾਮੁਕ ਸੰਬੰਧਾਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਬਾਅਦ ਵਿੱਚ ਦਹਿਸ਼ਤਗਰਦਾਂ ਵਿੱਚ ਜਾਂ ਕਿ ਰਲ ਜਾਂਦਾ ਹੈ। ਨਾਵਲ ਦੀ ਰੌਚਕ ਗੱਲ ਇਹ ਹੈ ਕਿ ਰਿੰਪਾ ਜੋ ਕਿ ਆਪਣੀ ਕਾਮੁਕ ਪੂਰਤੀ ਦੇ ਲਈ ਨਵਦੀਪ ਦਾ ਇਸਤੇਮਾਲ ਕਰਦਾ ਹੈ, ਤੇ ਬਾਅਦ ਵਿੱਚ ਕਾਮੁਕ ਸੰਬੰਧਾਂ ਦੀ ਪੂਰਤੀ ਦੇ ਲਈ ਹੀ ਪੁਲਿਸ ਵਿੱਚ ਭਰਤੀ ਹੋ ਜਾਂਦਾ ਹੈ । ਪਾਲੀ ਜੋ ਕਿ ਹੀਣਤਾ ਭਾਵ ਦਾ ਸ਼ਿਕਾਰ ਹੋ ਜਾਂਦਾ ਹੈ. ਉਹ ਆਪਣੀ ਮਾਨਸਿਕ ਸਥਿਤੀ ਤੋਂ ਉਭਰਨ ਲਈ ਦਹਿਸ਼ਤਗਰਦਾਂ ਦੀਆਂ ਪਾਰਟੀਆ ਵਿੱਚ ਸ਼ਾਮਲ ਤੇ ਉਸ ਨੂੰ ਇਸ ਹਾਲਤ ਤੱਕ ਪਹੁੰਚਾਉਣ ਲਈ ਜ਼ਿੰਮੇਵਾਰ ਰਿੰਪੇ ਨੇ ਪੁਲਿਸ ਵਿੱਚ

ਭਰਤੀ ਹੋਣ ਅਤੇ ਪਾਲੀ ਅੰਤ ਵਿੱਚ ਆਪਣਾ ਬਦਲਾ ਲੈਣ ਲਈ ਜਦੋਂ ਰਿੰਪੇ ਦਾ ਕਤਲ ਕਰ ਦਿੰਦਾ ਹੈ ਇਹ ਸਾਰੇ ਦਾ ਸਾਰਾ ਘਟਨਾਕ੍ਰਮ ਆਪਣੇ ਵਿੱਚ ਗੁੱਝੇ ਅਰਥ ਵੀ ਛਿਪਾਈ ਬੈਠਾ ਹੈ।

ਇਸ ਨਾਵਲ ਵਿੱਚ ਅਸੀਂ ਜਿਸਮ ਅਤੇ ਕਾਮੁਕ ਪ੍ਰਕਿਰਤੀ ਦੇ ਵਿਵਹਾਰ ਸਿਰਫ਼ ਯਥਾਰਥ ਦਾ ਸਿੱਧ ਪੱਧਰ ਵੇਰਵਾ ਹੀ ਨਹੀਂ ਰਹਿੰਦਾ, ਬਲਕਿ ਚਿਹਨਕੀ ਮਹੱਤਵ ਵੀ ਹਾਸਿਲ ਕਰ ਜਾਂਦਾ ਹੈ। ਨਾਵਲ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਜਿਸਮ ਨਾਲ ਸੰਬੰਧਿਤ ਬਿਰਤਾਂਤ ਦੇ ਵੇਰਵੇ ਵਾਕਾਤਮਕ ਪੱਧਰ ਉੱਤੇ ਨਹੀਂ ਸਗੋਂ ਕਿ ਚਿਹਨਾਤਮਕ ਧਰਾਤਲ ਉੱਤੇ ਅਰਥਵਾਨ ਹੋ ਜਾਂਦੇ ਹਨ।

ਇੱਥੇ ਜਿਸਮ ਇੱਕ ਜੁਗਤਬੰਦੀ ਦਾ ਹਿੱਸਾ ਬਣ ਜਾਂਦਾ ਹੈ। ਜੋ ਕਿ ਸਾਨੂੰ ਇਹ ਦਿਖਾਉਣ ਵਿੱਚ ਮਦਦ ਕਰਦਾ ਹੈ ਕਿ ਪ੍ਰਕਿਤੀ ਦਾ ਰਾਸਤਾ ਕਿੰਨ੍ਹਾਂ ਵੀ ਔਖਾਂ ਹੀ ਰੌਚਕ ਕਿਉਂ ਨਾ ਹੋਵੇ , ਉਸ ਉੱਤੇ ਤੁਰਿਆ ਮਨੁੱਖ ਕਦੇ ਵੀ ਸਫ਼ਲ ਨਹੀਂ ਹੋ ਸਕਦਾ। ਇਹ ਰਸਤਾ ਕਿਸੇ ਵੀ ਮੰਜ਼ਿਲ ਵੱਲ੍ਹ ਨਹੀਂ ਜਾਂਦਾ। ਇਹ ਗੱਲ ਸਿੱਧੇ ਤੌਰ ਤੇ ਕਰਨਬੀਰ ਤੇ ਪਾਲੀ ਦੀ ਹੋਂਦ ਅਤੇ ਉਨ੍ਹਾਂ ਨਾਲ ਵਾਪਰੀਆਂ ਘਟਨਾਵਾਂ ਤੋਂ ਹੀ ਜ਼ਾਹਰ ਹੁੰਦੀ ਹੈ। ਨਾਵਲ ਵਿੱਚ ਪਾਲੀ ਇੱਕ ਅਜਿਹਾ ਪਾਤਰ ਹੈ ਜੋ ਕਿ ਲੋਕਾਂ ਦਾ ਪ੍ਰਤੀਨਿਧ ਹੈ ਜੋ ਕੇ ਸੱਤਾਂ ਦਾ ਸ਼ਿਕਾਰ ਹੋ ਜਾਂਦਾ ਹੈ, ਤੇ ਇਸਤੋਂ ਇਲਾਵਾ ਅਸੀਂ ਦੂਸਰੇ ਪਾਸੇ ਕਰਨਬੀਰ ਵੀ ਅਜਿਹਾ ਪਾਤਰ ਹੈ ਜੋ ਕਿ ਸੱਤਾ ਦੇ ਘੇਰੇ ਵਿੱਚ ਆ ਜਾਂਦਾ ਹੈ। ਕਰਨਬੀਰ ਤੇ ਪਾਲੀ ਦੋਵੇ ਅਜਿਹੇ ਪਾਤਰ ਹਨ, ਜਿੰਨ੍ਹਾਂ ਨੂੰ ਕਦੇ ਵੀ ਵਰਗਲਾਇਆ ਜਾਂ ਸਕਦਾ ਹੈ। ਕਰਨਬੀਰ ਪੜ੍ਹਿਆਂ ਲਿਖਿਆਂ ਹੋਣ ਦੇ ਬਾਵਜੂਦ ਵੀ ਉਹ ਜਿਸਮ ਦੀਆਂ ਪ੍ਰਕਿਰਤਕ ਆਵਾਜ਼ਾਂ ਦੇ ਰਸਤੇ ਤੁਰ ਪੈਂਦਾ ਹੈ, ਜੋ ਕਿ ਨਸ਼ਿਆਂ, ਉਪਭੋਗਤਾਵਾਦ, ਹਿੰਸਾ, ਆਤਮ ਹੱਤਿਆ ਵੱਲ ਜਾਂਦਾ ਹੈ। ਜਿੱਥੇ ਚਿੰਤਨ ਤੇ ਜਸਮਾਨੀ ਵੇਗ ਬੇਮੁਹਾਰਾ ਕਿਸੇ ਮਨੁੱਖ ਨੂੰ ਲੈ ਕੇ ਜਾਂ ਸਕਦੇ ਹਨ, ਉਹ ਕਰਨਬੀਰ ਨੂੰ ਤੇ ਪਾਲੀ ਨੂੰ ਉੱਥੇ ਹੀ ਪਹੁੰਚਾਉਂਦੇ ਹਨ, ਤੇ ਉੱਥੇ ਹੀ ਪੰਜਾਬ ਦੀ ਹੇਠਲੀ ਤੇ ਮੱਧ ਵਰਗ ਦੀ ਕਿਸਾਨੀ ਪਹੁੰਚਦੀ ਹੈ।

ਖ਼ਾਲਿਸਤਾਨ ਤੇ ਦਹਿਸ਼ਤਗਰਦਾਂ ਦਾ ਸਮੁੱਚਾ ਵੇਰਵਾ ਜਿਸਮਾਂ ਉੱਤੇ ਹੀ ਕੇਂਦਰਿਤ ਹੈ। ਜਿਸ ਜਿੰਸਾ ਕਰਕੇ ਉਨ੍ਹਾਂ ਨੇ ਆਪਣੀ ਹੋਂਦ ਕਾਇਮ ਰੱਖੀ ਸੀ , ਉਸੇ ਹਿੰਸਾ ਕਾਰਨ ਰਾਜਨੀਤਕ ਸੱਤਾ ਨੇ ਉਨ੍ਹਾਂ ਦਾ ਵਜੂਦ ਹੀ ਮਿਟਾ ਦਿੱਤਾ ਸੀ। ਨਾਵਲ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਸਟੇਟ ਗੁਲਾਮੀ, ਅਨਿਆਂ, ਵਿਤਕਰੇ ਆਦਿ ਮਾਮਲਿਆਂ ਵੱਲ੍ਹ ਰੁਚਿਤ ਨਹੀਂ ਹੈ। ਜਿਸ ਕਾਰਨ ਕਿ ਦਹਿਸ਼ਤਗਰਦਾਂ ਨੇ ਵੀ ਆਮ ਜਨਤਾਂ ਨੂੰ ਆਪਣੇ ਜਾਂਲ ਵਿੱਚ ਨਹੀਂ ਸੀ ਫਸਾਇਆ, ਸਗੋਂ ਅੰਤ ਵਿੱਚ ਸਟੇਟ ਦੀ ਸ਼ਕਤੀ ਦਾ ਸ਼ਿਕਾਰ ਹੋ ਗਏ ਸਨ। ਨਾਵਲ ਵਿੱਚ ਖ਼ਾਲਿਸਤਾਨ ਤੇ ਦਹਿਸ਼ਤਗਰਦਾਂ ਅਤੇ ਜਿਸਮੀ ਸੰਬੰਧਾਂ ਵਾਲਾ ਇੱਕ ਅਜਿਹਾ ਪਾਠ ਹੈ ਜੋ ਕਿ ਸਾਰੇ ਪਿਛਲੇ ਇਤਿਹਾਸਕ ਸੰਕਟ ਦੇ ਪੂਰੇ ਵੱਡੇ ਘਟਨਾਕ੍ਰਮ ਤੋਂ ਸਿੱਖਣ ਵਾਲਾ ਹੈ।

ਨਾਵਲ ਦੀ ਸਭ ਤੋਂ ਵੱਡੀ ਵਿਸ਼ੇਸਤਾ ਇਹ ਹੈ ਕਿ ਇਹ ਪੰਜਾਬ ਦੇ ਸੰਕਟ ਨੂੰ ਕੋਈ ਬੀਤ ਚੁੱਕੀ ਚੀਜ਼ ਮੰਨ ਕੇ ਨਹੀਂ ਮੰਨਦਾ। ਇਹ ਨਾਵਲ ਸਮਕਾਲੀ ਸੰਕਟੀ ਦੌਰ ਨੂੰ ਉਸ ਦੀ ਨਿੰਰਤਰਤਾਂ ਵਿੱਚ ਹੀ ਗ੍ਰਹਿਣ ਕਰਨ ਦਾ ਹੱਲ ਦਿੰਦਾ ਹੈ। ਵੈਸੇ ਤਾਂ ਪੰਜਾਬ ਦੇ ਸੰਕਟ ਦਾ ਇੱਕ ਲੰਮੇ ਸਮੇਂ ਬਾਅਦ ਛਪਣਾ ਆਪਣੇ-ਆਪ ਸੰਕੇਤ ਦੇ ਜਾਂਦਾ ਹੈ। ਪ੍ਰੰਤੂ ਇਹ ਸਭ ਅੰਸ਼ ਸਾਨੂੰ ਨਾਵਲ ਵਿੱਚ ਵੀ ਪ੍ਰਾਪਤ ਹਨ। ਅਸੀਂ ਨਾਵਲ ਵਿੱਚ ਦੇਖ ਸਕਦੇ ਹਾਂ ਕਿ ਨਵਦੀਪ ਦਦੇ ਪਰਿਵਾਰ ਦੀ ਹਾਲਤ, ਯੂਨੀਵਰਸਿਟੀਆਂ ਵਿੱਚ ਮੁੜ ਵਿਦਿਆਰਥੀ ਲਹਿਰ ਦਾ ਸ਼ਾਮਲ ਹੋਣਾ, ਨਵਦੀਪ ਦੇ ਛੋਟੇ ਭਰ੍ਹਾਂ ਦਾ ਕਿਸਾਨ ਯੂਨੀਅਨ ਵਿੱਚ ਸ਼ਾਮਲ ਹੋਣਾ, ਤੇ ਨਵਦੀਪ ਦਾ ਵਿਦਿਆਰਥੀ ਲਹਿਰ ਵਿੱਚ ਦਿਲਚਸਪੀ ਲੈਣਾ ਆਦਿ ਇੰਨ੍ਹਾਂ ਸਾਰੀਆਂ ਗੱਲਾਂ ਤੋਂ ਇਸ ਤਰਾਂ ਲੱਗਦਾ ਹੈ, ਕਿ ਨਾਵਲਕਾਰ ਪੰਜਾਬ ਦੇ ਸੰਕਟ ਅਤੀਤ ਨੂੰ ਇੱਕ ਸਬਕ ਦੇ ਨੁਕਤੇ ਹਾਸਿਲ ਕਰਨ ਵਜੋਂ ਸਿਰਜਦਾ ਹੈ।

ਬਲਜਿੰਦਰ ਨਸਰਾਲੀ ਦੇ ਨਾਵਲ ਵਿੱਚ ਦਹਿਸ਼ਤ ਕਾਰਨ ਜੋ ਜ਼ਿੰਦਗੀ ਦਾ ਬਿਰਤਾਂਤ ਸਿਰਜਿਆਂ ਹੈ, ਉਸ ਵਿੱਚ ਕਿਸਾਨ ਦੀ ਜੀਵਨ ਗਤੀ ਨੂੰ ਕੇਂਦਰ ਦੇ ਵਿੱਚ ਰੱਖਿਆਂ ਗਿਆ ਹੈ। ਜੇਕਰ ਇਸ ਨਾਵਲ ਦਾ ਕੋਈ ਕੇਂਦਰ ਹੈ ਤਾਂ ਉਹ ਪੰਜਾਬ ਦੀ ਕਿਸਾਨੀ ਹੀ ਹੈ। ਇਸ ਨਾਵਲ ਦੇ ਪੂਰੇ ਬਿਰਤਾਂਤ ਵਿੱਚ ਪੰਜਾਬ ਦੇ ਕਿਸਾਨੀ ਜੀਵਨ ਛੋਟੇ ਵੱਡੇ ਕੰਮ ਇਸ ਤਰ੍ਹਾਂ ਉਭਰਦੇ ਹਨ , ਕਿ ਪੂਰੇ ਕਾਲ ਕ੍ਰਮ ਦਾ ਇਤਿਹਾਸ ਸਾਹਮਣੇ ਆ ਜਾਂਦਾ ਹੈ। ਜਿਸ ਤੋਂ ਅਸੀਂ ਉਸਦੇ ਸਮਕਾਲੀ ਪਿਛੋਕੜ ਨੂੰ ਵੀ ਦੇਖ ਸਕਦੇ ਹਾਂ। ਪੰਜਾਬ ਵਿੱਚ ਹਰੀ ਕ੍ਰਾਂਤੀ ਆਉਣ ਨਾਲ ਪਿਛਲੇ ਕੁੱਝ ਸਾਲਾਂ ਤੋਂ ਵਿਸਫ਼ੋਟਕ ਸਿੱਟੇ ਨਿਕਲ ਕੇ ਸਾਹਮਣੇ ਆਏ ਹਨ। ਜਿਸ ਨੂੰ ਕਿ ਅਸੀਂ ਨਾਵਲ ਵਿੱਚ ਨਵਦੀਪ ਦਾ ਪਰਿਵਾਰ ਜੋ ਕਿ ਇਸ ਕਾਰਨ ਸੰਕਟਾਂ ਵਿੱਚ ਘਿਰਿਆਂ ਹੋਇਆ ਹੈ, ਉਸ ਨੂੰ ਦੇਖ ਸਕਦੇ ਹਾਂ। ਇਸ ਤੋਂ ਪਤਾ ਚੱਲਦਾ ਹੈ ਕਿ ਸਾਂਝੀ ਖਰੀਦੀ ਹੋਈ ਚੀਜ਼ ਅੰਤ ਵਿੱਚ ਕਿਸੇ ਲਈ ਵੀ ਲਾਭਕਾਰੀ ਸਿੱਧ ਨਹੀਂ ਹੁੰਦੀ। ਪ੍ਰੰਤੂ ਨਵਦੀਪ ਘਰਦਿਆਂ ਦੀ ਮਾਣ ਮਰਿਆਦਾ ਕਾਰਨ ਉਹ ਇਹ ਟਰੈਕਟਰ ਕਿਸੇ ਹੋਰ ਨੂੰ ਵੇਚਣ ਦਾ ਫੈਸਲਾਂ ਕਰਨ ਨਹੀਂ ਦਿੰਦਾ। ਇਹ ਸਾਰੇ ਸੰਕਟ ਕਿਸਾਨ ਦੀ ਵਿਚਰ ਰਹੀ ਅਵਸਥਾ ਵੱਲ੍ਹ ਵੀ ਸੰਕੇਤ ਕਰ ਰਹੇ ਹਨ। ਅਜੋਕੇ ਸਮੇਂ ਵਿੱਚ ਤਕਨੋਲਜੀ ਦਾ ਵੱਧ ਰਿਹਾ ਪ੍ਰਭਾਵ ਲੋਕਾਂ ਉੱਤੇ ਸਵਾਰ ਹੋ ਕੇ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰ ਰਿਹਾ ਹੈ। ਇਸਤੋਂ ਨਾਲ ਦੀ ਨਾਲ ਇਹ ਸੁਨੇਹਾ ਵੀਂ ਮਿਲਦਾ ਹੈ ਕਿ ਸਾਂਝੀ ਚੀਜ਼ ਲੇਣ ਦੀ ਥਾਨ ਆਪਣੀ ਚੀਜ਼ ਜ਼ਿਆਦਾ ਸਕੂਨ ਦਿੰਦੀ ਹੈ। ਸਮਾਂ ਦੱਸ ਰਿਹਾ ਹੈ ਕਿ ਉਤਪਾਦਨ ਜੋ ਕੇ ਵੱਧ ਰਿਹਾ ਹੈ, ਉਹ ਖ਼ਤਰਨਾਕ ਨਤੀਜੇ ਵੀ ਸਿਰਜ ਸਕਦੀ ਹੈ।

ਨਾਵਲ ਵਿੱਚ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਲੋਕ ਇੱਕਠ ਦੀ ਭਾਵਨਾ ਤੋਂ ਮੂੰਹ ਮੋੜ ਰਹੇ ਹਨ, ਤੇ ਇੱਕ ਦੂਜੇ ਦੇ ਜੀਵਨ ਵਿੱਚ ਰੁਚੀ ਲੈਣਾ ਵੀ ਛੱਡ ਰਹੇ ਹਨ । ਪੂੰਜੀਵਾਦ ਸਮਾਜ ਹੋਣ ਕਾਰਨ ਪੰਜਾਬ ਵਿੱਚ ਤਣਾਉ ਤੇ ਟਕਰਾਅ ਦੀ ਸਥਿਤੀ ਨੂੰ ਪੇਸ਼ ਕਰ ਰਿਹਾ ਹੈ। ਜੋ ਕਿ ਮਨੁੱਖ ਨੂੰ ਆਪਣੇ - ਆਪ ਵਿੱਚ ਕੈਦ ਹੋਣ ਦਾ ਸੰਕੇਤ ਦੇ ਰਿਹਾ ਹੈ। ਭਾਵੇਂ ਇਸ ਦਾ ਪ੍ਰਭਾਵ ਸਾਨੂੰ ਸ਼ਹਿਰਾਂ ਵਿੱਚ ਵੱਧ ਦਿਖਾਈ ਦੇ ਰਿਹਾ ਹੈ, ਪ੍ਰੰਤੂ ਸਾਨੂੰ ਇਸਦੇ ਪ੍ਰਭਾਵ ਪਿੰਡਾਂ ਵਿੱਚ ਵੀ ਦਿਖਾਈ ਦਿੰਦੇ ਹਨ । ਇੱਕਠ ਦੀ ਭਾਵਨਾ ਘੱਟ ਗਈ ਹੈ ਤੇ ਵਿਅਕਤੀਵਾਦ ਤੇਜ਼ੀ ਨਾਲ ਕਾਰਜ਼ਸੀਲ ਹੈ। ਜੋ ਕੰਮ ਪਿੰਡ ਵਿੱਚ ਹੋ ਰਿਹਾ ਹੈ, ਉਸ ਵਿੱਚ ਵਿਅਕਤੀ ਵਾਦ ਦਾ ਪ੍ਰਭਾਵ ਭਾਵੇ ਹੀ ਨਾਂ-ਪੱਖੀ ਹੈ ਪਰ ਇੱਕ ਹੋਰ ਪੱਖ ਵਿੱਚ ਹਾਂ - ਪੱਖੀ ਵੀ ਦਿਖਾਈ ਦਿੰਦਾ ਹੈ। ਜ਼ਗੀਰਦਾਰ ਸਮੂਹ ਜੋ ਕੇ ਲੋਕਾਂ ਨੂੰ ਗੁਲਾਮ ਬਣਾਉਂਦਾ ਹੈ, ਅਤੇ ਦੂਜੇ ਪਾਸੇ ਲੋਕਾਂ ਵਿੱਚ ਜੋ ਸਾਹ ਘੁਟਵੀਂ ਦਿਲਚਸਪੀ ਲੈਣ ਦੀ ਰੁਚੀ ਹੁੰਦੀ ਹੈ, ਉਸਦੇ ਅੰਤਰਗਤ ਆਧੁਨਿਕ ਮਨੁੱਖ ਸੁਤੰਤਰ ਹੁੰਦਾ ਹੈ। ਅਜਿਹੀ ਸਥਿਤੀ ਨੂੰ ਅਸੀਂ ਨਾਵਲ ਵਿੱਚ ਜਰੀਜਨਾਂ ਦੇ ਮੁੰਡੇ ਨਾਲ ਪ੍ਰੱਤਖ ਵਿਰੋਧ ਹੋਇਆ ਦੇਖ ਸਕਦੇ ਹਾਂ।

ਨਾਵਲ ਵਿੱਚ ਉਪਭੋਗਤਾਨਾਦ ਕਾਰਨ ਜੋ ਸਮਾਜ ਵਿੱਚ ਅਤੇ ਜੀਵਨ ਵਿੱਚ ਜੋ ਇਸ ਕਾਰਨ ਪਰਿਵਰਤਨ ਆ ਰਹੇ ਹਨ , ਉਨ੍ਹਾਂ ਦੇ ਬਿੰਬ ਨੂੰ ਚਿਤਰਿਆਂ ਗਿਆ ਹੈ। ਅਸੀਂ ਨਾਵਲ ਵਿੱਚ ਕਰਨਬੀਰ ਨੂੰ ਦੇਖ ਸਕਦੇ ਹਾਂ, ਜੋ ਕੇ ਖ਼ਾਸ ਬ੍ਰਾਂਡ ਵਾਲੇ ਰੈਡੀਮੇਡ ਕੱਪੜੇ ਖ਼ਾਸ ਕੰਪਨੀ ਦੇ ਖਰੀਦਦਾ ਹੈ। ਇਸਤੋਂ ਇਲਾਵਾ ਅਸੀਂ ਦੇਖ ਸਕਦੇ ਹਾਂ ਕਿ ਲੋਕ ਉਸ ਜਗ੍ਹਾਂ ਆ ਕੇ ਖੜਦੇ ਹਨ, ਜਿੱਥੇ ਕਿ ਦਿਲ ਬਹਿਲਾਉਣ ਵਾਲੀ ਗਾਇਕਾਂ ਲੱਗੀ ਹੋਈ ਹੈ, ਅਤੇ ਲੋਕਾਂ ਦਾ ਮਨੋਰੰਜਨ ਕਰ ਰਹੀ ਹੈ। ਇਸਤੋਂ ਇਲਾਵਾਂ ਲੋਕਾਂ ਦਾ ਸ਼ਹਿਰਾਂ ਵਿੱਚ ਜਾਂ ਕਿ ਪੈਲਿਸਾਂ ਵਿੱਚ ਵਿਆਹ ਕਰਨਾ , ਕਾਰੀਗਰਾਂ ਦਾ ਜਲਦੀ ਧਨੀ ਹੋ ਜਾਂਣਾ , ਸ਼ਹਿਰਾਂ ਵਿੱਚ ਜਾਂ ਕੇ ਫ਼ਰਨੀਚਰ ਹਾਉਸ ਖੋਲਣੇ, ਅਤੇ ਫ਼ਿਲਮਾਂ ਵਿੱਚ ਜਾਂ ਕੇ ਅੈਕਟਰ ਬਣਨ ਦਾ ਸੁਪਨਾ ਇਸਤੋਂ ਇਲਾਵਾਂ ਹੋਰ ਵੀ ਬਹੁਤ ਸਾਰੇ ਅੰਸ਼ ਜੋ ਕਿ ਜ਼ਿੰਦਗੀ ਦੀ ਗਤੀ ਨੂੰ ਪੇਸ਼ ਕਰਦੇ ਹੋਏ ਨਾਵਲੀ ਦੁਨੀਆ ਨੂੰ ਜ਼ਿੰਦਗੀ ਪ੍ਰਦਾਨ ਕਰਦੇ ਹਨ। ਇਹ ਅਜਿਹੇ ਅੰਸ਼ ਹਨ ਜੋ ਕੇ ਅਜੋਕੇ ਸਮੇਂ ਵਿੱਚ ਨੌਜਵਾਨਾਂ ਦੀ ਜੀਵਨ ਸ਼ੈਲੀ ਨੂੰ ਦਰਸਾ ਰਹੇ ਹਨ।

ਇਸ ਤੋਂ ਇਲਾਵਾ ਵਿੱਦਿਅਕ ਖੇਤਰ ਵਿੱਚ ਜੋ ਪਰਿਵਰਤਨ ਆ ਰਿਹਾ ਹੈ, ਅਸੀਂ ਉਸ ਨੂੰ ਵੀ ਦੇਖ ਸਕਦੇ ਹਾਂ। ਕਾਲਜ ਵਿੱਚ ਵਧੀਆਂ ਭਵਿੱਖ ਬਣਾਉਣ ਦੇ ਚਾਹਵਾਨ ਵਿਦਿਆਰਥੀ ਟਿਊਸ਼ਨਾਂ ਦੀ ਫੀਸ ਨਾ ਤਾਰ ਸਕਣ ਕਾਰਨ ਜਾਂ ਫਿਰ ਮਜ਼ਦੂਰੀ ਕਰਕੇ ਘੱਟ ਵਿਕਣ ਵਾਲੀ ਸਿੱਖਿਆ ਹਾਸਲ ਕਰਨ ਤੋਂ ਸਿਵਾ ਉਸਤੋਂ ਹੋਰ ਕੋਈ ਚਾਰਾ ਵੀ ਨਹੀਂ ਹੈ। ਸਕੂਲਾਂ ਵਿੱਚ ਅਨਪੜ੍ਹ ਅਧਿਆਪਕ ਵਿਦਿਆਰਥੀ ਦੀ ਤਕਦੀਰ ਦਾ ਫ਼ੈਸਲਾਂ ਕਰਦੇ ਹਨ। ਇਹੋਂ ਜਿਹੀਆਂ ਸੰਸਥਾਵਾਂ ਕਾਰਨ ਕਾਬਿਲ ਨੌਜਵਾਨ ਪੀੜ੍ਹੀ ਰੁਜ਼ਗਾਰ ਤੋਂ ਵਾਂਝੀ ਰਹਿ ਜਾਂਦੀ ਹੈ। ਜਿਸ ਕਾਰਨ ਕਿ ਬੱਚੇ ਜੋ ਕਿ ਆਉਂਣ ਵਾਲਾ ਭਵਿੱਖ ਹਨ , ਉਹ ਵਧੀਆ ਅਧਿਆਪਕਾਂ ਤੋਂ ਸੱਖਣੇ ਰਹਿ ਜਾਂਦੇ ਹਨ। ਨਾਵਲ ਵਿੱਚ ਯੂਨੀਵਰਸਿਟੀਆਂ ਦੇ ਮਾਹੌਲ ਨੂੰ ਵੀ ਪੇਸ਼ ਕੀਤਾ ਗਿਆ ਦੇਖ ਸਕਦੇ ਹਾਂ। ਜੋ ਕੇ ਉਪਰੋਂ ਤਾਂ ਲੁਭਾਉਦਾਂ ਹੈ, ਪ੍ਰੰਤੂ ਅੰਦਰੋਂ ਭ੍ਰਿਸ਼ਟਾਚਾਰ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਪੰਜਾਬ ਦੇ ਸੰਕਟ ਦੌਰਾਨ ਯੂਨੀਵਰਸਿਟੀਆਨ ਵਿੱਚ ਜੋ ਸਥਿਤੀਆਂ , ਘਟਨਾਵਾਂ, ਅਧਿਆਪਕ ਜੋ ਕੇ ਆਪਣੇ ਕੰਨ ਪ੍ਰਤੀ ਕਿੰਨੇ ਬੰਜਰ ਹੋ ਗਏ ਸਨ ਉਸ ਨੂੰ ਅਸੀਂ ਦੇਖ ਸਕਦੇ ਹਾਂ। ਦਾਇਰਿਆਂ ਵਿੱਚ ਬੱਝੇ ਹੋਏ ਵਿਦਵਾਨ ਜੋ ਕੇ ਕੁੱਝ ਨਹੀਂ ਕਰ ਸਕਦੇ ਉਨ੍ਹਾਂ ਦੀ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ। ਜਿਸ ਤੋਂ ਸਾਨੂੰ ਸਾਫ਼ ਦਿਖਾਈ ਦਿੰਦਾ ਹੈ ਕਿ ਪੰਜਾਬ ਨੂੰ ਰੋਸ਼ਨੀ ਪ੍ਰਾਪਤ ਨਹੀਂ ਹੁੰਦੀ।

ਇਹ ਜੋ ਸਭ ਕੁੱਖ ਤੇਜ਼ੀ ਨਾਲ ਮਨੁੱਖ ਦੀ ਜ਼ਿੰਦਗੀ ਵਿੱਚ ਵੱਧ ਰਿਹਾ ਨਿਘਾਰ ਹੈ, ਇਹ ਮਨੁੱਖ ਦੀ ਸਥਿਤੀ ਦਾ ਬੋਧਕ ਹੈ। ਨਾਵਲਕਾਰ ਇਸ ਵਿੱਚ ਭਵਿੱਖ ਮੁਖੀ ਮਸਲੇ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਤੋਂ ਪਤਾ ਚੱਲਦਾ ਹੈ ਕਿ ਸ਼ਾਹਿਦ ਹੀ ਹੋਰ ਕੋਈ ਨਵੇਂ ਨਾਵਲ ਵਿੱਚ ਜੀਵਨ ਦੀ ਭਵਿੱਖ ਮੁਖੀ ਗੱਲ ਕਰ ਸਕੇ ਤੇ ਉਹ ਵੀ ਅਜਿਹਾ ਜਿਸ ਵਿੱਚ ਪਾਤਰ ਦੁਖਾਂਤਕ ਹੋਣੀ ਤੋਂ ਪਾਰ ਜਾਂਦੇ ਦਿਸਣ ਜਾਂ ਆਪਣਿਆਂ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ ਦਿਖਾਈ ਦੇਣ। ਬਲਜਿੰਦਰ ਨਸਰਾਲੀ ਦੇ ਨਾਵਲ ਦਾ ਮੁੱਖ ਸਰੋਕਾਰ ਪੰਜਾਬ ਦੇ ਸੰਕਟ ਦੀ ਵਿੱਚ ਜੀਵਨ ਦੀ ਸਥਿਤੀ ਨੂੰ ਪੇਸ਼ ਕਰਨਾ ਹੈ। ਇਸ ਨਾਵਲ ਦੀ ਪੇਸ਼ਕਾਰੀ ਦੀ ਯੁਕਤਬੰਦੀ ਵਿਆਪਕ ਪ੍ਰਤਿਮਾਨਕ-ਪ੍ਰਬੰਧ ਵੱਲ ਇਸ਼ਾਰਾ ਕਰਦੀ ਹੈ। ਇਸ ਨਾਵਲ ਵਿੱਚ ਜੋ ਜਿਸਮਾਂ ਵਿੱਚ ਕੈਦ ਪਾਤਰਾਂ ਦੀ ਹੋਣੀ ਤੋਂ ਤਾਂ ਇਹ ਹੀ ਪਤਾ ਚੱਲਦਾ ਹੈ ਕਿ ਬਲਜਿੰਦਰ ਨਸਰਾਲੀ ਉਨ੍ਹਾਂ ਦੇ ਵਿਵਹਾਰ ਨੂੰ ਮੰਨਣਯੋਗ ਨਹੀਂ ਮੰਨਦਾ। ਪੰਜਾਬ ਸੰਕਟ ਦੀ ਜੋ ਵਿਆਖਿਆ ਇਸ ਨਾਵਲ ਤੋਂ ਮਿਲਦੀ ਹੈ ਉਹ ਇਹ ਹੈ ਕਿ ਇਹ ਨਾਵਲ ਵਿੱਚ ਬਹੁਤ ਸਾਰੇ ਸੰਕਟ ਜਿਵੇਂ ਆਰਥਿਕ , ਸਮਾਜਿਕ, ਰਾਜਸੀ, ਕਾਮੁਕ , ਵਿਅਕਤੀਵਾਦ, ਹਥਿਆਰਾਂ, ਉਪਭੋਗਤਾਵਾਦ, ਜਿਸਮਾਂ ਦੇ ਘੇਰੇ ਵਿੱਚ ਫਸ ਜਾਣਾ , ਹਿੰਸਾ ਦਾ ਸ਼ਿਕਾਰ ਆਦਿ ਸਿੱਟਾ ਹੈ। ਚਿੰਤਨ, ਚੇਤਨਾ ਤੇ ਸਮੂਹਿਕ ਸਰਗਰਮੀ ਦੀ ਅਣਹੋਂਦ ਕਾਰਨ ਜਿਸ ਪ੍ਰਕਾਰ ਦਾ ਸਮਾਜ ਉਸਰਦਾ ਹੈ, ਅਸੀਂ ਉਸ ਵਿੱਚ ਰਹਿਣ ਦਾ ਸੰਤਾਪ ਭੋਗ ਰਹੇ ਹਾਂ। ਨਾਵਲ ਵਿੱਚ ਕਾਮੁਕਤਾ ਵਿਹਾਰ ਨੂੰ ਗਲਪ ਦੀ ਦੁਨੀਆ ਰਾਹੀ ਇਸ ਨੂੰ ਉਸਾਰੀ ਦਾ ਮਾਧਿਅਮ ਬਣਾਇਆ ਹੈ ਅਤੇ ਜੀਵਨ ਵਿੱਚ ਇਸ ਦਾ ਬਿੰਬ ਜੁਗਤਬੰਦੀ ਨਾਲ ਬਾਖੂਬੀ ਪੇਸ਼ ਗਿਆ ਹੈ। ਇਸਤੋਂ ਇਲਾਵਾ ਨਾਵਲ ਵਿੱਚ ਸਾਨੂੰ ਕੁਝ ਅੰਸ਼ ਅਜਿਹੇ ਵੀ ਪ੍ਰਾਪਤ ਹੁੰਦੇ ਹਨ, ਜੋ ਕਿ ਨਾਵਲ ਵਿੱਚ ਸ਼ੰਕੇ, ਸਵਾਲ ਅਤੇ ਉਲਝਣਾ ਪੈਦਾ ਕਰਦੇ ਹਨ। ਨਾਵਲ ਵਿੱਚ ਹਮਜਿਨਸੀ ਸੰਬੰਧਾਂ, ਕਾਮੁਕ ਵਿਹਾਰ ਦਾ ਵੱਧ ਵੇਰਵਾ, ਨਾਵਲ ਵਿੱਚ ਅੱਧ ਕਾਮ ਦ੍ਰਿਸ਼ਾਂ ਦਾ ਲਮਕਾਅ ਇਹ ਦੱਸਦਾ ਹੈ ਕੇ ਨਾਵਲਕਾਰ ਕਿਤੇ ਨਾ ਕਿਤੇ ਗੰਭੀਰ ਵਿਸ਼ਿਆਂ ਨਾਲੋਂ ਟੁੱਟ ਕੇ ਸਾਹਿਤਕ ਗਿਰਫ ਵਿੱਚ ਆ ਜਾਂਦਾ ਹੈ ਜੋ ਕਿ ਸਿੱਧਾ ਉਪਭੋਗਤਾ ਦੀ ਦੁਕਾਨ ਨਾਲ ਜੁੜਦਾ ਹੈ, ਤੇ ਜਿਸ ਨੂੰ ਸਰੋਤੇ ਸਿਰਫ ਸਵਾਦ ਲੈਣ

ਲਈ ਪੜਦੇ ਹਨ। ਇਸ ਤਰ੍ਹਾਂ ਇਸ ਪ੍ਰਕਾਰ ਦਾ ਉਪਭੋਗਤਾਮੁਖੀ ਗਲਪੀ ਸਿਰਜਣ ਸੰਖੇਪ ਹੋਣ ਦੇ ਬਾਵਜੂਦ ਵੀ ਭਵਿੱਖਮੁਖੀ ਤਰਕੀਬ ਨੂੰ ਵੀ ਧੁੰਦਲਾਂ ਕਰ ਦਿੰਦਾ ਹੈ।

# ਪੁਸਤਕ ਸੂਚੀ

1. ਸਿੰਘ ਪ੍ਰੋ. ਪਿਆਰਾ, ਪੰਜਾਬੀ ਗਲਪ(ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ), ਜਲੰਧਰ, ਨਿਊ ਬੁੱਕ ਕੰਪਨੀ, 1997

2. ਸਿੰਘ ਪ੍ਰੋ. ਪਿਆਰਾ, ਵਿਸ਼ਵੀਕਰਨ ਦਾ ਪ੍ਰਵਚਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 1999

3 ਸਿੰਘ ਡਾ. ਨਰਿੰਦਰਪਾਲ, ਸਮਕਾਲੀ ਪੰਜਾਬੀ ਮਾਨਵੀ ਸਰੋਕਾਰ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2002

4 ਸਿੰਘ ਸੁਖਵਿੰਦਰ, ਪੰਜਾਬੀ ਨਾਵਲ: ਰਿਸ਼ਤਿਆਂ ਦੀ ਪਰਿਭਾਸ਼ਾ, , ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2003

5. ਸਿੱਧੂ ਡਾ. ਪਰਮਜੀਤ ਕੌਰ, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2005

6. ਸਿੰਘ ਰਜ਼ਨੀਸ਼ ਬਹਾਦਰ, ਗਲਪ ਅਧਿਐਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2005

7. ਕੌਰ ਅਕਾਲ ਅਮ੍ਰਿਤ, ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 1998

8. ਕੌਰ ਪਰਮਜੀਤ, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆਂ, ਲੁਧਿਆਣਾ,ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2001

9. ਕੌਰ, ਭੁਪਿੰਦਰ, "ਪੰਜਾਬੀ ਨਾਵਲ ਉਥਾਨ ਤੇ ਪਛਾਣ ", ਅਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ 5, ਸਿਟੀ ਨਜ਼ਦੀਕ, ਗੁਰੂ ਭਵਨ, 2002

10. ਕਾਂਗ ਜਸਪਾਲ ਕੌਰ, ਕਾਂਗ ਅਮਰਜੀਤ ਸਿੰਘ, ਗਲਪ ਚੇਤਨਾ ਤੇ ਗਲਪ ਸ਼ਾਸਤਰ ਤੱਲ , ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ 5, ਸਿਟੀ ਸੈਂਟਰ, ਨਜ਼ਦੀਕ ਗੁਰੂ ਨਾਨਕ ਭਵਨ, 2005

11. ਕੌਰ ਸੁਖਵਿੰਦਰ, ਪੰਜਾਬੀ ਨਾਵਲ, ਰਿਸ਼ਤਿਆਂ ਦੀ ਪ੍ਰੀਭਾਸ਼ਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2005

12. ਕੌਰ ਸੁਖਵਿੰਦਰ, ਪੰਜਾਬੀ ਨਾਵਲ: ਉੱਥਾਨ ਤੇ ਪਛਾਣ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2005

13. ਕੌਰ ਡਾ. ਅਕਾਲ ਅੰਮ੍ਰਿਤ, ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2006

14. ਸਿੰਘ ਕ੍ਰਿਸ਼ਨ, ਗੁਰਦਿਆਲ ਸਿੰਘ ਦੀ ਨਾਵਲ ਚੇਤਨਾ, ਪਬਲੀਕੇਸ਼ਨ ਲੋਕਗੀਤ ਪ੍ਰਕਾਸ਼ਨ, 2007

15. ਗਿੱਲ ਸੁਰਜੀਤ, ਆਧੁਨਿਕ ਕਾਲ ਤੇ ਪੰਜਾਬੀ ਨਾਵਲ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2004

16. ਗਿੱਲ ਸੁਰਜੀਤ, ਆਧੁਨਿਕ ਕਾਲ ਤੇ ਪੰਜਾਬੀ ਨਾਵਲ, , ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2005

17. ਗਿੱਲ ਡਾ. ਸੁਰਜੀਤ, ਮਾਰਕਸਵਾਦ ਤੇ ਪੰਜਾਬੀ ਨਾਵਲ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2000

18. ਟੀਵਾਣਾ ਦਲੀਪ ਕੌਰ , ਕੌਰ ਧਨਵੰਤ ਗਲਪਕਾਰ ਪਟਿਆਲਾ , ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ , 1996

19. ਬਰਾੜ ਸੁਰਜੀਤ, ਪੰਜਾਬੀ ਨਾਵਲ ਸਮਾਜ-ਸ਼ਾਸਤਰੀ ਪਰਿਪੇਖ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2001

20. ਬਰਾੜ ਡਾ. ਸੁਰਜੀਤ, ਪੰਜਾਬੀ ਨਾਵਲ: ਸਮਾਜ-ਸ਼ਾਸਤਰੀ ਪਰਿਪੇਖ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2008

21. ਨੂਰ ਸਤਿੰਦਰ, ਪੰਜਾਬੀ ਗਲਪ ਚੇਤਨਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 1996

22. ਨੂਰ ਸੁਤਿੰਦਰ ਸਿੰਘ, ਪੰਜਾਬੀ ਗਲਪ ਚੇਤਨਾ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2007

23. ਵਿਨੋਦ ਡਾਂ. ਟੀ.ਆਰ., ਆਉ ਨਾਵਲ ਪੜੀਏ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2000

24. ਵਿਨੋਦ ਡਾ. ਟੀ, ਆਰ, ਆਉ ਨਾਵਲ ਪੜੀਏ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2002